ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 29 | 24 July 2019 to 30 July 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਭਾਰਤ ਨੂੰ ਖਾਲਿਸਤਾਨ ਦਾ ਡਰ ਸਤਾਉਣ ਲੱਗਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਨੇ ਪਾਕਿਸਤਾਨ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਹੈ ਕਿ ਪਾਕਿਸਤਾਨ ਵਿਚ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਲਗਾਤਾਰ ਭਾਰਤ ਵਿਰੋਧੀ ਪ੍ਰਚਾਰ ਤੇ ਖ਼ਾਲਿਸਤਾਨ ਏਜੰਡੇ ਲਈ ਭੜਕਾਇਆ ਜਾਂਦਾ ਹੈ ਅਤੇ ਭਾਰਤ ਦੇ ਤਿਰੰਗੇ ਨੂੰ ਸਾੜਿਆ ਜਾਂਦਾ ਹੈ। ਪਾਕਿਸਤਾਨ ਨੂੰ ਸੌਂਪੇ ਇਕ ਡੋਜ਼ੀਅਰ ਵਿਚ ਭਾਰਤ ਨੇ ਕਿਹਾ ਕਿ ਉੱਥੋਂ ਦੇ ਇਕ ਸੰਘੀ ਮੰਤਰੀ ਨੇ ਹਿਜ਼ਬੁਲ ਮੁਜਾਹਦੀਨ ਦੇ ਮਾਰੇ ਗਏ ਖਾੜਕੂ ਬੁਰਹਾਨ ਵਾਨੀ ਦੀ ਪ੍ਰਸੰਸਾ ਕੀਤੀ ਅਤੇ ਸਿੱਖ ਸ਼ਰਧਾਲੂਆਂ ਨੂੰ ਆਪਣੇ ਸੰਬੋਧਨ ਵਿਚ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਤੇ ਕਸ਼ਮੀਰੀਆਂ ਦੇ ਨਾਲ 'ਗੁਲਾਮਾਂ' ਦੀ ਤਰ੍ਹਾਂ ਵਿਵਹਾਰ ਕਰਦੀ ਹੈ। ਤਸਵੀਰਾਂ ਸਮੇਤ ਸੌਂਪੇ ਗਏ 23 ਸਫ਼ਿਆਂ ਦੇ ਡੋਜ਼ੀਅਰ ਵਿਚ ਕਿਹਾ ਗਿਆ ਹੈ ਕਿ ਧਾਰਮਿਕ ਸਥਾਨਾਂ 'ਤੇ ਜਾਣ ਵਾਲੇ ਸੰਨ 1974 ਦੇ ਦੁਵੱਲੇ ਪ੍ਰੋਟੋਕਾਲ ਦੇ ਤਹਿਤ ਭਾਰਤੀ ਸਿੱਖ ਜਥੇ ਸਾਲ ਵਿਚ 4 ਵਾਰ ਪਾਕਿ ਦੇ ਗੁਰਦੁਆਰਿਆਂ ਦੀ ਯਾਤਰਾ ਕਰਦੇ ਹਨ। ਦੁਵੱਲੇ ਸਮਝੌਤੇ ਦੇ ਉਦੇਸ਼ਾਂ ਦੇ ਉਲਟ ਤੇ ਯਾਤਰਾ ਦੀ ਭਾਵਨਾ ਦੇ ਖ਼ਿਲਾਫ਼ ਸਿੱਖ ਸ਼ਰਧਾਲੂਆਂ ਨੂੰ ਲਗਾਤਾਰ ਭਾਰਤ ਵਿਰੋਧੀ ਪ੍ਰਚਾਰ ਲਈ ਭੜਕਾਇਆ ਜਾਂਦਾ ਹੈ।

ਬਾਕੀ ਸਫ਼ਾ 29 'ਤੇ

# ਬੇਅਦਬੀ ਕੇਸ ਦੀ ਕਲੋਜ਼ਰ ਰਿਪੋਰਟ ਖ਼ਿਲਾਫ਼ ਸਿੱਖਾਂ 'ਚ ਰੋਹ

### ਭਾਜਪਾ ਨੇ ਸੌਦਾ ਸਾਧ ਦੀਆਂ ਵੋਟਾਂ ਲੈਣ ਲਈ ਸੀਬੀਆਈ ਤੋਂ ਬਦਲਵਾਇਆ ਪੈਂਤੜਾ

**ਚੰਡੀਗੜ੍ਹ/ਏਟੀ ਨਿਊਜ਼ :**
ਇਸ ਵੇਲੇ ਪੰਜਾਬ ਦੇ ਰਾਜਨੀਤਕ ਅਤੇ ਧਾਰਮਿਕ ਹਲਕਿਆਂ ਵਿਚ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਸੀ.ਬੀ.ਆਈ. ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ 3 ਮਾਮਲਿਆਂ ਦੀ ਕਲੋਜ਼ਰ ਰਿਪੋਰਟ ਅਦਾਲਤ ਵਿਚ ਪੇਸ਼ ਕੀਤੇ ਜਾਣ ਦਾ ਹੈ। ਰਾਜਨੀਤਕ ਹਲਕਿਆਂ ਵਿਚ ਸੀ.ਬੀ.ਆਈ. ਦੀ ਇਸ ਕਲੋਜ਼ਰ ਰਿਪੋਰਟ ਨੂੰ ਹਰਿਆਣਾ ਵਿਧਾਨ ਸਭਾ ਦੀਆਂ ਆ ਰਹੀਆਂ ਚੋਣਾਂ ਜੋ ਅਕਤੂਬਰ 2019 ਵਿਚ ਹੋਣੀਆਂ ਹਨ, ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਇਸ ਨੂੰ ਭਾਜਪਾ ਦੀ ਇਨ੍ਹਾਂ ਚੋਣਾਂ ਵਿਚ ਡੇਰਾ ਸਿਰਸਾ ਨਾਲ ਸਬੰਧਿਤ ਵੋਟਾਂ ਲੈਣ ਦੀ ਇਕ ਮੁਹਿੰਮ ਹੀ ਸਮਝਿਆ ਜਾ ਰਿਹਾ ਹੈ। ਅਸਲ ਵਿਚ ਹਰਿਆਣਾ ਦੀ ਭਾਜਪਾ ਸਰਕਾਰ ਦਾ ਡੇਰਾ ਮੁਖੀ ਪ੍ਰਤੀ ਰਵੱਈਆ ਪਹਿਲਾਂ ਤੋਂ ਹੀ ਦੋਸਤਾਨਾ ਹੈ। ਪਹਿਲਾਂ ਤਾਂ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੇ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਵਾਲੀ ਸਿੱਟ ਨੂੰ ਅਦਾਲਤੀ ਹੁਕਮ ਮਿਲਣ ਦੇ ਬਾਵਜੂਦ ਜੇਲ੍ਹ ਵਿਚ ਬੰਦ ਡੇਰਾ ਮੁਖੀ ਤੋਂ ਪੁੱਛਗਿੱਛ ਕਰਨ

ਬਾਕੀ ਸਫ਼ਾ 29 'ਤੇ



### ਰੋਸ ਮਾਰਚ ਕਰਦੀਆਂ ਸੰਗਤਾਂ 'ਤੇ ਪੁਲਿਸ ਲਾਠੀਚਾਰਜ

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਮਾਮਲਿਆਂ ਬਾਰੇ ਪਿਛਲੇ ਦਿਨੀਂ ਸੀਬੀਆਈ ਵੱਲੋਂ ਮੁਹਾਲੀ ਸਥਿਤ ਵਿਸ਼ੇਸ਼ ਅਦਾਲਤ ਵਿੱਚ ਦਾਇਰ ਕੀਤੀ ਗਈ ਕਲੋਜ਼ਰ ਰਿਪੋਰਟ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਸਿੱਖ ਸੰਗਤਾਂ 'ਤੇ ਚੰਡੀਗੜ੍ਹ ਦੀ ਹੱਦ 'ਤੇ ਪੁਲੀਸ ਨੇ ਲਾਠੀਚਾਰਜ ਕੀਤਾ। ਜਾਣਕਾਰੀ ਅਨੁਸਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਅਤੇ ਹੋਰਨਾਂ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਇੱਥੇ ਗੁਰਦੁਆਰਾ ਅੰਬ ਸਾਹਿਬ ਫੇਜ਼-8 ਵਿੱਚ ਇਕੱਠੇ ਹੋਏ। ਇਸ ਉਪਰੰਤ ਪੰਜ ਮੈਂਬਰੀ ਕਮੇਟੀ ਦੇ

ਬਾਕੀ ਸਫ਼ਾ 29 'ਤੇ

## ਕਲੋਜ਼ਰ ਰਿਪੋਰਟ ਦਾ ਪੁਲੀਸ ਜਾਂਚ 'ਤੇ ਕੋਈ ਅਸਰ ਨਹੀਂ ਪਵੇਗਾ : ਕੁੰਵਰ ਵਿਜੈ

**ਚੰਡੀਗੜ੍ਹ :** ਪੰਜਾਬ ਵਿੱਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸੀਬੀਆਈ ਵੱਲੋਂ ਕਰੀਬ ਸਾਢੇ ਤਿੰਨ ਸਾਲ ਵੱਖ ਵੱਖ ਪਹਿਲੂਆਂ 'ਤੇ ਜਾਂਚ ਪੜਤਾਲ ਕਰਨ ਤੋਂ ਬਾਅਦ ਪਿਛਲੇ ਦਿਨੀਂ ਅਚਾਨਕ ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵਿੱਚ ਕੇਸ ਖ਼ਤਮ ਕਰਨ ਲਈ ਦਾਇਰ ਕੀਤੀ ਕਲੋਜ਼ਰ ਰਿਪੋਰਟ ਦਾ ਪੰਜਾਬ ਪੁਲੀਸ ਦੀ ਜਾਂਚ 'ਤੇ ਕੋਈ ਅਸਰ ਨਹੀਂ ਪਵੇਗਾ। ਇਹ ਗੱਲ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਸੀਨੀਅਰ ਮੈਂਬਰ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਹੀ। ਉਨ੍ਹਾਂ ਦੱਸਿਆ ਕਿ ਬੀਤੀ 27 ਮਈ ਨੂੰ ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ 'ਸਿਟ' ਵੱਲੋਂ ਫਰੀਦਕੋਟ ਅਦਾਲਤ ਵਿੱਚ ਮੁਲਜ਼ਮਾਂ ਖ਼ਿਲਾਫ਼ ਮੁੱਖ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ ਅਤੇ ਇਸ ਅਹਿਮ ਦਸਤਾਵੇਜ਼ ਵਿੱਚ ਘਟਨਾਕ੍ਰਮ ਸਬੰਧੀ ਸਾਰੀ ਲੋੜੀਂਦੀ ਜਾਣਕਾਰੀ ਉਪਲਬਧ ਹੈ।

ਬਾਕੀ ਸਫ਼ਾ 29 'ਤੇ

### ਨਕੋਦਰ ਗੋਲੀਬਾਰੀ ਕੇਸ 'ਚ ਨਵਾਂ ਮੋੜ

## ਅਦਾਲਤ ਵੱਲੋਂ ਦਰਬਾਰਾ ਸਿੰਘ ਗੁਰੂ, ਮੁਹੰਮਦ ਇਜ਼ਹਾਰ ਆਲਮ ਅਤੇ ਅਸ਼ਵਨੀ ਕੁਮਾਰ ਸ਼ਰਮਾ ਨੂੰ ਨੋਟਿਸ ਜਾਰੀ

**ਚੰਡੀਗੜ੍ਹ/ਏਟੀ ਨਿਊਜ਼ :** ਨਕੋਦਰ 'ਚ ਸਾਲ 1986 ਵਿਚ ਪੁਲਿਸ ਗੋਲੀ ਕਾਂਡ ਵਿਚ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਕ ਵਾਰ ਫਿਰ ਅਕਾਲੀ ਦਲ ਨੂੰ ਮੁਸ਼ਕਲਾਂ 'ਚ ਪਾ ਦਿੱਤਾ ਹੈ। ਹਾਈਕੋਰਟ



ਨੇ ਇਸ ਮਾਮਲੇ 'ਚ ਪੰਜਾਬ ਸਰਕਾਰ ਦੇ ਨਾਲ ਤਤਕਾਲੀ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਮੌਜੂਦਾ ਅਕਾਲੀ ਆਗੂ ਨੂੰ ਨੋਟਿਸ ਜਾਰੀ ਕਰ ਜਵਾਬ ਤਲਬ ਕੀਤਾ ਹੈ। ਵਕੀਲ ਐਚਸੀ ਅਰੋੜਾ ਨੇ ਦੱਸਿਆ ਕਿ ਉਨ੍ਹਾਂ ਮ੍ਰਿਤਕ ਨੌਜਵਾਨਾਂ ਵਿੱਚੋਂ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਵਲੋਂ ਅਦਾਲਤ ਵਿਚ ਪਟੀਸ਼ਨ ਪਾਈ ਗਈ ਸੀ। ਇਸ ਦੀ ਸੁਣਵਾਈ ਦੌਰਾਨ ਹੁਣ ਅਦਾਲਤ ਨੇ ਦਰਬਾਰਾ ਸਿੰਘ ਗੁਰੂ, ਮੁਹੰਮਦ ਇਜ਼ਹਾਰ ਆਲਮ ਅਤੇ ਅਸ਼ਵਨੀ ਕੁਮਾਰ ਸ਼ਰਮਾ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਸਾਰੀਆਂ ਧਿਰਾਂ ਨੇ ਮਾਮਲੇ ਦੀ ਅਗਲੀ ਤਰੀਕ 4 ਅਗਸਤ ਤਕ ਆਪਣੀ ਸਫ਼ਾਈ ਪੇਸ਼ ਕਰਨੀ ਹੈ। ਵਕੀਲ ਅਨੁਸਾਰ ਉਸ ਵੇਲੇ ਜ਼ਿਲ੍ਹਾ ਮੈਜਿਸਟ੍ਰੇਟ ਦਰਬਾਰਾ ਸਿੰਘ ਗੁਰੂ ਸਨ ਜਦਕਿ ਐਸਐਸਪੀ ਮੁਹੰਮਦ ਇਜ਼ਹਾਰ ਆਲਮ ਅਤੇ ਐਸਪੀ (ਅਪਰੇਸ਼ਨ) ਅਸ਼ਵਨੀ ਕਮਾਰ ਸ਼ਰਮਾ

ਬਾਕੀ ਸਫ਼ਾ 29 'ਤੇ

# ਕਸ਼ਮੀਰ ਮਸਲਾ ਸੁਲਝਣ ਵਾਲਾ ਹੈ : ਰਾਜਨਾਥ ਦਾ ਦਾਅਵਾ

### ਟਰੰਪ ਵਲੋਂ ਕਸ਼ਮੀਰ ਮੁੱਦੇ 'ਤੇ ਵਿਚੋਲਗੀ ਦੀ ਪੇਸ਼ਕਸ਼

**ਸਾਂਬਾ/ਏਟੀ ਨਿਊਜ਼ :** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਕਸ਼ਮੀਰ ਮਸਲਾ ਸੁਲਝਣ ਵਾਲਾ ਹੈ। ਉਨ੍ਹਾਂ ਨੇ ਹੁਰੀਅਤ ਤੇ ਪਾਕਿਸਤਾਨ ਦਾ ਨਾਂ ਲਏ ਬਿਨਾ ਕਿਹਾ ਕਿ ਕੋਈ ਗੱਲਬਾਤ ਕਰੇ ਜਾਂ ਨਾ, ਕਸ਼ਮੀਰ ਮਸਲਾ ਹੱਲ ਹੋਵੇਗਾ। ਰਾਜਨਾਥ ਸਿੰਘ ਨੇ ਕਿਹਾ ਕਿ ਜਦੋਂ ਮੈਂ ਗ੍ਰਹਿ ਮੰਤਰੀ ਸਾਂ ਤਾਂ ਮੈਂ ਕਸ਼ਮੀਰ ਮਸਲੇ ਦੇ ਹੱਲ ਲਈ ਸਾਰੀਆਂ ਸਬੰਧਿਤ ਧਿਰਾਂ ਨਾਲ ਗੱਲਬਾਤ ਦੀ ਪ੍ਰਕਿਰਿਆ ਬਹਾਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਮੈਂ ਸਥਾਨਕ ਪਾਰਟੀਆਂ ਤੇ ਆਗੂਆਂ ਨੂੰ ਵੀ ਕਿਹਾ ਕਿ ਉਹ ਇਸ ਵਿਚ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੂੰ ਵੀ ਗੱਲਬਾਤ ਦਾ ਮਾਹੌਲ ਬਣਾਉਣ ਦੀ ਅਪੀਲ ਕੀਤੀ ਗਈ ਸੀ। ਇਸ ਤੋਂ ਇਲਾਵਾ ਸਾਡੇ ਤਿੰਨ ਸੀਨੀਅਰ ਕੇਂਦਰੀ ਮੰਤਰੀ ਵੀ ਕਸ਼ਮੀਰ ਵਿਚ ਸਮੱਸਿਆ ਦੇ ਹੱਲ ਲਈ ਉੱਥੋਂ ਦੇ ਆਗੂਆਂ ਨਾਲ ਗੱਲਬਾਤ ਕਰਨ ਲਈ ਗਏ ਸਨ ਪਰ ਕਿਸੇ ਨੇ ਸਾਡੀ ਗੱਲ 'ਤੇ ਗ਼ੌਰ ਨਹੀਂ ਕੀਤਾ। ਉਨ੍ਹਾਂ ਨੇ ਕਸ਼ਮੀਰ ਵਿਚ ਦੇਸ਼ ਵਿਰੋਧੀ ਤਾਕਤਾਂ ਨੂੰ ਸਮੱਰਥਨ ਦੇਣ ਵਾਲੇ ਕਥਿਤ ਆਗੂਆਂ ਨੂੰ ਵੀ ਕਿਹਾ ਕਿ ਉਹ ਗੱਲਬਾਤ ਲਈ ਅੱਗੇ ਆਉਣ। ਜੇ ਉਹ ਚਾਹੁੰਦੇ ਹਨ ਕਿ ਮਸਲਾ ਹੱਲ ਹੋ ਜਾਵੇ ਤਾਂ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਇਕ ਵਾਰ ਮਸਲੇ ਨੂੰ ਚੰਗੀ ਤਰ੍ਹਾਂ ਸਮਝਣ ਤਾਂ ਜੋ ਉਨ੍ਹਾਂ ਦੀ ਸਮੱਸਿਆ ਹੱਲ ਹੋ ਸਕੇ, ਪਰ ਜੇ ਉਹ ਪਾਕਿ ਦੀ ਆਜ਼ਾਦੀ ਦੀ ਗੱਲ ਕਰਦੇ ਹਨ ਤਾਂ ਇਹ ਆਜ਼ਾਦੀ ਕਿਸੇ ਨੂੰ ਕਬੂਲ ਨਹੀਂ ਹੋਵੇਗੀ।



ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਸ਼ਮੀਰ ਮੁੱਦੇ 'ਤੇ ਭਾਰਤ ਅਤੇ ਪਾਕਿਸਤਾਨ ਵਿਚ ਵਿਚੋਲਗੀ ਦੀ ਪੇਸ਼ਕਸ਼ ਕੀਤੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵ੍ਹਾਈਟ ਹਾਊਸ ਵਿੱਚ ਟਰੰਪ ਨਾਲ ਮੁਲਕਾਤ ਕੀਤੀ। ਟਰੰਪ ਨੇ ਕਿਹਾ ਕਿ ਜੇਕਰ ਦੋਵੇਂ ਮੁਲਕ ਕਹਿਣਗੇ ਤਾਂ ਉਹ ਮਦਦ ਲਈ ਤਿਆਰ ਹਨ।

ਖਾਨ ਨੇ ਟਰੰਪ ਦੀਆਂ ਟਿੱਪਣੀਆਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਜੇਕਰ ਅਮਰੀਕਾ ਮੰਨੇ ਤਾਂ ਕਰੋੜਾਂ ਲੋਕਾਂ ਦੀਆਂ ਦੁਆਵਾਂ ਉਨ੍ਹਾਂ ਦੇ ਨਾਲ ਹਨ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਨਰਿੰਦਰ ਮੋਦੀ ਨੇ ਉਨ੍ਹਾਂ ਦੀ ਪਿਛਲੇ ਮਹੀਨੇ ਜਾਪਾਨ ਦੇ ਓਸਾਕਾ ਵਿੱਚ ਮੁਲਾਕਾਤ ਦੌਰਾਨ ਇਹ ਮੁੱਦਾ ਚੁੱਕਦਿਆਂ ਕਸ਼ਮੀਰ ਬਾਰੇ ਵਿਚੋਲਗੀ ਕਰਨ ਲਈ ਕਿਹਾ ਸੀ।

ਬਾਕੀ ਸਫ਼ਾ 29 'ਤੇ















# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਤੋ ਅਤੇ ਕਾਂਟਰਾ ਕੋਸਟਾ ਕਾਊਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।



ਡਾ. ਤਰਲੋਚਨ ਸਿੰਘ ਨਾਹਲ · ਬਲਬੀਰ ਸਿੰਘ ਢਿੱਲੋਂ · ਜਸਪਾਲ ਸੈਣੀ · ਭੁਪਿੰਦਰ ਸਿੰਘ ਚੀਮਾ · ਬਲਵਿੰਦਰ ਸਿੰਘ ਲੰਗੜੋਆ · ਹਰਪ੍ਰੀਤ ਸਿੰਘ · ਹਰਪ੍ਰੀਤ ਸਿੰਘ ਗਿੱਲ · ਓਂਕਾਰ ਸਿੰਘ ਨਾਹਲ · ਭਾਈ ਗੁਰਮੇਲ ਸਿੰਘ ਖਾਲਸ · ਨੀਟੂ ਸਿੰਘ ਕਾਹਲੋਂ · ਹਰਬਖਸ਼ ਸਿੰਘ ਰਾਉਕੇ



ਸਰਬਜੋਤ ਸਿੰਘ ਸਵੱਦੀ · ਉਪਜਿੰਦਰ ਸਿੰਘ · ਪ੍ਰੀਤ ਸਿੰਘ ਰੰਧਾਵਾ · ਜਗਜੀਤ ਸਿੰਘ ਮੰਡ · ਬਲਕਾਰ ਸਿੰਘ · ਵਿਕਰਮ ਸਿੰਘ · ਕਸ਼ਮੀਰ ਸਿੰਘ ਸੀਵੀਆ · ਸੁਖਵਿੰਦਰ ਸਿੰਘ ਮਾਨ · ਇੰਦਰਜੀਤ ਸਿੰਘ ਬਿਦ · ਜਰਨੈਲ ਸਿੰਘ ਰਾਜਾ · ਮਨਪ੍ਰੀਤ ਸਿੰਘ ਬਦੇਸ਼ਾ



ਸੁਰਿੰਦਰ ਸਿੰਘ ਮਾਹਲ · ਹਰਦੁੱਮਣ ਸਿੰਘ ਬਿੱਲਾ ਸੰਘੇੜਾ · ਸੁਖਵਿੰਦਰ ਸਿੰਘ ਗਰੇਵਾਲ · ਇਕਬਾਲ ਸਿੰਘ ਮਾਨ · ਮਹਿੰਦਰ ਸਿੰਘ ਮਾਨ · ਤਰਸੇਮ ਸਿੰਘ ਅਟਵਾਲ · ਪ੍ਰਿਤਪਾਲ ਸਿੰਘ ਗਿਰਨ · ਬੱਗਾ ਸਿੰਘ ਰੰਧਾਵਾ · ਅਵਤਾਰ ਸਿੰਘ ਖੇਲਾ · ਜਗਜੀਤ ਸਿੰਘ ਕੰਗ · ਗੁਰਿੰਦਰ ਸਿੰਘ ਢਿੱਲੋਂ



ਜੋਗਿੰਦਰ ਸਿੰਘ ਮਾਨ · ਰਣਜੀਤ ਸਿੰਘ ਅਖਾੜਾ · ਜਸਵੰਤ ਸਿੰਘ ਹੋਠੀ · ਜਰਨੈਲ ਸਿੰਘ ਰਾਏ · ਸ਼ਿਵਰਾਜ ਸਿੰਘ ਸੰਧੂ · ਸਤਪਾਲ ਸਿੰਘ ਸਿੱਧੂ · ਗੁਰਦੇਵ ਸਿੰਘ ਕਲਸੀ · ਹਰਪਾਲ ਸਿੰਘ ਚਾਹਲ · ਗੁਰਦੇਵ ਸਿੰਘ ਬੰਗਾ · ਕਮਲਜੀਤ ਸਿੰਘ ਚੀਮਾ · ਹਰਕੇਵਲ ਸਿੰਘ ਸੰਧੂ



ਸੰਦੀਪ ਸਿੰਘ ਸੰਧੂ · ਜੰਗ ਸਿੰਘ ਬਦੇਸ਼ਾ · ਪਰਮਜੀਤ ਸਿੰਘ ਗਿਰਨ · ਜੈਸੀ ਸਿੰਘ · ਅਵਤਾਰ ਸਿੰਘ ਗਿਰਨ · ਸੁਖਦੀਪ ਸਿੰਘ ਵੜੈਚ · ਹਰਦਿਆਲ ਸਿੰਘ ਗਰੇਵਾਲ · ਭੁਪਿੰਦਰ ਸਿੰਘ ਗਿੱਲ · ਅਮਰਜੀਤ ਸਿੰਘ ਦਿਓਲ · ਹਰਜਿੰਦਰ ਸਿੰਘ ਸੈਣੀ · ਬਘੇਲ ਸਿੰਘ ਜੱਸਵਾਲ · ਕੈਪਟਨ ਦਰਸ਼ਨ ਸਿੰਘ



ਗੁਰਮੀਤ ਸਿੰਘ ਸੈਣੀ · ਗੁਰਸੇਵਕ ਸਿੰਘ ਭੰਗੂ · ਗੁਰਜੀਤ ਸਿੰਘ ਗਿੱਲ · ਗੁਰਮੀਤ ਸਿੰਘ ਸਿੱਧੂ · ਜੇ.ਪੀ. ਸਿੰਘ · ਬਲਜੀਤ ਸਿੰਘ · ਰਣਜੀਤ ਸਿੰਘ ਨਾਗਰਾ · ਸੰਦੀਪ ਸਿੰਘ ਸੰਧੂ · ਇੰਦਰਜੀਤ ਸਿੰਘ · ਪਰਮਿੰਦਰ ਸਿੰਘ ਸਹੋਤਾ · ਰਵਿੰਦਰ ਸਿੰਘ ਮਿਨਹਾਸ · ਸੁਖਵਿੰਦਰ ਸਿੰਘ ਸੰਧੂ

Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639

**BERKSHIRE HATHAWAY** Home Services
Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com

ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ

PLEASE CALL GURDIP KAUR
916-695-0035

Cal BRE# 02032641
7412 Elsie Ave. Sacramento 95828
*A member of the franchise system of BHH Affiliates. LLC*

## Legal Document Preparation



- Wills & Trusts — ਵਸੀਅਤਾਂ
- Divorce — ਤਲਾਕ
- Power of Attorney — ਮੁਖਤਿਆਰਨਾਮਾ
- Affidavits — ਐਫੀਡੇਵਿਟ
- Grant Deeds — ਗਰਾਂਟ ਡੀਡਜ਼
- Notary — ਨੋਟਰੀ

*Not an Attorney*

Call Sarvinder
510-648-5554

dolly@worryfreelegaldocs.com
www.worryfreelegaldocs.com

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

# GLOBAL ALLIANZ LAW FIRM LLP

US IMMIGRATION MADE EASY

ਕਾਨੂੰਨੀ ਸੇਵਾਵਾਂ



- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੌਲੀਟੀਕਲ ਅਸਾਈਲਮ



Atul Kapoor
CEO

Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਫਰੀਮੌਂਟ/ਪ੍ਰਮਿੰਦਰ ਸਿੰਘ ਪ੍ਰਵਾਨਾ :** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵਲੋਂ Gurdwara Sahib Fremont 300 Gurdwara Road, Fremont CA 94536 ਵਿਖੇ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਨਿੱਘੀ ਮਿੱਠੀ ਯਾਦ ਵਿਚ ਸਜੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਜੀਵਨ ਇਤਿਹਾਸ 'ਤੇ ਰੋਸ਼ਨੀ ਪਾਈ ਗਈ। ਉਨ੍ਹਾਂ ਦੱਸਿਆ ਕਿ ਸਿੱਖ ਇਤਿਹਾਸ ਵਿਚ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਵਿਸ਼ੇਸ਼ ਸਥਾਨ ਹੈ। ਉਹ ਗੁਰਬਾਣੀ ਦੇ ਲਿੱਪੀਕਾਰ, ਵਿਆਖਿਆਕਾਰ, ਸੁਚੇਤ ਪ੍ਰਬੰਧਕ ਅਤੇ ਇਕ ਮਹਾਨ ਯੋਧਾ ਸਨ, ਜਿਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਮਰਯਾਦਾ ਨੂੰ ਕਾਇਮ ਰੱਖਿਆ, ਧਰਮ ਬਚਾਉਣ ਲਈ ਜਬਰ ਨੂੰ ਸਬਰ ਨਾਲ ਹੰਢਾਇਆ। ਇਸ ਤਰ੍ਹਾਂ ਇਨ੍ਹਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਸਿੱਖ ਇਤਿਹਾਸ ਵਿਚ ਅਰਦਾਸ ਦਾ ਹਿੱਸਾ ਬਣੀ ਕਿ 'ਜਿਨ੍ਹਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ ॥ ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਠਾਕੁਰ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਸ਼ਹੀਦੀਆਂ 'ਤੇ ਬੀਰਰਸ ਕਵਿਤਾਵਾਂ ਕਹਿ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਗੁਰੂਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਪਲਵਿੰਦਰ ਸਿੰਘ, ਹਰਮਿੰਦਰ ਸਿੰਘ, ਸੁਖਵੰਤ ਸਿੰਘ ਢਿੱਲੋਂ, ਕਮਲਜੀਤ ਸਿੰਘ ਅਟਵਾਲ ਦਾ ਵਿਸ਼ੇਸ਼ ਯੋਗਦਾਨ ਰਿਹਾ। ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਹੁੰਦੇ ਹਨ। ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਫੋਨ ਨੰ. 510-415-9377 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿੱਖ ਭਾਈਚਾਰੇ ਵੱਲੋਂ ਯੂਏਈ ਦੇ ਡੈਲੀਗੇਸ਼ਨ ਦਾ ਭਰਵਾਂ ਸਵਾਗਤ

**ਵਾਸ਼ਿੰਗਟਨ/ਰਾਜ ਗੋਗਨਾ :** ਸੰਯੁਕਤ ਅਰਬ ਅਮੀਰਾਤ ਦੇ ਪ੍ਰਤੀਨਿਧੀ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਸੱਦੇ 'ਤੇ ਵਾਸ਼ਿੰਗਟਨ ਆਏ। ਧਾਰਮਿਕ ਆਜ਼ਾਦੀ ਉਤੇ ਹੋ ਰਹੇ ਪ੍ਰਮੁੱਖ ਸੰਮੇਲਨ ਵਿਚ ਸ਼ਾਮਿਲ ਹੋਣ ਲਈ ਆਏ ਇਨ੍ਹਾਂ ਪ੍ਰਤੀਨਿਧੀਆਂ ਵਿੱਚ ਦੂਬਈ ਦੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਇਕ ਮਸ਼ਹੂਰ ਕਾਰੋਬਾਰੀ ਆਗੂ ਸੁਰਿੰਦਰ ਸਿੰਘ ਕੰਧਾਰੀ ਦੇ ਨਾਲ 12 ਮੈਂਬਰ ਸ਼ਾਮਲ ਹਨ। ਇਸ ਵਫਦ 'ਚ ਦੁਬਈ ਵਿੱਚ ਵਸਦੇ ਸਿੱਖ ਮੈਂਬਰਾਂ ਤੋਂ ਇਲਾਵਾ ਇਕ ਯਹੂਦੀ ਅਤੇ ਇਕ ਮਸੀਹੀ ਮੈਂਬਰ ਵੀ ਸ਼ਾਮਲ ਹੈ। ਇਸ ਡੈਲੀਗੇਸ਼ਨ ਦੇ ਸਵਾਗਤ ਲਈ ਵਾਸ਼ਿੰਗਟਨ ਏਰੀਏ ਦੇ ਬਹੁਤ ਸਾਰੇ ਪ੍ਰਮੁੱਖ ਮੈਂਬਰ ਅਤੇ ਵੱਖ ਵੱਖ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਦੇ ਨੁਮਾਇੰਦਿਆਂ ਨੇ ਪ੍ਰੋਗਰਾਮ ਕਰਵਾਇਆ।



ਜ਼ਿਕਰਯੋਗ ਹੈ ਕਿ ਦੁਬਈ ਦਾ ਇਹ ਗੁਰਦੁਆਰਾ ਸਾਹਿਬ, ਭਾਰਤ ਤੋਂ ਬਾਹਰ ਸਭ ਤੋਂ ਵੱਡੇ ਗੁਰਦੁਆਰਿਆਂ ਵਿਚੋਂ ਇੱਕ ਹੈ ਅਤੇ ਅੰਤਰਰਾਸ਼ਟਰੀ ਸਿੱਖ ਭਾਈਚਾਰੇ ਲਈ ਮਹੱਤਵਪੂਰਨ ਮੀਲ ਪੱਥਰ ਬਣ ਗਿਆ ਹੈ। ਯੂ.ਏ.ਈ ਦੀ ਸਰਕਾਰ ਦੀ ਨੁਮਾਇੰਦਗੀ ਕਰਨ ਵਾਲੇ ਵਿਸ਼ਵ ਕੌਂਸਲ ਆਫ ਮੁਸਲਿਮ ਕਮਿਊਨਿਟੀ ਦੇ ਪ੍ਰਧਾਨ ਡਾ. ਅਲੀ ਰਾਸ਼ੀਲ ਅਲਨੂਈਮੀ ਨੇ ਸਿੱਖਾਂ ਵੱਲੋਂ ਖਾਣੇ ਦੀ ਦਾਅਵਤ 'ਤੇ ਵਿਸ਼ੇਸ਼ ਧੰਨਵਾਦ ਕੀਤਾ।

ਬਾਕੀ ਸਫ਼ਾ 28 'ਤੇ

# ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਸਨਮਾਨ

**ਖਡੂਰ ਸਾਹਿਬ/ਏਟੀ ਨਿਊਜ਼ :** ਬਾਬਾ ਸੇਵਾ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਨਿਸ਼ਾਨ -ਏ-ਸਿੱਖੀ ਇੰਟਰਨੈਸ਼ਨਲ ਸਕੂਲ ਖਡੂਰ ਸਾਹਿਬ ਦੇ ਦਸਵੀਂ ਜਮਾਤ ਦੇ ਜਿਹੜੇ ਵਿਦਿਆਰਥੀਆਂ ਦੇ ਸੀ.ਬੀ.ਐਸ ਈ ਬੋਰਡ ਵਿਚੋਂ 90 ਪ੍ਰਤੀਸ਼ਤ ਤੋਂ ਵੱਧ ਨੰਬਰ ਆਏ ਹਨ, ਉਹਨਾਂ ਨੂੰ ਸਕੂਲ ਅਸੈਂਬਲੀ ਸਮੇਂ ਚੈਕ ਦੇ ਕੇ ਸਨਮਾਨਿਤ ਕੀਤਾ ਗਿਆ। ਕਾਰਪੋਰੇਟ ਐਂਡ ਫਾਈਨੈਂਸ (ਦਾ ਇੰਡੀਅਨ ਐਕਸਪ੍ਰੈਸ ਗਰੁੱਪ) ਦੇ ਸਾਬਕਾ ਡਾਇਰੈਕਟਰ ਸ੍ਰ. ਹਰਚਰਨ ਸਿੰਘ ਵਲੋਂ 45,000 ਦੇ ਚੈਕ ਭੇਟ ਕੀਤੇ ਗਏ। ਸਕੂਲ਼ ਵਿਚੋਂ ਪਹਿਲੇ ਨੰਬਰ ਤੇ ਆਈ ਵਿਦਿਆਰਥਣ ਕਿਰਨਜੋਤ ਕੌਰ ਨੂੰ 15000 ਰੁਪਏ ਦਾ ਚੈਕ ਦਿੱਤਾ ਗਿਆ। ਅਜੈਪਾਲ ਸਿੰਘ, ਨਵਦੀਪ ਕੌਰ ਅਤੇ ਨਵਪ੍ਰੀਤ ਸਿੰਘ ਨੂੰ 10,000 ਰੁਪਏ ਦੇ ਚੈਕ ਦਿੱਤੇ ਗਏ। ਇਸੇ ਤਰ੍ਹਾਂ ਹੀ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸ. ਕੁਲਬੀਰ ਸਿੰਘ ਪਿੰਡ ਢੋਟਾ ਵਲੋਂ 40,000 ਰੁਪਏ ਦੇ ਚੈਕ ਭੇਟ ਕੀਤੇ ਗਏ। ਇਨ੍ਹਾਂ ਵਿਚੋਂ ਕਰਮਵਾਰ ਕਿਰਨਜੋਤ ਕੌਰ, ਅਜੈਪਾਲ ਸਿੰਘ, ਨਵਦੀਪ ਕੌਰ ਅਤੇ ਨਵਪ੍ਰੀਤ ਸਿੰਘ ਨੂੰ 10,000 ਰੁਪਏ ਦੇ ਚੈਕ ਦਿੱਤੇ ਗਏ। ਇਸ ਮੌਕੇ ਤੇ ਸ. ਕੁਲਬੀਰ ਸਿੰਘ ਨੇ ਨਤੀਜਾ ਵਧੀਆ ਆਉਣ ਤੇ ਵਿਦਿਆਰਥੀਆਂ ਦੇ ਮਾਤਾ ਪਿਤਾ , ਸਟਾਫ ਅਤੇ ਸਮੁੱਚੀ ਮੈਨੇਜਮੈਂਟ ਨੂੰ ਵਧਾਈ ਦਿੱਤੀ। ਅਖੀਰ ਵਿਚ ਸਕੂਲ ਪ੍ਰਿੰਸੀਪਲ ਸ. ਅਮਰਜੀਤ ਸਿੰਘ ਜੀ ਵਲੋਂ ਆਏ ਹੋਏ ਮਹਿਮਾਨਾਂ ਅਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਬਾਬਾ ਬਲਦੇਵ ਸਿੰਘ, ਨਿਸ਼ਾਨ-ਏ ਸਿੱਖੀ ਚੈਰੀਟੇਬਲ ਟਰੱਸਟ ਦੇ ਸਕੱਤਰ ਸ੍ਰ ਅਵਤਾਰ ਸਿੰਘ ਬਾਜਵਾ, ਪ੍ਰਬੰਧਕੀ ਕਮੇਟੀ ਮੈਂਬਰ ਸ. ਹਰੀ ਸਿੰਘ ਤੋ ਇਲਾਵਾ ਸਨਮਾਨਿਤ ਵਿਦਿਆਥੀਆਂ ਦੇ ਮਾਤਾ-ਪਿਤਾ, ਸਮੁੱਚਾ ਸਟਾਫ ਅਤੇ ਹੋਰ ਵਿਦਿਆਰਥੀ ਹਾਜ਼ਰ ਸਨ।




WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

Call for more Info:

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਨਵਜੋਤ ਸਿੰਘ ਸਿੱਧੂ ਦਾ ਅਸਤੀਫ਼ਾ ਪ੍ਰਵਾਨ

## ਕੈਪਟਨ ਅਮਰਿੰਦਰ ਸਿੰਘ ਦੀ 'ਜ਼ਿੱਦ' ਅੱਗੇ ਹਾਈਕਮਾਨ 'ਲਾਚਾਰ'

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਦੇ ਰਾਜਪਾਲ ਵੀਪੀ ਐੱਸ ਬਦਨੌਰ ਨੇ ਨਵਜੋਤ ਸਿੰਘ ਸਿੱਧੂ ਦਾ ਇੱਕ ਲਾਇਨ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ, ਜਿਸ ਨਾਲ ਉਹ ਰਸਮੀ ਤੌਰ 'ਤੇ ਪੰਜਾਬ ਮੰਤਰੀ ਮੰਡਲ ਵਿਚੋਂ ਬਾਹਰ ਹੋ ਗਏ ਹਨ। ਨੈਸ਼ਨਲ ਪੱਧਰ 'ਤੇ ਇਸ ਵਕਤ ਕਾਂਗਰਸ ਤੇ ਹਾਈਕਮਾਨ ਬਹੁਤ ਨਾਜ਼ੁਕ ਹਾਲਾਤ ਵਿਚੋਂ ਗੁਜ਼ਰ ਰਹੀ ਹੈ, ਜਦੋਂ ਕਿ ਪੰਜਾਬ ਵਿਚ ਕੈਪਟਨ ਦੀ ਸਥਿਤੀ ਕਿਤੇ ਮਜ਼ਬੂਤ ਹੈ। ਇਸੇ ਲਈ ਹਾਈਕਮਾਂਡ ਕੈਪਟਨ ਦੇ ਫੈਸਲੇ ਵਿਚ ਹਾਈਕਮਾਂਡ ਦਖਲਅੰਦਾਜ਼ੀ ਨਹੀਂ ਕਰ ਸਕੀ। ਇਸੇ ਲਈ ਕੈਪਟਨ ਨੇ ਇਕ ਹੀ ਝਟਕੇ ਨਾਲ ਨਾ ਸਿਰਫ਼ ਸਿੱਧੂ ਦਾ ਅਸਤੀਫ਼ਾ ਮਨਜ਼ੂਰ ਕੀਤਾ, ਸਗੋਂ ਹਾਈਕਮਾਨ ਨੂੰ ਵੀ ਸਿੱਧੀ ਚੁਣੌਤੀ ਦੇਣ ਤੋਂ ਪਰਹੇਜ਼ ਨਹੀਂ ਕੀਤਾ। ਪ੍ਰਿਅੰਕਾ ਗਾਂਧੀ ਆਖਰੀ ਵਕਤ ਤੱਕ ਇਹ ਕੋਸ਼ਿਸ਼ਾਂ ਕਰ ਰਹੇ ਸਨ ਕਿ ਸਿੱਧੂ ਦਾ ਅਸਤੀਫ਼ਾ ਮਨਜ਼ੂਰ ਨਾ ਹੋਵੇ ਤੇ ਸਿੱਧੂ ਨੂੰ ਬਿਜਲੀ ਵਿਭਾਗ ਦੇ ਨਾਲ-ਨਾਲ ਕੋਈ ਹੋਰ ਮਹਿਕਮਾ ਮਿਲ ਸਕੇ, ਪਰ ਕੈਪਟਨ ਦੀ ਜ਼ਿੱਦ ਅੱਗੇ ਨਾ ਤਾਂ ਸਿੱਧੂ ਦੀ ਹਾਈਕਮਾਨ ਨਾਲ ਨੇੜਤਾ ਕੰਮ ਆਈ, ਸਗੋਂ ਹਾਈਕਮਾਨ ਖ਼ੁਦ ਵੀ ਬੇਵੱਸ ਹੀ ਨਜ਼ਰ ਆਈ। ਸਰਕਾਰੀ ਬੁਲਾਰੇ ਅਨੁਸਾਰ ਬਿਜਲੀ ਮੰਤਰਾਲਾ ਹਾਲ ਦੀ ਘੜੀ ਮੁੱਖ ਮੰਤਰੀ ਕੋਲ ਰਹੇਗਾ। ਪਤਾ ਲੱਗਾ ਹੈ ਕਿ ਕਾਂਗਰਸ ਦਾ ਨਵਾਂ ਕੌਮੀ ਪ੍ਰਧਾਨ ਥਾਪੇ ਜਾਣ ਤੋਂ ਬਾਅਦ ਹੀ ਪੰਜਾਬ ਦਾ ਨਵਾਂ ਬਿਜਲੀ ਮੰਤਰੀ ਸਾਹਮਣੇ ਆ ਸਕਦਾ ਹੈ।



### ਸਿੱਧੂ ਦੇ ਭਵਿੱਖ ਦਾ ਫੈਸਲਾ ਪ੍ਰਿਯੰਕਾ ਦੇ ਹੱਥ

ਸਿੱਧੂ ਕਾਂਗਰਸ ਦੀ ਟੀਮ ਵਿਚ ਬਣੇ ਰਹਿਣਗੇ, ਇਸ ਦਾ ਫੈਸਲਾ ਹੁਣ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਵਾਡਰਾ ਦੇ ਭਵਿੱਖ 'ਤੇ ਤੈਅ ਕਰੇਗਾ। ਰਾਹੁਲ ਗਾਂਧੀ ਵੱਲੋਂ ਰਾਸ਼ਟਰੀ ਪ੍ਰਧਾਨ ਅਹੁਦੇ ਤੋਂ ਅਸਤੀਫ਼ੇ ਤੋਂ ਬਾਅਦ ਕਾਂਗਰਸ ਦਾ ਇਕ ਵਰਗ ਪ੍ਰਿਅੰਕਾ ਨੂੰ ਨਵੇਂ ਪ੍ਰਧਾਨ ਵਜੋਂ ਦੇਖ ਰਿਹਾ ਹੈ। ਅਜਿਹੇ ਵਿਚ ਪ੍ਰਿਅੰਕਾ ਸਿੱਧੂ ਨੂੰ ਕਾਂਗਰਸ ਦੀ ਟੀਮ ਵਿਚ ਬਣਾਏ ਰੱਖਣ ਲਈ ਅਹਿਮ ਫੈਸਲਾ ਲੈ ਸਕਦੀ ਹੈ। ਉਨ੍ਹਾਂ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਵਿਚ ਅਹਿਮ ਅਹੁਦਾ ਮਿਲ ਸਕਦਾ ਹੈ। ਸਿੱਧੂ ਨੂੰ ਕਾਂਗਰਸ ਵਿਚ ਲਿਆਉਣ ਦੇ ਪਿੱਛੇ ਵੀ ਪ੍ਰਿਅੰਕਾ ਹੀ ਸੀ। ਉਨ੍ਹਾਂ ਨੇ ਸਿੱਧੂ ਦਾ ਕੈਬਨਿਟ ਅਹੁਦਾ ਬਰਕਰਾਰ ਰੱਖਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਕਾਂਗਰਸ ਵਿਚ ਚੱਲ ਰਹੇ ਫੇਰ-ਬਦਲ ਕਾਰਨ ਉਹ ਸਿੱਧੂ ਦੀ ਮਦਦ ਨਹੀਂ ਸਕੀ। ਅਜਿਹੇ ਵਿਚ ਸਿੱਧੂ ਕੋਲ 'ਵੇਟ ਐਂਡ ਵਾਚ' ਦੀ ਨੀਤੀ ਅਪਨਾਉਣ ਦੇ ਇਲਾਵਾ ਕੋਈ ਹੋਰ ਚਾਰਾ ਨਹੀਂ ਹੈ।

# ਬੱਬਰ ਖਾਲਸਾ ਦੇ ਦੋ ਸਿੰਘਾਂ ਦਾ ਕੇਸ ਐਨਆਈਏ ਹਵਾਲੇ

**ਮੋਹਾਲੀ/ਏਟੀ ਨਿਊਜ਼ ;** ਘੱਲੂਘਾਰਾ ਦਿਵਸ ਦੌਰਾਨ ਪੰਜਾਬ ਵਿਚ ਵਿਸ਼ੇਸ਼ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ ਵਿਚ ਸਟੇਟ ਸਪੈਸ਼ਲ ਸੈੱਲ ਵਲੋਂ ਗ੍ਰਿਫ਼ਤਾਰ ਜਗਦੇਵ ਸਿੰਘ ਵਾਸੀ ਤਲਾਣੀਆ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਤੇ ਰਵਿੰਦਰਪਾਲ ਸਿੰਘ ਵਾਸੀ ਮਹਿਨਾ ਜ਼ਿਲ੍ਹਾ ਮੋਗਾ ਸਮੇਤ 4 ਮੁਲਜ਼ਮਾਂ ਦਾ ਮਾਮਲਾ ਕੌਮੀ ਜਾਂਚ ਏਜੰਸੀ ਵਲੋਂ ਆਪਣੇ ਹੱਥ ਵਿਚ ਲੈਂਦਿਆਂ ਮਾਮਲਾ ਦਰਜ ਕਰ ਲਿਆ ਹੈ। ਐਨ. ਆਈ. ਏ. ਦੀ ਟੀਮ ਵਲੋਂ ਮੁਹਾਲੀ ਦੇ ਐਨ. ਆਈ. ਏ. ਦੇ ਸਪੈਸ਼ਲ ਜੱਜ ਐਨ. ਐੱਸ. ਗਿੱਲ ਦੀ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਕੁਲਵਿੰਦਰ ਸਿੰਘ ਖਾਨਪੁਰੀਆ, ਰਵਿੰਦਰਪਾਲ ਸਿੰਘ, ਜਗਦੇਵ ਸਿੰਘ ਅਤੇ ਹਰਚਰਨ ਸਿੰਘ ਦੇ ਪ੍ਰੋਡਕਸ਼ਨ ਵਾਰੰਟ ਦੀ ਮੰਗ ਕੀਤੀ ਸੀ। ਅਦਾਲਤ ਵਲੋਂ ਚਾਰਾਂ ਮੁਲਜ਼ਮਾਂ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਗਏ ਹਨ। ਜਾਣਕਾਰੀ ਅਨੁਸਾਰ 30 ਮਈ 2019 ਨੂੰ ਸਟੇਟ ਸਪੈਸ਼ਲ ਸੈੱਲ ਵਲੋਂ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਵਲੋਂ ਬੱਬਰ ਖ਼ਾਲਸਾ ਇੰਟਰਨੈਸ਼ਨਲ ਸੰਗਠਨ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਕਤ ਮੈਂਬਰਾਂ ਦੀ ਪਛਾਣ ਜਗਦੇਵ ਸਿੰਘ ਅਤੇ ਰਵਿੰਦਰਪਾਲ ਸਿੰਘ ਵਜੋਂ ਹੋਈ ਸੀ। ਉਕਤ ਦੋਵਾਂ ਮੁਲਜ਼ਮਾਂ 'ਤੇ ਦੋਸ਼ ਹੈ ਕਿ ਉਹ ਮਲੇਸ਼ੀਆ ਰਹਿੰਦੇ ਕੁਲਵਿੰਦਰ ਸਿੰਘ ਖਾਨਪੁਰੀਆ ਦੇ ਨਿਰਦੇਸ਼ਾਂ 'ਤੇ ਸਲੀਪਰ ਸੈਲਜ਼ ਲਈ ਫ਼ੰਡ ਮੁਹੱਈਆ ਕਰਵਾਉਣ ਦਾ ਪ੍ਰਬੰਧ ਕਰ ਰਹੇ ਸਨ। ਪੁਲਿਸ ਦੇ ਦੱਸਣ ਮੁਤਾਬਿਕ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਕੁਲਵਿੰਦਰ ਸਿੰਘ ਖਾਨਪੁਰੀਆ ਨੇ ਸੂਬੇ ਵਿਚ ਖਾੜਕੂਵਾਦ ਫੈਲਾਉਣ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਵਿਸ਼ੇਸ਼ ਭਾਈਚਾਰੇ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ ਹੈ।

# ਸੈਨਹੋਜ਼ੇ ਕਚਹਿਰੀ ਵਿਚ ਬਾਬ ਢਿੱਲੋਂ ਦੀ ਇਕ ਹੋਰ ਹਾਰ

## ਅਦਾਲਤ ਵੱਲੋਂ ਮੁਕੰਮਲ ਚੋਣ ਰਿਕਾਰਡ ਵਿਰੋਧੀ ਧਿਰ ਨੂੰ ਦੇਣ ਦੇ ਹੁਕਮ

**ਸੈਨਹੋਜ਼ੇ/ਏਟੀ ਨਿਊਜ਼ :** ਪਿਛਲੇ ਹਫ਼ਤੇ ਸੈਂਟਾ ਕਲਾਰਾ ਕੋਰਟ ਨੇ ਬਾਬ ਢਿੱਲੋਂ ਐਂਡ ਕੰਪਨੀ ਦੀ ਸੈਨਹੋਜ਼ੇ ਗੁਰਦੁਆਰਾ ਕਮੇਟੀ ਨੂੰ ਹੁਕਮ ਦਿੱਤਾ ਸੀ ਕਿ ਵਿਰੋਧੀ ਧਿਰ ਨੂੰ ਮੈਂਬਰਸ਼ਿਪ ਲਿਸਟ, ਵੋਟ ਬਣਨ ਦੀ ਤਰੀਕ, ਵੋਟ ਖਾਰਜ ਹੋਣ ਦੀ ਤਰੀਕ, ਮੈਂਬਰ ਦੀ ਫੋਟੋ ਅਤੇ ਮੈਂਬਰ ਵਲੋਂ ਅਦਾ ਕੀਤੀ ਫੀਸ ਦੀ ਰਸੀਦ ਵੀ ਚਾਹੀਦੀ ਹੈ ਪਰ ਬਾਬ ਢਿੱਲੋਂ ਧੜੇ ਨੇ ਜੱਜ ਦੇ ਹੁਕਮ ਦੀ ਪ੍ਰਵਾਹ ਕੀਤੇ ਬਿਨਾ ਵਿਰੋਧੀ ਧਿਰ ਨੂੰ ਸਿਰਫ਼ ਮੈਂਬਰਸ਼ਿਪ ਲਿਸਟ ਹੀ ਦਿੱਤੀ। ਕਿਸੇ ਦੀ ਫੋਟੋ, ਰਸੀਦ ਜਾਂ ਵੋਟ ਬਣਨ ਜਾਂ ਖਤਮ ਹੋਣ ਦੀ ਤਰੀਕ ਨਹੀਂ ਦਿੱਤੀ। ਵਿਰੋਧੀ ਧਿਰ ਨੂੰ ਜੱਜ ਕੋਲ ਫਿਰ ਜਾਣਾ ਪਿਆ ਕਿ ਬਾਬ ਢਿੱਲੋਂ ਜੱਜ ਸਾਹਿਬ ਦੇ ਹੁਕਮਾਂ ਨੂੰ ਵੀ ਨਹੀਂ ਮੰਨ ਰਿਹਾ। ਇਸ ਦੇ ਉਲਟ ਬਾਬ ਢਿੱਲੋਂ ਨੇ ਕੋਰਟ ਨੂੰ ਕਿਹਾ ਕਿ ਲੋਕਾਂ ਦੀ ਪਰਾਈਵੇਸੀ ਕਰ ਕੇ ਇਹ ਚੀਜ਼ਾਂ ਨਹੀਂ ਦਿੱਤੀਆਂ ਜਾ ਸਕਦੀਆਂ ਪਰ ਜੱਜ ਸਾਹਿਬਾਨ ਨੇ ਇਕ ਨਾ ਸੁਣੀ ਤੇ ਹੁਕਮ ਦਿੱਤਾ ਕਿ ਮੰਗਿਆ ਗਿਆ ਸਾਰਾ ਕੁਝ ਵਿਰੋਧੀ ਧਿਰ ਨੂੰ ਦਿੱਤਾ ਜਾਵੇ। ਯਾਦ ਰਹੇ ਕਿ ਬਾਬ ਢਿੱਲੋਂ ਪਿਛਲੇ ਕੁਝ ਸਾਲਾਂ ਵਿਚ ਕੋਰਟ ਕੇਸਾਂ ਵਿਚ ਗੁਰਦੁਆਰਾ ਸਾਹਿਬ ਦਾ ਇਕ ਮਿਲੀਅਨ ਡਾਲਰ ਤੋਂ ਉਪਰ ਪੈਸਾ ਬਰਬਾਦ ਕਰ ਚੁੱਕਾ ਹੈ। ਇਸ ਦੇ ਹੰਕਾਰ ਨੇ ਸੈਨਹੋਜ਼ੇ ਦੀ ਸੰਗਤ ਨਾਲ ਖਿਲਵਾੜ ਕਰਨਾ ਸ਼ੁਰੂ ਕੀਤਾ ਹੋਇਆ ਹੈ ਤੇ ਉਨ੍ਹਾਂ ਨੂੰ ਹਰ ਰੋਜ਼ ਜ਼ਲੀਲ ਕਰਦਾ ਹੈ। ਜੇ ਉਹ ਵੋਟਾਂ ਬਣਾਉਣ ਜਾਂਦੇ ਹਨ, ਤਾਂ ਬਾਬ ਢਿੱਲੋਂ ਧੜਾ ਦਫਤਰ ਬੰਦ ਕਰ ਕੇ ਬੈਠ ਜਾਂਦਾ ਹੈ। ਉਸ ਦੀ ਸਕੀਮ ਹੈ ਕਿ ਵਿਰੋਧੀ ਧਿਰ ਦੀਆਂ ਵੋਟਾਂ ਬਣਾਈਆਂ ਹੀ ਨਾ ਜਾਣ ਤੇ ਉਹ ਚੋਣਾਂ ਵਿਚ ਫਿਰ ਜੇਤੂ ਹੋ ਸਕੇ। ਪਰ ਹੁਣ ਸੈਨਹੋਜ਼ੇ ਦੀ ਸੰਗਤ ਅੱਗੇ ਇਸ ਦੇ ਸਾਰੇ ਪਾਜ ਖੁੱਲ੍ਹ ਗਏ ਹਨ ਤੇ ਸੰਗਤ ਇਸ ਦੀ ਡਿਕਟੇਟਰਸ਼ਿਪ ਤੋਂ ਤੰਗ ਆ ਚੁੱਕੀ ਹੈ। ਇਸ ਦੇ ਅਜਿਹੇ ਰਵੱਈਏ ਕਾਰਨ ਸੰਗਤ ਦੇ ਕੁਝ ਮੈਂਬਰਾਂ ਵਲੋਂ ਇਕ ਹੋਰ ਕੋਰਟ ਕੇਸ ਕੀਤਾ ਗਿਆ ਹੈ ਜਿਸ ਵਿਚ ਸਿਰਫ਼ ਇਹੀ ਮੰਗ ਹੈ ਕਿ ਵੋਟਾਂ ਪਾਰਦਰਸ਼ੀ ਹੋਣ ਤੇ ਦੋਹਾਂ ਧਿਰਾਂ ਨੂੰ ਬਰਾਬਰ ਦਾ ਮੌਕਾ ਤੇ ਹੱਕ ਮਿਲਣ। ਉਧਰ ਬਾਬ ਢਿੱਲੋਂ ਵੋਟਾਂ ਵਿਚ ਕਿਸੇ ਵੀ ਤਰ੍ਹਾਂ ਵਿਰੋਧੀ ਧਿਰ ਨੂੰ ਦਬਾਅ ਕੇ ਘਰ ਬਿਠਾਉਣਾ ਚਾਹੁੰਦਾ ਹੈ ਪਰ ਹੁਣ ਬਾਬ ਢਿੱਲੋਂ ਦੇ ਪੁੱਠੇ ਦਿਨ ਸ਼ੁਰੂ ਹੋ ਗਏ ਜਾਪਦੇ ਹਨ, ਕਿਉਂਕਿ ਸੰਗਤ ਉਸ ਦੀ ਗੁੰਡਾਗਰਦੀ ਤੋਂ ਤੰਗ ਆ ਚੁੱਕੀ ਪ੍ਰਤੀਤ ਹੁੰਦੀ ਹੈ।

### ਸਤਵੰਤ ਸਿੰਘ ਬਣਿਆ ਪਾਕਿਸਤਾਨ ਗੁਰਦੁਆਰਾ ਕਮੇਟੀ ਦਾ ਨਵਾਂ ਪ੍ਰਧਾਨ

**ਲਾਹੌਰ/ਏਟੀ. ਨਿਊਜ਼ :** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਵਾਂ ਪ੍ਰਧਾਨ ਨੌਜਵਾਨ ਸਿੱਖ ਨੇਤਾ ਸਤਵੰਤ ਸਿੰਘ ਨੂੰ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਦੇ ਛੋਟੇ ਭਰਾ ਅਮੀਰ ਸਿੰਘ ਨੂੰ ਪਾਕਿਸਤਾਨ ਕਮੇਟੀ ਦਾ ਜਰਨਲ ਸਕੱਤਰ ਬਣਾਇਆ ਗਿਆ ਹੈ। ਖ਼ਾਲਿਸਤਾਨੀ ਪੱਖੀ ਪਾਕਿ ਸਿੱਖ ਲੀਡਰ ਗੋਪਾਲ ਸਿੰਘ ਚਾਵਲਾ ਦੀ ਛਾਂਟੀ ਤੋਂ ਬਾਅਦ ਪੀਐਸਜੀਪੀਸੀ ਦਾ ਮੁੜ ਗਠਨ ਕੀਤਾ ਗਿਆ ਹੈ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang
Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਸਿੱਖ ਰਿਲੀਜਸ ਸੁਸਾਇਟੀ ਪਲਾਟਾਈਨ ਨੂੰ ਮਿਲਿਆ "ਲਾਇਫ ਟਾਈਮ ਅਚੀਵਮੈਂਟ" ਅਵਾਰਡ



**ਪਲਾਟਾਈਨ(ਸ਼ਿਕਾਗੋ)/ਏਟੀ ਨਿਊਜ਼ :** ਸਿੱਖ ਰਿਲੀਜਸ ਸੋਸਾਇਟੀ ਪੈਲਾਟਾਈਨ, ਨੂੰ ਸਾਲਵੇਸ਼ਨ ਆਰਮੀ ਨੇ ਐਤਵਾਰ 14 ਜੁਲਾਈ, 2019 ਨੂੰ "ਲਾਈਫ ਟਾਈਮ ਅਚੀਵਮੈਂਟ ਅਵਾਰਡ" ਦੇ ਕੇ ਸਨਮਾਨਿਤ ਕੀਤਾ ਹੈ। ਇਸੇ ਦੌਰਾਨ ਸਰਵਣ ਸਿੰਘ ਰਾਜੂ ਨੂੰ "ਮੇਕਿੰਗ ਦਿ ਡਿਫਰੈਂਸ ਅਵਾਰਡ" ਨਾਲ ਵੀ ਸਨਮਾਨਿਤ ਕੀਤਾ ਗਿਆ। ਗੌਰਤਲਬ ਹੈ ਕਿ ਸਾਲਵੇਸ਼ਨ ਆਰਮੀ ਇਕ ਪ੍ਰਮੁੱਖ ਅੰਤਰਰਾਸ਼ਟਰੀ ਕ੍ਰਿਸ਼ਚੀਅਨ ਮਿਸ਼ਨਰੀ ਸੰਸਥਾ ਹੈ ਜੋ 150 ਤੋਂ ਵੱਧ ਦੇਸ਼ਾਂ ਵਿਚ ਡੇਢ ਸੌ ਤੋਂ ਵੱਧ ਸਾਲਾਂ ਤੋਂ ਸੇਵਾ ਕਰ ਰਹੀ ਹੈ। ਇਹ ਸੰਸਥਾ ਸਮਾਜਿਕ ਨਿਆਂ, ਬਜ਼ੁਰਗਾਂ, ਬੇਘਰੇ ਨੌਜਵਾਨਾਂ ਅਤੇ ਹੋਰ ਗਰੀਬਾਂ ਦੀ ਮਦਦ ਕਰਦੀ ਆ ਰਹੀ ਹੈ।

ਸਰਵਣ ਸਿੰਘ ਨੇ ਸ਼ਿਕਾਗੋ ਖੇਤਰ ਵਿਚ ਥੈਂਕਸਗਿਵਿੰਗ-ਡੇ ਅਤੇ ਕ੍ਰਿਸਮਸ ਦਿਵਸ ਦੇ ਮੌਕੇ ਗ਼ਰੀਬਾਂ ਨੂੰ ਭੋਜਨ ਦੇਣ ਲਈ ਸਾਲਵੇਸ਼ਨ ਆਰਮੀ ਵੱਲੋਂ ਆਯੋਜਿਤ ਸਮਾਗਮਾਂ ਵਿਚ ਵੱਧ ਤੋਂ ਵੱਧ ਲੋੜਵੰਦ ਲੋਕਾਂ ਨੂੰ ਭਾਗ ਦਿਵਾਉਣ ਅਤੇ ਸਿੱਖ ਭਾਈਚਾਰੇ ਵੱਲੋਂ ਇਸ ਵਿਚ ਮਦਦ ਜੁਟਾਉਣ ਲਈ ਪਿਛਲੇ ਦੋ ਦਹਾਕਿਆਂ ਤੋਂ ਬਹੁਤ ਕੰਮ ਕੀਤਾ ਹੈ। ਇਸ ਕਰ ਕੇ ਸਾਲਵੇਸ਼ਨ ਆਰਮੀ ਸੰਸਥਾ ਨੇ ਉਨ੍ਹਾਂ ਦਾ ਅਵਾਰਡ ਦੇ ਕੇ ਮਾਣ-ਸਤਿਕਾਰ ਕੀਤਾ ਹੈ।

ਸਾਲਵੇਸ਼ਨ ਆਰਮੀ ਦੇ ਮੇਜਰ ਨੈਂਸੀ ਪਾਵਰਜ਼ ਨੇ 14 ਜੁਲਾਈ, 2019 ਨੂੰ ਇਲੀਨੋਇਸ ਦੇ ਪਲਾਟਾਈਨ ਸਥਿਤ ਸਿੱਖ ਰਿਲੀਜਸ ਸੋਸਾਇਟੀ (ਐਸਆਰਐਸ) ਗੁਰਦੁਆਰੇ ਦਾ ਦੌਰਾ ਕੀਤਾ ਅਤੇ ਐਸੋਸੀਏਸ਼ਨ ਤੇ ਸਰਵਣ ਸਿੰਘ ਨੂੰ ਸਨਮਾਨਤ ਕੀਤਾ।

ਸਿੱਖ ਰਿਲੀਜਸ ਸੋਸਾਇਟੀ (ਐਸਆਰਐਸ) ਦੇ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਅਤੇ ਟਰੱਸਟੀ ਪਰੇਮਪਾਲ ਸਿੰਘ, ਗੁਰਮੀਤ ਸਿੰਘ ਬੈਂਸ, ਇਰਵਿਨਪ੍ਰੀਤ ਸਿੰਘ, ਅਮਰਦੇਵ ਸਿੰਘ ਬਦੇਸ਼ਾ, ਜੈਰਾਮ ਸਿੰਘ ਕਾਹਲੋਂ, ਡਾ. ਬਲਵੰਤ ਸਿੰਘ ਹੰਸਰਾ ਅਤੇ ਗੁਰਦੀਪ ਸਿੰਘ ਸੰਘਾ ਨੇ ਸਾਲਵੇਸ਼ਨ ਆਰਮੀ ਸ਼ਿਕਾਗੋ ਦੇ ਮੇਜਰ ਨੈਂਸੀ ਪਾਵਰਜ਼ ਤੋਂ ਇਹ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਲੋੜਵੰਦਾਂ ਦੀ ਸਹਾਇਤਾ ਅਤੇ ਸੇਵਾ ਕਰਨਾ ਸਿੱਖ ਧਰਮ ਦੇ ਮੁੱਖ ਸਿਧਾਂਤਾਂ ਵਿਚੋਂ ਇੱਕ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਲਈ "ਨਾਮ ਜਪੋ-ਕਿਰਤ ਕਰੋ-ਵੰਡ ਛਕੋ" ਦੇ ਤਿੰਨ ਮੁੱਖ ਸਿਧਾਂਤ ਬਣਾਏ ਹਨ, ਜੋ ਸਿੱਖਾਂ ਤੇ ਸੰਸਥਾ ਦਾ ਵਿਸ਼ਵਾਸ ਹਨ।

ਇਸ ਮੌਕੇ ਦੱਸਿਆ ਗਿਆ ਕਿ ਸਰਵਣ ਸਿੰਘ ਅਤੇ ਹਰਦਿਆਲ ਸਿੰਘ ਦਿਓਲ ਨੇ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੇ ਗਏ "ਲੰਗਰ" ਦੀ ਪਰੰਪਰਾ ਨੂੰ ਜਾਰੀ ਰੱਖਣ ਲਈ ਕੰਮ ਜਾਰੀ ਰੱਖਿਆ ਹੋਇਆ ਹੈ।

ਇਸ ਤਰ੍ਹਾਂ ਪਲਾਟਾਈਨ ਦਾ ਇਹ ਗੁਰਦੁਆਰਾ ਸਾਹਿਬ ਮੱਧ ਪੂਰਬੀ ਅਮਰੀਕਾ ਵਿਚ ਇਕੋ-ਇਕ ਅਜਿਹੀ ਸਿੱਖ ਸੰਸਥਾ ਬਣ ਗਿਆ ਹੈ, ਜਿਸ ਨੂੰ ਸੈਲਵੇਸ਼ਨ ਆਰਮੀ ਵਰਗੇ ਗੈਰ ਸਿੱਖ ਜਗਤ ਦੇ ਸੋਸ਼ਲ ਸੰਗਠਨ ਤੋਂ "ਲਾਈਫ ਟਾਈਮ ਅਚੀਵਮੈਂਟ ਅਵਾਰਡ ਪ੍ਰਾਪਤ ਹੋਇਆ ਹੈ। ਐਸਆਰਐਸ ਦੇ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਨੇ ਕਿਹਾ ਕਿ 550 ਸਾਲਾ ਪ੍ਰਕਾਸ਼ ਉਤਸਵ ਉਤੇ ਗੁਰੂ ਨਾਨਕ ਦੇਵ ਜੀ ਨੂੰ ਇਹ ਇਕ ਵਧੀਆ ਸ਼ਰਧਾਂਜਲੀ ਹੈ ਕਿ ਜਦੋਂ ਸੰਸਾਰ ਪ੍ਰਸਿੱਧ ਈਸਾਈ ਮਿਸ਼ਨਰੀ ਸੰਸਥਾ, ਸਾਲਵੇਸ਼ਨ ਆਰਮੀ ਨੇ ਸਿੱਖ ਸੰਸਥਾ ਨੂੰ ਇਸ ਤਰ੍ਹਾਂ ਦਾ ਮਾਣ ਦਿੱਤਾ ਹੈ।

# ਸਿੱਖ ਆਰਟਸ ਐਂਡ ਕਲਚਰਲ ਐਸੋਸੀਏਸ਼ਨ ਵੱਲੋਂ ਚੈਰਿਟੀ ਸਾਈਕਲ ਯਾਤਰਾ

### *ਹੁਣ ਤਕ 6 ਲੱਖ ਪੌਂਡ ਦਾਨ ਵੱਜੋਂ ਇਕੱਠੇ ਕੀਤੇ ਜਾ ਚੁੱਕੇ ਹਨ*

**ਲੰਡਨ/ਮਨਦੀਪ ਖੁਰਮੀ :** ਸਿੱਖ ਆਰਟਸ ਐਂਡ ਕਲਚਰਲ ਐਸੋਸੀਏਸ਼ਨ (ਸਾਕਾ) ਵੱਲੋ ਕਰਵਾਈ ਗਈ 130 ਮੀਲ ਲੰਬੀ ਚੈਰਿਟੀ ਸਾਈਕਲ ਯਾਤਰਾ ਬਰਮਿੰਘਮ ਤੋਂ ਚੱਲਕੇ ਸਾਊਥਾਲ ਪਾਰਕ ਵਿਖੇ ਸਮਾਪਤ ਹੋਈ। ਲਗਭਗ ਸੌ ਕੁ ਸਾਈਕਲ ਚਾਲਕ 18 ਜੁਲਾਈ ਸਵੇਰੇ ਅੱਠ ਵਜੇ ਬਰਮਿੰਘਮ ਦੇ ਸਮੈਦਿਕ ਗੁਰਦੁਆਰਾ ਸਾਹਿਬ ਤੋਂ ਯਾਤਰਾ ਸ਼ੁਰੂ ਕਰਕੇ ਕਵੈਂਟਰੀ, ਡਾਵੈਂਟਰੀ, ਅਤੇ ਮਿਲਟਨ ਕੀਨ ਹੁੰਦੇ ਹੋਏ ਰਾਤ ਨੂੰ ਲੂਟਨ ਪਹੁੰਚੇ। ਰਾਤ ਗੁਰਦੁਆਰਾ ਸਾਹਿਬ ਵਿਖੇ ਰੁਕਣ ਤੋਂ ਬਾਅਦ 19 ਜੁਲਾਈ ਨੂੰ ਸੇਂਟ ਅਲਬਾਨਜ, ਰੈਡਲੈੱਟ, ਐਲਸਟਰੀ ਅਤੇ ਹੈਰੋਅ ਹੁੰਦੇ ਹੋਏ ਸਾਊਥਾਲ ਪਹੁੰਚੇ। ਸਾਰੇ ਚਾਲਕ, ਵਾਲੰਟੀਅਰ, ਪ੍ਰਬੰਧਕ ਬਰਾਡਵੇਅ 'ਤੇ ਡੀਜੇ ਲਾ ਕੇ ਭੰਗੜੇ ਪਾਉਂਦੇ ਹੋਏ ਸਾਊਥਾਲ ਪਾਰਕ ਵਿਚ ਗਏ, ਜਿੱਥੇ ਸਾਰੇ ਚਾਲਕਾਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਸਾਕਾ ਵੱਲੋਂ ਬੌਬੀ, ਹਾਰਮੀ, ਪਾਲਾ ਤੇ ਦੇਵ ਨੇ ਦੱਸਿਆ ਕਿ ਇਹ ਯਾਤਰਾ ਪਿਛਲੇ 35 ਵਰਿਆਂ ਤੋਂ ਲਗਾਤਾਰ ਚੱਲ ਰਹੀ ਹੈ ਤੇ ਹੁਣ ਤਕ ਬੱਚਿਆਂ ਦੀਆਂ ਚੈਰਿਟੀਆਂ ਲਈ ਛੇ ਲੱਖ ਤੋਂ ਵੱਧ ਪਾਊਂਡ ਇੱਕਠੇ ਕੀਤੇ ਜਾ ਚੁੱਕੇ ਹਨ। ਪਿਛਲੇ ਸਾਲ ਬਰਮਿੰਘਮ ਚਿਲਡਰਨ ਹਾਸਪਿਟਲ ਲਈ ਵੀਹ ਹਜਾਰ ਪਾਊਂਡ ਇਕੱਤਰ ਹੋਏ ਸਨ। ਇਸ ਵਾਰ ਦੇ ਦਾਨ ਨਾਲ "ਸਾਕਾ ਸਮਾਈਲ ਬੱਸ" ਖਰੀਦੀ ਜਾਵੇਗੀ ਜਿਹੜੀ ਕਿ ਡਿਸਬਿਲਟੀ ਚੈਰਿਟੀਜ਼ ਲਈ ਵਰਤੀ ਜਾਵੇਗੀ।








DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਨੁਮਾਇਸ਼ ਨੂੰ ਫਰਿਜ਼ਨੋ ਤੇ ਫਰੀਮੌਂਟ 'ਚ ਭਰਵਾਂ ਹੁੰਗਾਰਾ

## ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਵਿਖੇ ਲਾਏ ਗਏ ਆਰਟ ਕੈਂਪ 'ਚ ਬੱਚਿਆਂ ਨੇ ਸਿਰਜੇ ਖ਼ੂਬਸੂਰਤ ਚਿੱਤਰ






**ਫਰਿਜ਼ਨੋ/ਏਟੀ ਨਿਊਜ਼ :**
ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਫਰਿਜ਼ਨੋ ਵਿਖੇ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਚਿਤੇਰੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਨੁਮਾਇਸ਼ ਅਤੇ ਆਰਟ ਕੈਂਪ ਬਹੁਤ ਹੀ ਸਫ਼ਲਤਾਪੂਰਬਕ ਸਮਾਪਤ ਹੋਏ। ਫਰਿਜ਼ਨੋ ਨੇੜਲੇ ਇਲਾਕੇ ਤੋਂ ਇਲਾਵਾ ਦੂਰ-ਦੁਰਾਡੇ ਸ਼ਹਿਰਾਂ ਤੋਂ ਪੰਜਾਬੀ ਕਲਾ ਉਪਾਸ਼ਕਾਂ ਨੇ ਇੱਥੇ ਪੁੱਜ ਕੇ ਕਲਾਕਾਰਾਂ ਅਤੇ ਪ੍ਰਬੰਧਕਾਂ ਦੇ ਵਿਲੱਖਣ ਉੱਦਮ ਦੀ ਦਾਦ ਦਿੱਤੀ। ਇਸ ਦੇ ਨਾਲ ਹੀ ਆਰਟ ਕੈਂਪ 'ਚ ਬੱਚਿਆਂ ਨੇ ਖ਼ੂਬਸੂਰਤ ਚਿੱਤਰ ਸਿਰਜੇ।
ਉੱਤਰੀ ਅਮਰੀਕਾ ਵਿੱਚ ਪਹਿਲੀ ਵਾਰ ਕਿਸੇ ਸਿੱਖ ਕਲਾਕਾਰ ਦੇ ਚਿੱਤਰਾਂ ਦੀ ਇੰਨੀ ਵੱਡੀ ਪੱਧਰ ਉੱਤੇ ਲਾਈ ਗਈ ਨੁਮਾਇਸ਼ ਨੂੰ ਵੇਖਣ ਲਈ ਹਰ ਰੋਜ਼ ਸਵੇਰੇ 10:00 ਵਜੇ ਤੋਂ ਸ਼ਾਮੀਂ 7:00 ਵਜੇ ਤੱਕ ਲੋਕ ਵੱਡੀ ਪੱਧਰ ਉੱਤੇ ਪੁੱਜੇ ਜਿਨ੍ਹਾਂ ਵਿੱਚ ਬਜ਼ੁਰਗ ਔਰਤਾਂ, ਹਰ ਉਮਰ ਦੇ ਪੰਜਾਬੀ, ਬੀਬੀਆਂ, ਨੌਜਵਾਨ, ਬੱਚੇ ਅਤੇ ਹੋਰਨਾਂ ਭਾਈਚਾਰਿਆਂ ਦੇ ਲੋਕ ਸ਼ਾਮਲ ਸਨ।
ਪੰਜਾਬੀ ਰੇਡੀਓ ਯੂਐੱਸਏ. ਦੇ ਸਹਿਯੋਗ ਨਾਲ ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਫਰਿਜ਼ਨੋ (Punjabi Cultural Center USA 2125 N Barton Ave, FRESNO, CA 93703) ਵਿਖੇ ਲਾਈ ਇਸ ਪੰਜ ਰੋਜ਼ਾ ਨੁਮਾਇਸ਼ ਦਾ 13 ਜੁਲਾਈ ਨੂੰ ਉੱਘੇ ਪੱਤਰਕਾਰ ਬਲਤੇਜ ਪੰਨੂ ਵਲੋਂ ਉਦਘਾਟਨ ਕਰਨ ਮੌਕੇ ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਫਰਿਜ਼ਨੋ ਦਾ ਮੁੱਖ ਹਾਲ ਖਚਾਖਚ ਭਰਿਆ ਹੋਇਆ ਸੀ। ਪੰਜਾਬੀ ਕਲਚਰਲ ਸੈਂਟਰ ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਜਰਨੈਲ ਸਿੰਘ ਆਰਟਿਸਟ ਦੀ ਸਿੱਖ ਤੇ ਪੰਜਾਬੀ ਚਿੱਤਰਕਲਾ ਖੇਤਰ ਨੂੰ ਬਹੁਮੁੱਲੀ ਦੇਣ ਦਾ ਜ਼ਿਕਰ ਕਰਦਿਆਂ ਪਰਿਵਾਰ ਸਮੇਤ ਫਰੈਜ਼ਨੋਂ ਪੁਜਣ ਉੱਤੇ ਸਵਾਗਤ ਕੀਤਾ। ਫਰਿਜ਼ਨੋ ਇਲਾਕੇ ਵਿੱਚ ਪਹਿਲੀ ਵਾਰ ਲਾਈ ਆਪਣੀ ਕਿਸਮ ਦੀ ਇਸ 5 ਰੋਜ਼ਾ ਨੁਮਾਇਸ਼ ਵਿੱਚ ਜਰਨੈਲ ਸਿੰਘ ਦੇ ਸ਼ਾਹਕਾਰ ਚਿੱਤਰ ਸ਼ਾਮਲ ਸਨ। ਬਹੁਤ ਸਾਰੀਆਂ ਪੇਟਿੰਗਜ਼ ਅਤੇ ਉਨ੍ਹਾਂ ਦੇ ਰੀਪ੍ਰਿੰਟ ਖਰੀਦਣ ਲਈ ਕਲਾ ਉਪਾਸ਼ਕਾਂ ਨੇ ਕਾਫ਼ੀ ਉਤਸ਼ਾਹ ਵਿਖਾਇਆ। ਇਸ ਦੌਰਾਨ ਲਾਏ 4 ਰੋਜ਼ਾ ਪੰਜਾਬੀ ਆਰਟ ਕੈਂਪ ਵਿੱਚ ਜਰਨੈਲ ਆਰਟਸ ਸਰੀ, ਕਨੇਡਾ

ਬਾਕੀ ਸਫ਼ਾ 28 'ਤੇ

## ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸਿੱਖ ਚਿੱਤਰਕਲਾ ਦੀ ਨੁਮਾਇਸ਼ ਦਾ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ




**ਫਰੀਮੌਂਟ/ਏਟੀ ਨਿਊਜ਼ :**
ਉੱਘੇ ਸਿੱਖ ਚਿੱਤਰਕਾਰ ਜਰਨੈਲ ਸਿੰਘ ਦੀਆਂ ਸਿੱਖ ਇਤਿਹਾਸ ਦੇ ਵੱਖ ਵੱਖ ਪਹਿਲੂਆਂ ਨੂੰ ਦਰਸਾਉਂਦੀਆਂ ਸ਼ਾਹਕਾਰ ਪੇਟਿੰਗਜ਼ ਦੀ ਲੰਘੇ ਐਤਵਾਰ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਲਾਈ ਗਈ ਨੁਮਾਇਸ਼ ਦਾ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ। ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਵੱਡੀ ਗਿਣਤੀ ਵਿੱਚ ਲੋਕਾਂ ਨੇ ਨੁਮਾਇਸ਼ ਵਿੱਚ ਪੁੱਜ ਕੇ ਚਿੱਤਰਕਾਰ ਜਰਨੈਲ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਬੀਬੀ ਬਲਜੀਤ ਕੌਰ, ਨੀਤੀ ਸਿੰਘ, ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਕਲਾ ਨੁਮਾਇਸ਼ ਦਾ ਉੱਦਮ ਕਰਨ ਬਦਲੇ ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਅਤੇ ਪੰਜਾਬੀ ਰੇਡੀਓ ਯੂਐੱਸਏ. ਦੀ ਸਮੂਹ ਟੀਮ ਦੀ ਹੌਂਸਲਾਅਫਜ਼ਾਈ ਕੀਤੀ।
ਸਿੱਖ ਸੰਘਰਸ਼ ਦੇ ਉੱਘੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦਾ ਚਿੱਤਰ ਨੁਮਾਇਸ਼ ਦੌਰਾਨ ਖ਼ਾਸ ਖਿੱਚ ਦਾ ਕੇਂਦਰ ਸੀ। ਵਿਸ਼ੇਸ਼ ਗੱਲ ਇਹ ਕਿ ਸ਼ਹੀਦ ਖਾਲੜਾ ਦੀ ਧੀ ਬੀਬੀ ਨਵਕਿਰਨ ਕੌਰ ਖਾਲੜਾ ਇਸ ਚਿੱਤਰ ਨੂੰ ਲੈਣ ਲਈ ਆਪਣੇ ਪਤੀ ਭਾਈ ਦਲਬੀਰ ਸਿੰਘ ਸਮੇਤ ਉਚੇਚਾ ਪੁੱਜੇ।
ਫਰੀਮੌਂਟ ਵਿਖੇ ਇਸ ਨੁਮਾਇਸ਼ ਨੂੰ ਸਫ਼ਲ ਬਣਾਉਣ ਲਈ ਸਮੁੱਚੀ ਸਿੱਖ ਸੰਗਤ, ਭਾਈ ਜਸਵਿੰਦਰ ਸਿੰਘ ਜੰਡੀ, ਜਸਦੇਵ ਸਿੰਘ, ਦਵਿੰਦਰ ਸਿੰਘ , ਬਲਜੀਤ ਸਿੰਘ, ਬਲਵਿੰਦਰ ਸਿੰਘ ਲਾਲੀ ਧਨੋਆ, ਜਸਵੀਰ ਸਿੰਘ ਗੋਰਖਾ ਅਤੇ ਗੁਰਜੀਤ ਸਿੰਘ ਬਰਾੜ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਿੰਘ ਸਾਈਨਜ਼ ਦੇ ਰਾਜਿੰਦਰ ਸਿੰਘ ਨੇ ਕਲਾ ਨੁਮਾਇਸ਼ ਦੇ

ਬਾਕੀ ਸਫ਼ਾ 28 'ਤੇ


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.

Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਬੁੱਧੀਜੀਵੀਆਂ ਦੀ ਇਕੱਤਰਤਾ

**ਸੰਗਰੂਰ/ਜਗਸੀਰ ਲੌਂਗੋਵਾਲ :** 550-ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕਰਵਾਏ ਜਾਣ ਵਾਲੇ ਸੈਮੀਨਾਰਾਂ ਦੇ ਸਬੰਧ ਵਿਚ ਇਕ ਇਕੱਤਰਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਵਿੱਚ ਇਤਿਹਾਸਕ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਵਿਖੇ ਕੀਤੀ ਗਈ। ਇਕੱਤਰਤਾ ਦੌਰਾਨ ਗਠਿਤ ਸਬ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ, ਮੈਂਬਰ ਗੁਰਮੀਤ ਸਿੰਘ ਬੂਹ, ਮੈਂਬਰ ਬੀਬੀ ਹਰਜਿੰਦਰ ਕੌਰ, ਬੀਬੀ ਕੁਲਦੀਪ ਕੌਰ ਟੌਹੜਾ, ਬੀਬੀ ਪਰਮਜੀਤ ਕੌਰ ਲਾਂਡਰਾਂ, ਸਹਾ. ਡਾਇਰੈਕਟਰ (ਸਕੂਲਾਂ) ਬੀਬੀ ਸਤਵੰਤ ਕੌਰ ਸਮੇਤ ਕਮੇਟੀ ਦੇ ਕੋਆਰਡੀਨੇਟਰ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ, ਅੰਤ੍ਰਿਗ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ, ਮੀਤ ਸਕੱਤਰ ਸਿਮਰਜੀਤ ਸਿੰਘ, ਇੰਚਾਰਜ ਭਗਵੰਤ ਸਿੰਘ ਧੰਗੇੜਾ, ਮੈਨੇਜਰ ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਬੁੱਧੀਜੀਵੀ ਵਰਗ ਦੀ ਇਸ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ 550-ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਸੈਮੀਨਾਰਾਂ ਰਾਹੀਂ ਸ਼੍ਰੋਮਣੀ ਕਮੇਟੀ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਫ਼ਲਸਫ਼ੇ ਨੂੰ ਅਮਲੀਜਾਮਾ ਪਹਿਨਾਵੇਗੀ। ਭਾਈ ਲੌਂਗੋਵਾਲ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਚੁਣੌਤੀਆਂ ਦਾ ਹੱਲ ਗੁਰੂ ਸਾਹਿਬ ਦੀ ਫ਼ਿਲਾਸਫ਼ੀ ਨਾਲ ਸੰਭਵ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਸਮੁੱਚੇ ਸੰਸਾਰ ਅੰਦਰ ਮਨੁੱਖਤਾ ਅੱਗੇ ਗੰਭੀਰ ਚੁਣੌਤੀਆਂ ਦਾ ਉਭਾਰ ਹੈ ਪਰ ਸ਼ਬਦ-ਗੁਰੂ ਦੇ ਆਸਰੇ ਨਾਲ ਦੁਨੀਆ ਦੀ ਹਰ ਸਮੱਸਿਆ ਦਾ ਹੱਲ ਹੋ ਸਕਦਾ ਹੈ।



ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਬੁੱਧੀਜੀਵੀ ਵਰਗ ਨੂੰ ਪ੍ਰਕਾਸ਼ ਪੁਰਬ ਸਮਾਗਮਾਂ ਅਤੇ ਸੈਮੀਨਾਰਾਂ ਦਾ ਹਿੱਸਾ ਬਣਨ ਦਾ ਸੱਦਾ ਦਿੰਦਿਆਂ ਕਿਹਾ ਕਿ ਜਿੱਥੇ ਸ਼੍ਰੋਮਣੀ ਕਮੇਟੀ ਆਪਣੇ ਪੱਧਰ 'ਤੇ ਕਾਰਜਾਂ ਵਿਚ ਲੱਗੀ ਹੋਈ ਹੈ, ਉੱਥੇ ਹੀ ਬੁੱਧੀਜੀਵੀ ਵਰਗ ਨੂੰ ਆਪੋ-ਆਪਣੇ ਪੱਧਰ 'ਤੇ ਗੁਰੂ ਸਾਹਿਬ ਦੀ ਵਿਚਾਰਧਾਰਾ, ਸਿਧਾਂਤ ਅਤੇ ਉਪਦੇਸ਼ ਨੂੰ ਦੁਨੀਆ ਦੇ ਕੋਨੇ-ਕੋਨੇ ਤਕ ਪਹੁੰਚਾਉਣ ਲਈ ਅਹਿਮ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਪ੍ਰਕਾਸ਼ ਪੁਰਬ ਸਮਾਗਮਾਂ ਰਾਹੀਂ ਗੁਰੂ ਸਾਹਿਬ ਦੇ ਸੰਦੇਸ਼ ਨੂੰ ਅੰਤਰਰਾਸ਼ਟਰੀ ਪੱਧਰ ਤਕ ਪਹੁੰਚਾਇਆ ਜਾਵੇ। ਇਸ ਉਪਰੰਤ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਵਿਚ ਗਠਿਤ ਸਬ ਕਮੇਟੀ ਦੀ ਮੀਟਿੰਗ ਵੀ ਕੀਤੀ ਗਈ। ਮੀਟਿੰਗ ਦੌਰਾਨ ਮੈਂਬਰਾਂ ਨਾਲ ਦੀਰਘ ਵਿਚਾਰਾਂ ਕਰਨ ਤੋਂ ਬਾਅਦ ਸੈਮੀਨਾਰਾਂ ਦੀਆਂ ਤਰੀਕਾਂ ਦਾ ਐਲਾਨ ਅਗਲੀ ਇਕੱਤਰਤਾ ਵਿਚ ਕਰਨ ਦਾ ਫ਼ੈਸਲਾ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਗੁਰਨਾਮ ਸਿੰਘ, ਡਾਇਰੈਕਟਰ ਡਾ. ਚਮਕੌਰ ਸਿੰਘ, ਡਾ. ਪਰਮਵੀਰ ਸਿੰਘ, ਮੈਂਬਰ ਸੰਤਾ ਸਿੰਘ ਉਮੇਦਪੁਰੀ, ਮੈਂਬਰ ਜੈਪਾਲ ਸਿੰਘ ਮੰਡੀਆਂ ਸਮੇਤ ਅਕਾਊਟੈਂਟ ਹਰਵਿੰਦਰ ਸਿੰਘ ਚੰਗਾਲ, ਤਖ਼ਤਪਾਲ ਸਿੰਘ ਆਦਿ ਹਾਜ਼ਰ ਸਨ।

## ਗੁਰਦੁਆਰਾ ਸਾਹਿਬ ਫ਼ਰਜ਼ਿਨੋ 'ਚ ਗਿੱਧਾ-ਭੰਗੜਾ ਸਿਖਾਏ ਜਾਣ ਦਾ ਜਥੇਦਾਰ ਅਕਾਲ ਤਖਤ ਨੇ ਲਿਆ ਸਖ਼ਤ ਨੋਟਿਸ

**ਅੰਮ੍ਰਿਤਸਰ/ਏਟੀ ਨਿਊਜ਼ :** ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿਚ ਗੁਰਦੁਆਰਾ ਸਾਹਿਬ ਦੀ ਹਦੂਦ ਵਿਖੇ ਕਥਿਤ ਤੌਰ 'ਤੇ ਫ਼ਿਲਮੀ ਗਾਣਿਆਂ ਨਾਲ ਬੱਚਿਆਂ ਨੂੰ ਗਿੱਧਾ ਭੰਗੜਾ ਸਿਖਾਏ ਜਾਣ ਲਈ ਲਗਾਏ ਕੈਂਪ ਦਾ ਸਖ਼ਤ ਨੋਟਿਸ ਲੈਂਦਿਆਂ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਇਸ ਕੈਂਪ 'ਤੇ ਤੁਰੰਤ ਰੋਕ ਲਗਾਉਣ ਤੇ ਪ੍ਰਬੰਧਕਾਂ ਨੂੰ 15 ਦਿਨਾਂ ਅੰਦਰ ਸਪੱਸ਼ਟੀਕਰਨ ਦੇਣ ਦੀ ਹਦਾਇਤ ਕੀਤੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਫਰਿਜ਼ਨੋ ਵਾਸੀ ਮਨਜੀਤ ਸਿੰਘ ਨਾਂ ਦੇ ਇਕ ਸ਼ਰਧਾਲੂ ਵਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਫਰਜ਼ਿਨੋ ਦੇ ਗੁਰਦੁਆਰਾ ਸਿੰਘ ਸਭਾ ਸਾਹਿਬ ਵਿਖੇ ਗੁਰੂ ਹਰਗੋਬਿੰਦ ਸੰਗੀਤ ਤੇ ਡਾਂਸ ਅਕੈਡਮੀ ਦੇ ਗੁਰਦੀਪ ਸ਼ੇਰਗਿੱਲ ਨਾਂਅ ਦੇ ਵਿਅਕਤੀ ਵਲੋਂ ਕੈਂਪ ਲਗਾ ਕੇ ਫ਼ਿਲਮੀ ਗਾਣਿਆਂ ਦੇ ਨਾਲ ਗਿੱਧਾ ਭੰਗੜਾ ਸਿਖਾਇਆ ਜਾ ਰਿਹਾ ਹੈ। ਇਸ 'ਤੇ ਸਿੰਘ ਸਾਹਿਬ ਨੇ ਸਖ਼ਤ ਨੋਟਿਸ ਲੈਂਦਿਆਂ ਪ੍ਰਬੰਧਕਾਂ ਨੂੰ ਇਸ ਕੈਂਪ 'ਤੇ ਰੋਕ ਲਗਾਏ ਜਾਣ ਦੇ ਨਾਲ-ਨਾਲ 15 ਦਿਨਾਂ ਅੰਦਰ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਹੈ।

## ਯੂਨਾਈਟਿਡ ਖਾਲਸਾ ਦਲ ਯੂਕੇ ਵੱਲੋਂ ਚੰਡੀਗੜ੍ਹ 'ਚ ਸਿੱਖਾਂ 'ਤੇ ਹੋਏ ਵਹਿਸ਼ੀ ਜ਼ੁਲਮ ਦੀ ਸਖਤ ਨਿਖੇਧੀ

### *ਕੈਪਟਨ ਅਮਰਿੰਦਰ ਨੇ ਵੀ ਬਾਦਲਕਿਆਂ ਵਾਲਾ ਰਾਹ ਫੜਿਆ*

**ਲੰਡਨ/ਏਟੀ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂਕੇ ਵੱਲੋਂ ਕੈਪਟਨ ਦੇ ਇਸ਼ਾਰੇ 'ਤੇ ਚੰਡੀਗੜ੍ਹ ਵਿਚ ਸਿੱਖਾਂ ਸੰਗਤਾਂ 'ਤੇ ਕੀਤੇ ਗਏ ਵਹਿਸ਼ੀ ਜ਼ੁਲਮ ਦੀ ਸਖਤ ਨਿਖੇਧੀ ਕੀਤੀ ਗਈ ਹੈ। ਦਲ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਬਖਸ਼ੇ ਹੋਏ ਸਿਧਾਂਤ ਅਨੁਸਾਰ ਹੀ ਹਾਕਮ ਧਿਰ ਤੋਂ ਇਨਸਾਫ ਲਿਆ ਜਾ ਸਕਦਾ ਹੈ। ਕਾਤਲ ਕਦੇ ਕਤਲ ਦਾ ਇਨਸਾਫ ਨਹੀਂ ਦੇ ਸਕਦਾ ਹੈ। ਜਿਸ ਤਰਾਂ ਭਾਰਤੀ ਸੁਪਰੀਮ ਕੋਰਟ ਨੇ ਨਵੰਬਰ 1984 ਵਿੱਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਜ਼ਮਾਨਤਾਂ ਦਿੱਤੀਆਂ ਹਨ, ਉਸ ਨਾਲ ਇਹ ਸਾਬਤ ਹੁੰਦਾ ਹੈ ਕਿ ਹਿੰਦੋਸਤਾਨ ਵਿੱਚ ਸਿੱਖਾਂ ਸਮੇਤ ਸਮੂਹ ਘੱਟ ਗਿਣਤੀ ਕੌਮਾਂ ਨੂੰ ਕਦੇ ਵੀ ਇਨਸਾਫ ਨਹੀਂ ਮਿਲ ਸਕਦਾ। ਭਾਈ ਦਇਆ ਸਿੰਘ ਲਾਹੌਰੀਆ ਵਰਗੇ ਸਿੱਖ ਨੌਜਵਾਨ ਢਾਈ-ਢਾਈ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਹਨ, ਜਿਹਨਾਂ ਨੂੰ ਪੈਰੋਲ ਵੀ ਨਹੀਂ ਦਿੱਤੀ ਜਾ ਰਹੀ, ਦੂਜੇ ਪਾਸੇ ਹਾਈ ਕੋਰਟ ਵਲੋਂ ਦੋਸ਼ੀ ਠਹਿਰਾਏ ਗਏ ਅਤੇ ਸਜ਼ਾਯਾਫਤਾ ਵਿਅਕਤੀਆਂ ਨੂੰ ਜ਼ਮਾਨਤਾਂ 'ਤੇ ਛੱਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦੀਆਂ ਕਸਮਾਂ ਖਾ ਕੇ ਪੰਜਾਬ ਦੇ ਲੋਕਾਂ ਦੀਆਂ ਵੋਟਾਂ ਲੁੱਟਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਤੋਂ ਪਹਿਲਾਂ ਦੇ ਪੰਜਾਬ ਦੇ ਸਾਬਕਾ ਮੁੱਖ ਮੰਤਰੀਆਂ ਭੀਮਸੈਨ ਸੱਚਰ, ਬੇਅੰਤ ਸਿੰਘ, ਪ੍ਰਤਾਪ ਸਿੰਘ ਕੈਰੋਂ, ਦਰਬਾਰਾ ਸਿੰਘ, ਬਰਨਾਲੇ ਅਤੇ ਜਨਸੰਘੀ ਪ੍ਰਕਾਸ਼ ਸਿੰਘ ਬਾਦਲ ਵਾਲਾ ਹੀ ਜ਼ੁਲਮੀਂ ਰਾਹ ਅਖਤਿਆਰ ਕਰ ਲਿਆ ਹੈ। ਉਨ੍ਹਾਂ ਅਮਰਿੰਦਰ ਸਿੰਘ ਨੂੰ ਚੇਤੇ ਕਰਵਾਇਆ ਕਿ ਕੁਦਰਤ ਦਾ ਇੱਕ ਅਟੱਲ ਅਸੂਲ ਹੈ ਕਿ ਜ਼ੁਲਮੀਂ ਰਾਜ ਦੀ ਜੜ੍ਹ ਜ਼ਰੂਰ ਪੁੱਟੀ ਜਾਂਦੀ ਰਹੀ ਹੈ ਕਿਉਂਕਿ ਅੱਤ ਖੁਦਾ ਦਾ ਵੈਰ ਮੰਨਿਆ ਗਿਆ ਹੈ। ਜੋ ਸੀਬੀਆਈ ਨੂੰ ਮੰਗ ਪੱਤਰ ਦੇਣ ਜਾ ਰਹੀਆਂ, ਸਿਮਰਨ ਕਰਦੀਆਂ ਸਿੱਖ ਸੰਗਤਾਂ ਉਪਰ ਗੰਦੇ ਪਾਣੀ ਦੀਆਂ ਬੁਛਾੜਾਂ ਕਰਕੇ, ਉਹਨਾਂ ਦੀਆਂ ਪੱਗਾਂ ਰੋਲੀਆਂ ਗਈਆਂ ਹਨ, ਅੱਥਰੂ ਗੈਸ ਦੇ ਗੋਲੇ ਅਤੇ ਲਾਠੀਚਾਰਜ ਕਰਾ ਕੇ ਅਨੇਕਾਂ ਸਿੱਖਾਂ ਨੂੰ ਜਖਮੀ ਕੀਤਾ ਗਿਆ ਹੈ, ਇਸ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਬੁਰੀ ਤਰਾਂ ਵਲੂੰਧਰੀਆਂ ਗਈਆਂ ਹਨ ਅਤੇ ਕੈਪਟਨ ਨੂੰ ਇਸ ਦਾ ਹਿਸਾਬ ਖਾਲਸਾ ਪੰਥ ਨੂੰ ਜ਼ਰੂਰ ਦੇਣਾ ਪਵੇਗਾ।

ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਭਾਰਤ ਦੀ ਹਿੰਦੂਤਵੀ ਲਾਬੀ ਨੂੰ ਸਪੱਸ਼ਟ ਸੁਨੇਹਾ ਦਿੱਤਾ ਗਿਆ ਹੈ ਕਿ ਖਾਲਿਸਤਾਨ ਸਿੱਖਾਂ ਦਾ ਕੌਮੀ ਨਿਸ਼ਾਨਾ ਹੈ, ਜਿਸ ਦੀ ਪੂਰਤੀ ਵਾਸਤੇ ਚੱਲ ਰਹੇ ਸੰਘਰਸ਼ ਦੌਰਾਨ ਅਣਗਿਣਤ ਸਿੱਖਾਂ ਦੀਆਂ ਸ਼ਹਾਦਤਾਂ ਹੋ ਚੁੱਕੀਆਂ ਹਨ। ਇਹ ਸੰਘਰਸ਼ ਵੱਖ-ਵੱਖ ਤਰੀਕਿਆਂ ਨਾਲ ਉਤਰਾਵਾਂ-ਚੜ੍ਹਾਵਾਂ ਦਾ ਸਫਰ ਤਹਿ ਕਰਦਾ ਹੋਇਆ, ਵੱਖ-ਵੱਖ ਮੋੜਾਂ ਵਿੱਚੋਂ ਲੰਘਦਾ ਹੋਇਆ ਹੋਇਆ ਨਿਰੰਤਰ ਜਾਰੀ ਹੈ। ਹੱਕ, ਸੱਚ, ਇਨਸਾਫ ਅਤੇ ਧਰਮ 'ਤੇ ਅਧਾਰਿਤ ਖਾਲਿਸਤਾਨ ਦੇ ਇਸ ਕੌਮੀ ਸੰਘਰਸ਼ ਦੀ ਐਲਾਨੀਆਂ ਜੰਗ ਦਾ ਆਗਾਜ਼ ਜੂਨ-1984 ਦੇ ਖੂਨੀ ਘੱਲੂਘਾਰੇ ਦੌਰਾਨ ਸੰਤ ਜਰਨੈਲ ਸਿੰਘ ਜੀ ਖਾਲਸਾ

ਬਾਕੀ ਸਫ਼ਾ 28 'ਤੇ

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਸ਼ਿਰੋਮਣੀ ਅਕਾਲੀ ਦਲ (ਅ) ਯੂਕੇ. ਦੀ ਆਗੂ ਬੀਬੀ ਤਜਿੰਦਰ ਕੌਰ ਨੂੰ ਸਦਮਾ

### *ਵੀਰ ਹਰਬਿੰਦਰ ਸਿੰਘ ਦਾ ਅਕਾਲ ਚਲਾਣਾ*

**ਲੰਡਨ/ਏਟੀ ਨਿਊਜ਼ :** ਸ਼ਿਰੋਮਣੀ ਅਕਾਲੀ ਦਲ (ਅ) ਯੂਕੇ. ਵੱਲੋਂ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਗਿਆ ਹੈ ਕਿ ਪਾਰਟੀ ਦੇ ਵੁਮੈਨ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਬੀਬੀ ਤਜਿੰਦਰ ਕੌਰ ਜੀ ਦੇ ਛੋਟੇ ਵੀਰ ਸ. ਹਰਬਿੰਦਰ ਸਿੰਘ 14 ਜੁਲਾਈ ਐਤਵਾਰ ਵਾਲੇ ਦਿਨ ਸਦੀਵੀ ਵਿਛੋੜਾ ਦੇ ਗਏ ਹਨ। ਬੀਬੀ ਤਜਿੰਦਰ ਕੌਰ ਜੀ ਆਪਣੇ ਪਤੀ ਅਤੇ ਨੌਜਵਾਨ ਸਪੁੱਤਰ ਸਿੱਖ ਟੀਵੀ. ਦੇ ਸੰਸਥਾਪਕ ਸ. ਗਗਨਦੀਪ ਸਿੰਘ ਦੇ ਸਦੀਵੀ ਵਿਛੋੜੇ ਦਾ ਦਰਦ ਪਹਿਲਾਂ ਹੀ ਹੰਢਾ ਰਹੇ ਸਨ। ਪਰਿਵਾਰ ਨੇ ਅਜੇ ਕੁਝ ਸਮਾਂ ਪਹਿਲਾਂ ਹੀ ਆਪਣੀ ਬੇਟੀ ਬੀਬੀ ਅਮਨਦੀਪ ਕੌਰ (ਜੋ ਕਿ ਪਾਰਟੀ ਦੇ ਲੀਗਲ ਅਡਵਾਈਜ਼ਰ ਹਨ), ਦਾ ਅਨੰਦ ਕਾਰਜ ਕੀਤਾ ਹੈ। ਪਾਰਟੀ ਵੱਲੋਂ ਕਿਹਾ ਗਿਆ ਹੈ ਕਿ ਆਪਣਿਆਂ ਦੇ ਵਿਛੋੜੇ ਦੇ ਡੂੰਘੇ ਜ਼ਖਮ ਸਦੀਵੀ ਕਾਲ ਲਈ ਦਰਦ ਦਿੰਦੇ ਰਹਿੰਦੇ ਹਨ, ਇਸ ਤਰ੍ਹਾਂ ਸ. ਹਰਬਿੰਦਰ ਸਿੰਘ ਦਾ ਇਹ ਸਦੀਵੀ ਵਿਛੋੜਾ ਪਰਿਵਾਰ ਨੂੰ ਗਹਿਰਾ ਦਰਦ ਦੇ ਗਿਆ ਹੈ। ਸਮੁੱਚੀ ਪਾਰਟੀ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋ ਕੇ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾਂ ਮੰਨਣ ਦਾ ਬਲ ਬਖਸ਼ਣ। ਮੀਡੀਆ ਇੰਚਾਰਜ ਜਗਤਾਰ ਸਿੰਘ ਵਿਰਕ ਵੱਲੋਂ ਇਹ ਬਿਆਨ ਜਾਰੀ ਕਰਦੇ ਹੋਏ ਕਿਹਾ ਗਿਆ ਹੈ ਕਿ ਅੰਤਮ ਸੰਸਕਾਰ ਸਬੰਧੀ ਹੋਰ ਲੋੜੀਂਦੀ ਜਾਣਕਾਰੀ ਮਿਲਣ ‘ਤੇ ਮੀਡੀਆ ਰਾਹੀਂ ਸਭ ਨਾਲ ਸਾਂਝੀ ਕੀਤੀ ਜਾਵੇਗੀ।

### ਦਲਜੀਤ ਸਿੰਘ ਸੇਖੋਂ ਦਾ ਦੇਹਾਂਤ, ਅੰਤਿਮ ਸੰਸਕਾਰ 27 ਨੂੰ

**ਯੂਨੀਅਨ ਸਿਟੀ/ਏਟੀ ਨਿਊਜ਼ :** ਯੂਨੀਅਨ ਸਿਟੀ CE/F Miller court ਦੇ ਸ. ਦਲਜੀਤ ਸਿੰਘ ਸੇਖੋਂ ਸਪੁੱਤਰ ਸ. ਜਗਤ ਸਿੰਘ ਸੇਖੋਂ, ਲੰਘੀ 07.07. 2019 ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਜਨਮ ਸਥਾਨ ਪੰਜਾਬ ਵਿਚ ਪਟਿਆਲਾ ਸੀ। ਉਹ ਆਪਣੇ ਪਿੱਛੇ ਦੋ ਬੇਟੇ ਤੇ ਇਕ ਬੇਟੀ, ਪੋਤਾ ਤੇ ਪੋਤੀ ਛੱਡ ਗਏ ਹਨ। ਸਵਰਗੀ ਦਲਜੀਤ ਸਿੰਘ ਸੇਖੋਂ ਦਾ ਅੰਤਿਮ ਸੰਸਕਾਰ 27 ਜੁਲਾਈ ਨੂੰ ਚੈਪਲ ਆਫ਼ ਚਾਈਮ ਫਿਊਨਰਲ ਹੇਵਰਡ ਵਿਖੇ ਹੋਵੇਗਾ। ਉਪਰੰਤ ਭੋਗ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਹੋਵੇਗਾ। ਪਰਿਵਾਰ ਨਾਲ ਫੋਨ 510-953-8936 ’ਤੇ ਸੰਪਰਕ ਕੀਤਾ ਜਾ ਸਕਦਾ ਹੈ। Times for Service Saturday 27 July 2019, Chapel of Chimes 1PM-3PM, 32992, Mission Blvd.



# ਕੇਸੀਐਫ ਦੀ ਅਗਵਾਈ ’ਚ ਆਤਮਰਸ ਕਥਾ ਤੇ ਕੀਰਤਨ ਦਰਬਾਰ ਸਫਲਤਾਪੂਰਵਕ ਸੰਪੰਨ







**ਪੈਕੋਇਮਾ (ਕੈਲੀਫੋਰਨੀਆ)/ਏਟੀ ਨਿਊਜ਼ :** ਖਾਲਸਾ ਕੇਅਰ ਫਾਊਂਡੇਸ਼ਨ (ਕੇਐਸਐਫ) ਕੈਲੀਫੋਰਨੀਆ ਵੱਲੋਂ ਪੈਕੋਇਮਾ ਵਿਖੇ ਸਰਬੱਤ ਸੰਗਤਾਂ ਦੇ ਸਹਿਯੋਗ ਨਾਲ 10 ਜੁਲਾਈ ਤੋਂ 21 ਜੁਲਾਈ, ਦਿਨ ਐਤਵਾਰ ਤਕ ਆਤਮਰਸ ਕਥਾ ਤੇ ਕੀਰਤਨ ਦਰਬਾਰ ਸਮਾਗਮ ਕਰਵਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਸ. ਗੁਰਬਖਸ਼ ਸਿੰਘ ਨੇ ਦੱਸਿਆ ਕਿ ਇਸ ਆਤਮਰਸ ਕਥਾ ਅਤੇ ਕੀਰਤਨ ਸਮਾਗਮ ਦੀ ਸ਼ੁਰੂਆਤ ਇਕ ਦਹਾਕਾ ਪਹਿਲਾਂ ਕੀਤੀ ਗਈ ਸੀ ਤੇ ਕੇਐਸਐਫ ਦੀ ਅਗਵਾਈ ਵਿਚ ਹਰ ਸਾਲ ਇਹ ਸਮਾਗਮ ਸਫਲਤਾ ਪੂਰਵਕ ਹੁੰਦਾ ਆ ਰਿਹਾ ਹੈ। ਇਸ ਸਮਾਗਮ ਵਿਚ ਮਸ਼ਹੂਰ ਕੀਰਤਨੀ ਜਥੇ ਅਤੇ ਕਥਾ ਵਾਚਕ ਸ਼ਾਮਿਲ ਹੁੰਦੇ ਹਨ।

ਇਸ ਵਾਰ ਦੇ ਸਮਾਗਮ ਵਿਚ ਕੇਸੀਐਫ ਨੇ ਪੰਥ ਦੇ ਚੋਟੀ ਦੇ ਕੀਰਤਨੀ ਜਥਿਆਂ ਅਤੇ ਧਾਰਮਿਕ ਬੁਲਾਰਿਆਂ ਦੀ ਮੇਜ਼ਬਾਨੀ ਕੀਤੀ ਅਤੇ ਇਹ ਸਾਰਾ ਸਮਾਗਮ ਧੰਨ-ਧੰਨ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਅਤੇ ਧੰਨ-ਧੰਨ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕੀਤਾ ਗਿਆ।

ਸਮਾਗਮ ਦੌਰਾਨ ਭਾਈ ਪਿੰਦਰਪਾਲ ਸਿੰਘ ਜੀ, ਭਾਈ ਹਰਜਿੰਦਰ ਸਿੰਘ ਜੀ, ਸੰਤ ਅਨੂਪ ਸਿੰਘ ਜੀ, ਭਾਈ ਤਜਿੰਦਰ ਸਿੰਘ ਜੀ, ਭਾਈ ਗੁਰਪ੍ਰੀਤ ਸਿੰਘ ਜੀ ਅਤੇ ਕੇਸੀਐਫ ਦੇ ਹਜ਼ੂਰੀ ਰਾਗੀ ਭਾਈ ਸਾਹਿਬ ਵਰਿੰਦਰ ਸਿੰਘ ਜੀ ਨੇ 10 ਜੁਲਾਈ ਤੋਂ ਐਤਵਾਰ, 21 ਜੁਲਾਈ 2019 ਤਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਗੁਰਮਤਿ ਕਥਾ ਵਖਿਆਨ ਨਾਲ ਨਿਹਾਲ ਕੀਤਾ। ਉਪਰੋਕਤ ਰਾਗੀ ਸਿੰਘਾਂ ਤੇ ਕਥਾ ਵਾਚਕਾਂ ਨੇ ਦੱਖਣੀ ਕੈਲੀਫੋਰਨੀਆ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਆਪਣੇ ਪ੍ਰੋਗਰਾਮਾਂ ਦੇ ਰੁਝੇਵੇਂ ਹੋਣ ਦੇ ਬਾਵਜੂਦ ਸੰਗਤਾਂ ਨੂੰ ਨਿਰਾਸ਼ ਨਹੀਂ ਕੀਤਾ ਅਤੇ ਸਿੱਖ ਸੰਗਤ ਨੇ ਉਹਨਾਂ ਦੇ ਸੁਰੀਲੇ ਕੀਰਤਨ ਨੂੰ ਭਰਪੂਰ ਮਾਣਿਆ। ਉਨ੍ਹਾਂ ਦੱਸਿਆ ਕਿ ਕੇਸੀਐਫ ਨੇ ਪੈਕੋਇਮਾ ਵਿਚ 17, 18, 19 ਤੇ 20 ਜੁਲਾਈ ਨੂੰ ਹਰ ਰੋਜ਼ ਸ਼ਾਮ ਨੂੰ 6 ਵਜੇ ਤੋਂ 9 ਵਜੇ ਦੇ ਸ਼ਾਮ ਦੇ ਸਮਾਗਮਾਂ ਅਤੇ ਆਖਰੀ ਐਤਵਾਰ, ਜੁਲਾਈ-21 ਦੇ ਪ੍ਰੋਗਰਾਮ ਵਿਚ ਸੰਗਤ ਦੇ ਆਰਾਮ ਲਈ ਪੋਰਟੇਬਲ ਏਅਰਕੰਡੀਸ਼ਨਿੰਗ ਅਤੇ ਹਵਾਦਾਰ ਸ਼ਮਿਆਨੇ ਲਗਵਾਏ। ਲੰਗਰ ਦਾ ਪ੍ਰਬੰਧ ਭਾਈ ਕਨ੍ਹਈਆ ਲੰਗਰ ਸੇਵਾ ਦਲ ਦੇ ਮਨਜੀਤ ਸਿੰਘ ਜੀ ਦੀ ਦੇਖ ਰੇਖ ਵਿਚ ਬਹੁਤ ਹੀ ਸ਼ਰਧਾ ਤੇ ਮਿਹਨਤ ਨਾਲ ਕੀਤਾ ਗਿਆ। ਭਾਈ ਮਨਜੀਤ ਸਿੰਘ ਅਤੇ ਨਿਸ਼ਕਾਮ ਸੇਵਾ ਨੂੰ ਸਮਰਪਿਤ ਸੇਵਾਦਾਰਾਂ ਵੱਲੋਂ ਗੁਰੂ ਕੇ ਲੰਗਰ ਵਿਚ ਇੰਨੀ ਪ੍ਰਕਾਰ ਦਾ ਭੋਜਨ ਸੰਗਤਾਂ ਲਈ ਵਰਤਾਇਆ ਜਾ ਰਿਹਾ ਸੀ ਕਿ ਸੰਗਤ ਨੂੰ ਇਸ ਗੱਲ ਦਾ ਫ਼ੈਸਲਾ ਕਰਨਾ ਔਖਾ ਸੀ ਕਿ ਉਹਨਾਂ ਆਪਣੀ ਪਲੇਟ ‘ਚ ਕੀ ਰੱਖਣਾ ਹੈ। ਆਲੂ-ਟਿੱਕੀ, ਪਕੌੜਾ, ਫ੍ਰੈਂਚ ਫਰਾਈ, ਛੋਲੇ-ਭਟੂਰੇ, ਡੋਸਾ-ਸਾਂਬਰ ਅਤੇ ਚਟਨੀ, ਗੋਭੀ ਮਨਚੂਰੀਅਨ, ਬੁਰੀਟੋਸ, ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ, ਚਾਹ ਅਤੇ ਕੌਫੀ ਦੀਆਂ ਗੈਲਨਾਂ ਸਮੇਤ ਹਰ ਪ੍ਰਕਾਰ ਦੇ ਫਲਾਂ ਅਤੇ ਮਿਲਕ-ਸ਼ੇਕ ਦਾ ਲੰਗਰ ਐਤਵਾਰ ਸਵੇਰ ਤੋਂ ਹੀ ਅਤੁੱਟ ਵਰਤਾਇਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਦਰਬਾਰ ਹਾਲ ਨੂੰ ਬਹੁਤ ਹੀ ਮਨਮੋਹਕ ਢੰਗ ਨਾਲ ਸਜਾਇਆ ਗਿਆ ਸੀ। ਕੀਰਤਨੀ ਜਥਿਆਂ ਤੇ ਸੰਗਤਾਂ ਦੇ ਬੈਠਣ ਲਈ ਪੰਡਾਲ ਨੂੰ ਵੀ ਖੂਬਸੂਰਤ ਸਜਾਇਆ ਗਿਆ ਸੀ। ਹਰ ਸ਼ਾਮ ਦਾ ਪ੍ਰੋਗਰਾਮ ਸਫਲ ਰਿਹਾ ਪਰ ਆਖਰੀ ਦਿਨ ਐਤਵਾਰ ਨੂੰ ਸੰਗਤਾਂ ਦੀ ਆਮਦ ਨੇ ਸਾਰੇ ਰਿਕਾਰਡ ਤੋੜ ਦਿੱਤੇ। ਸੰਗਤ ਲਈ ਲਗਾਏ ਤੰਬੂ ਵੀ ਛੋਟੇ ਪੈ ਗਏ ਸਨ ਸੀ ਅਤੇ ਦਰਬਾਰ ਹਾਲ ਵਿਚ ਚੱਲ ਰਹੇ ਪ੍ਰੋਗਰਾਮ ਨੂੰ ਸੰਗਤਾਂ ਨੇ ਦੂਰ-ਦੂਰ ਤਕ ਲਗਾਏ ਗਏ ਟੀਵੀ ਸਕਰੀਨਾਂ ਰਾਹੀਂ ਮਾਣਿਆ। ਐਤਵਾਰ-21 ਜੁਲਾਈ ਨੂੰ ਕੇਸੀਐਫ ਦੇ ਹਜ਼ੂਰੀ ਰਾਗੀ ਭਾਈ ਵਰਿੰਦਰ ਸਿੰਘ ਜੀ ਅਤੇ ਉਨ੍ਹਾਂ ਦੇ ਜਥੇ ਨੇ ਪ੍ਰੋਗਰਾਮ ਸ਼ੁਰੂ ਕੀਤਾ। ਉਪਰੰਤ ਭਾਈ ਪਿੰਦਰਪਾਲ ਸਿੰਘ ਜੀ

**ਬਾਕੀ ਸਫ਼ਾ 28 ’ਤੇ**


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

ਅੰਮ੍ਰਿਤਸਰ ਟਾਈਮਜ਼ AMRITSAR TIMES

24 ਜੁਲਾਈ 2019 ਤੋਂ 30 ਜੁਲਾਈ 2019

# ਨਕੋਦਰ ਕਾਂਡ : ਲਹੂ ਬੋਲਦਾ ਹੈ

**-ਮਨਜੀਤ ਸਿੰਘ ਟਿਵਾਣਾ**

ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਤਿੰਨ ਦਹਾਕੇ ਪਹਿਲਾਂ ਨਕੋਦਰ ਵਿਚ ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੇ ਮਾਮਲੇ ਵਿਚ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ, ਸਾਬਕਾ ਪੁਲਿਸ ਮੁਖੀ ਮੁਹੰਮਦ ਇਜ਼ਹਾਰ ਆਲਮ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਗੁਰੂ ਤੇ ਆਲਮ ਇਸ ਵੇਲੇ ਸੀਨੀਅਰ ਅਕਾਲੀ ਲੀਡਰ ਹਨ। ਇਨ੍ਹਾਂ ਨੂੰ 14 ਅਗਸਤ ਤਕ ਜਵਾਬ ਦਾਖ਼ਲ ਕਰਨ ਲਈ ਕਿਹਾ ਗਿਆ ਹੈ। ਇਸ ਘਟਨਾ 'ਚ ਮਾਰੇ ਗਏ ਇਕ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਹਾਈਕੋਰਟ ਵਿਚ ਪਟੀਸ਼ਨ ਦਾਖਲ ਕਰਕੇ ਮੰਗ ਕੀਤੀ ਸੀ ਕਿ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਈ ਜਾਵੇ ਤੇ ਦੋਸ਼ੀਆਂ ਵਿਰੁੱਧ ਆਈਪੀਸੀ ਦੀ ਧਾਰਾ 302 ਤਹਿਤ ਕੇਸ ਦਰਜ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰੂ ਨਾਨਕਪੁਰਾ ਮੁਹੱਲੇ ਦੇ ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪ ਅਗਨ-ਭੇਟ ਹੋਏ ਸਨ। ਇਸ ਦੇ ਵਿਰੋਧ ਵਿਚ ਸ਼ਾਂਤਮਈ ਢੰਗ ਨਾਲ ਰੋਸ ਵਿਖਾਵਾ ਕਰ ਰਹੇ ਸਿੱਖਾਂ ਉੱਪਰ 4 ਫਰਵਰੀ 1986 ਨੂੰ ਪੰਜਾਬ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ ਤੇ ਚਾਰ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਣ ਸਿੰਘ ਗੋਰਸੀਆਂ ਤੇ ਹਰਮਿੰਦਰ ਸਿੰਘ ਰਾਇਪੁਰ ਚਲੂਪਰ ਸ਼ਹੀਦ ਹੋਏ ਸਨ। ਫਿਰ ਉਨ੍ਹਾਂ ਦੀਆਂ ਦੇਹਾਂ ਵੀ ਪਰਿਵਾਰਾਂ ਨੂੰ ਨਾ ਦੇ ਕੇ ਉਨ੍ਹਾਂ ਦਾ ਅੰਤਿਮ ਸੰਸਕਾਰ ਲਵਾਰਿਸ ਕਹਿ ਕੇ ਕਰ ਦਿੱਤਾ ਗਿਆ।

ਉਦੋਂ ਤੋਂ ਲੈ ਕੇ ਹੁਣ ਤਕ ਲਗਭਗ 33 ਸਾਲਾਂ ਦੇ ਵਕਫੇ ਤੋਂ ਪੀੜਤ ਪਰਿਵਾਰ ਤੇ ਸਿੱਖ ਜਥੇਬੰਦੀਆਂ ਇਨਸਾਫ ਦੀ ਮੰਗ ਕਰਦੇ ਆ ਰਹੇ ਹਨ। ਪੰਜਾਬ ਵਿਧਾਨ ਸਭਾ 'ਚ ਵੀ ਇਸ ਮਾਮਲੇ ਦੀ ਗੂੰਜ ਪਈ ਸੀ। ਸਾਕਾ ਬਹਿਬਲ ਕਲਾਂ ਮਾਮਲੇ ਵਾਂਗ ਹੀ ਇਸ ਕਾਂਡ ਦੀ ਵਿਸ਼ੇਸ਼ ਪੁਲਿਸ ਜਾਂਚ ਕਰਵਾਉਣ ਦੀ ਮੰਗ ਵੀ ਪਿਛਲੇ ਇਕ ਸਾਲ ਤੋਂ ਵਾਰ-ਵਾਰ ਉੱਠ ਰਹੀ ਹੈ।

ਇਸ ਘਟਨਾ ਵੇਲੇ ਪੰਜਾਬ ਪੁਲਿਸ ਦੇ ਐਸਐਸਪੀ. ਇਜ਼ਹਾਰ ਆਲਮ ਅਤੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਸਨ, ਜਿਨ੍ਹਾਂ ਕੋਲ ਮੈਜਿਸਟਰੇਟ ਦੀਆਂ ਤਾਕਤਾਂ ਸਨ। ਇਹ ਦੋਵੇਂ ਜ਼ਿੰਮੇਵਾਰ ਅਫਸਰ 4 ਫਰਵਰੀ 1986 ਨੂੰ ਗੋਲੀ ਚੱਲਣ ਵੇਲੇ ਨਕੋਦਰ ਹਾਜ਼ਰ ਸਨ। ਇਸ ਕਾਂਡ ਵਿਚ ਡਿਪਟੀ ਕਮਿਸ਼ਨਰ ਦਫਤਰ ਨਕੋਦਰ ਵਲੋਂ ਜਾਰੀ ਉਸ ਹੁਕਮ ਦੀ ਨਕਲ ਜਨਤਕ ਹੋ ਚੁੱਕੀ ਹੈ ਜਿਸ ਉਪਰ ਦਰਬਾਰਾ ਸਿੰਘ ਗੁਰੂ ਨੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਜਲੰਧਰ (ਕੈਂਪ ਆਫਿਸ ਨਕੋਦਰ) ਵਜੋਂ ਦਸਤਖਤ ਕੀਤੇ ਹੋਏ ਹਨ। ਇਸ ਤਰ੍ਹਾਂ ਨਕੋਦਰ ਗੋਲੀ ਕਾਂਡ ਨਾਲ ਜੁੜੇ ਜੋ ਦਸਤਾਵੇਜ਼ ਸਾਹਮਣੇ ਆਏ ਹਨ, ਸਭ ਕੁਝ ਹਕੀਕਤ ਬਿਆਨ ਕਰਦੇ ਹਨ।

ਸਾਲ 1986 ਦੇ ਨਕੋਦਰ ਗੋਲੀਕਾਂਡ ਵੇਲੇ ਵੀ ਸ਼੍ਰੋਮਣੀ ਅਕਾਲੀ ਦਲ ਦੀ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸੀ ਅਤੇ ਸਾਲ ੨੦੧੫ ਵਿਚ ਇਸੇ ਤਰ੍ਹਾਂ ਦੇ ਵਾਪਰੇ ਇਕ ਹੋਰ ਬਹਿਬਲ ਕਲਾਂ ਗੋਲੀਕਾਂਡ ਵੇਲੇ ਵੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਸਰਕਾਰ ਸੀ। ਦੋਵੇਂ ਘਟਨਾਵਾਂ ਦੀ ਜਾਂਚ ਨੂੰ ਮਿੱਟੀ-ਘੱਟੇ ਰੋਲਣ ਤੇ ਪੁਲਸੀਆ ਜ਼ੁਲਮ ਉਤੇ ਪਰਦਾਪੋਸ਼ੀ ਕਰਨ ਵਿਚ ਬਾਦਲ ਪਰਿਵਾਰ ਕਟਹਿਰੇ ਵਿਚ ਖੜ੍ਹਾ ਹੈ।

ਨਕੋਦਰ ਬੇਅਦਬੀ ਤੇ ਗੋਲੀਕਾਂਡ ਕਾਂਡ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਸੀ। ਉਨ੍ਹਾਂ ਨੇ ਆਪਣੀ ਰਿਪੋਰਟ ਅਕਤੂਬਰ-1986 ਵਿਚ ਸੌਂਪ ਦਿੱਤੀ ਸੀ। ਉਸ ਤੋਂ ਬਾਅਦ ਰਾਸ਼ਟਰਪਤੀ ਰਾਜ ਦੀ ਹਨੇਰਗਰਦੀ ਨੂੰ ਜੇ ਛੱਡ ਵੀ ਲਿਆ ਜਾਵੇ ਤਾਂ ਤਿੰਨ ਵਾਰ ਕਾਂਗਰਸ ਦੀ ਤੇ ਤਿੰਨ ਵਾਰ ਹੀ ਅਕਾਲੀ ਦਲ ਦੀ ਸਰਕਾਰ ਪੰਜਾਬ ਵਿਚ ਵੱਖ-ਵੱਖ ਸਮੇਂ 'ਤੇ ਰਹੀ ਪਰ ਇਸ ਜਾਂਚ ਰਿਪੋਰਟ ਦੀ ਭਾਫ ਨਹੀਂ ਨਿਕਲਣ ਦਿੱਤੀ ਗਈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤਾਂ ਨਕੋਦਰ ਗੋਲੀ ਕਾਂਡ ਬਾਰੇ ਪੂਰੀ ਬੇਹਯਾਈ ਨਾਲ ਇਹ ਵੀ ਕਹਿ ਚੁੱਕੇ ਹਨ ਕਿ "ਇਸ ਤਰ੍ਹਾਂ ਦੇ ਕਾਂਡ ਤਾਂ ਹੁੰਦੇ ਰਹਿੰਦੇ ਨੇ.. .।"

ਸਾਲ 2001 ਵਿਚ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਚੁੱਪ-ਚੁਪੀਤੇ ਹੀ ਇਹ ਰਿਪੋਰਟ ਵਿਧਾਨ ਸਭਾ 'ਚ ਪੇਸ਼ ਕਰਵਾਈ ਤੇ ਇਸ ਦੀ ਭਿਣਕ ਤਕ ਨਹੀਂ ਸੀ ਪੈਣ ਦਿੱਤੀ। ਰਿਪੋਰਟ ਵਿਚ ਸ਼ਾਮਲ ਪੁਲੀਸ ਤੇ ਹੋਰ ਅਧਿਕਾਰੀਆਂ ਦੀ ਕਾਰਗੁਜ਼ਾਰੀ 'ਤੇ ਉਂਗਲ ਉਠੀ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਰਿਪੋਰਟ ਵਿਚ ਕਥਿਤ ਤੌਰ 'ਤੇ ਦੋਸ਼ੀ ਪਾਏ ਗਏ ਇਨ੍ਹਾਂ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਸਗੋਂ ਇਜ਼ਹਾਰ ਆਲਮ ਅਤੇ ਦਰਬਾਰਾ ਸਿੰਘ ਗੁਰੂ ਨੂੰ ਅਕਾਲੀ ਦਲ ਵਿਚ ਵੱਡੇ ਅਹੁਦੇ ਤੇ ਟਿਕਟਾਂ ਦੇ ਕੇ ਨਿਵਾਜਿਆ ਗਿਆ।

ਇਸ ਰਿਪੋਰਟ ਬਾਰੇ ਉਪਰੋਕਤ ਤੱਥਾਂ ਦਾ ਖੁਲਾਸਾ ਬੀਤੀ 13 ਫਰਵਰੀ ਨੂੰ ਉਸ ਵੇਲੇ ਹੋਇਆ ਜਦੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਨੇ ਦਾਖਾ ਹਲਕੇ ਤੋਂ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੂੰ ਜਾਣੂ ਕਰਵਾਇਆ ਕਿ ਜਸਟਿਸ ਗੁਰਨਾਮ ਸਿੰਘ ਜਾਂਚ ਰਿਪੋਰਟ ਨੂੰ ਤਾਂ 5 ਮਾਰਚ 2001 ਨੂੰ ਹੀ ਵਿਧਾਨ ਸਭਾ 'ਚ ਪੇਸ਼ ਕੀਤਾ ਜਾ ਚੁੱਕਿਆ ਹੈ। ਇਹ ਕੌੜਾ ਸੱਚ ਹੁਣ ਕਿਸੇ ਪਾਸੋਂ ਛੁਪਿਆ ਹੋਇਆ ਨਹੀਂ ਹੈ ਕਿ ਇਸ ਹਮਾਮ ਵਿਚ ਸਾਰੇ ਹੀ ਨੰਗੇ ਹਨ। ਭਲੇ ਹੀ ਉਸ ਵੇਲੇ ਦੀ ਸੁਰਜੀਤ ਸਿੰਘ ਬਰਨਾਲਾ ਸਰਕਾਰ ਨੇ ਆਪਣੇ ਇਸ ਪਾਪ 'ਤੇ ਪਰਦਾ ਪਾਉਣ ਦੀ ਨੀਅਤ ਨਾਲ ਇਸ ਮਾਮਲੇ ਵਿਚ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਜਾਂਚ ਦੀ ਰਿਪੋਰਟ ਨੂੰ ਜਨਤਕ ਨਾ ਹੋਣ ਦਿੱਤਾ ਪਰ ਨਕੋਦਰ ਦੇ ਤਤਕਾਲੀਨ ਵਧੀਕ ਡਿਪਟੀ ਕਮਿਸ਼ਨਰ ਰਹੇ ਦਰਬਾਰਾ ਸਿੰਘ ਗੁਰੂ ਨੂੰ ਬਾਦਲ ਸਰਕਾਰ ਨੇ ਮੁੱਖ ਸਕੱਤਰ ਪੰਜਾਬ ਦੇ ਅਹੁਦੇ ਨਾਲ ਵੀ ਨਿਵਾਜ਼ਿਆ ਤੇ ਸੇਵਾ ਮੁਕਤ ਹੋਣ 'ਤੇ ਵਿਧਾਇਕ ਤੇ ਐਮਪੀ ਦੀ ਚੋਣ ਲੜਨ ਲਈ ਅਕਾਲੀ ਪਾਰਟੀ ਦੀ ਟਿਕਟ ਵੀ ਦਿੱਤੀ।

ਸਾਫ ਹੈ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਕਿ ਪੰਜਾਬ ਵਿਚ ਬਣਨ ਵਾਲੀਆਂ ਸਰਕਾਰਾਂ ਲੰਘੇ ਤਿੰਨ ਦਹਾਕਿਆਂ ਤੋਂ ਦੱਬ ਕੇ ਰੱਖ ਰਹੀਆਂ ਹਨ। ਅਕਾਲੀ ਦਲ ਤੇ ਪਰਕਾਸ਼ ਸਿੰਘ ਬਾਦਲ ਨੂੰ ਇਹ ਗੱਲ ਸਪੱਸ਼ਟ ਕਰਨੀ ਪਵੇਗੀ ਕਿ ਉਨ੍ਹਾਂ ਨੇ ਪੰਜਾਬ ਅੰਦਰਲੇ 'ਸੱਜਣ ਕੁਮਾਰਾਂ ਤੇ ਜਗਦੀਸ਼ ਟਾਈਟਲਰਾਂ' ਨੂੰ ਕੁੱਛੜ ਕਿਉਂ ਚੁੱਕਿਆ ਹੋਇਆ ਹੈ ? ਆਖਰ ਉਨ੍ਹਾਂ ਨੇ ਬੇਦੋਸ਼ ਸਿੱਖਾਂ ਦੇ ਕਾਤਲਾਂ ਦੀ ਪੁਸ਼ਤ-ਪਨਾਹੀ ਦਾ ਠੇਕਾ ਕਿਉਂ ਲੈ ਰੱਖਿਆ ਹੈ ? ਪੰਜਾਬ ਦੀ ਮੌਜੂਦਾ ਸਰਕਾਰ ਵੀ ਸਵਾਲਾਂ ਦੇ ਘੇਰੇ ਵਿਚ ਹੈ। ਨਿਆਂ ਦਾ ਤਕਾਜ਼ਾ ਹੈ ਕਿ ਬੇਅਦਬੀ ਤੇ ਬਹਿਬਲ ਕਲਾਂ ਕਾਂਡ ਬਾਰੇ ਜਸਟਿਸ ਰਣਜੀਤ ਸਿੰਘ ਜਾਂਚ ਰਿਪੋਰਟ ਜਨਤਕ ਕਰਨ ਵਾਂਗ ਹੀ ਨਕੋਦਰ ਗੋਲੀਕਾਂਡ ਦੀ ਜਸਟਿਸ ਗੁਰਨਾਮ ਸਿੰਘ ਜਾਂਚ ਰਿਪੋਰਟ ਵੀ ਜਨਤਕ ਕੀਤੀ ਜਾਵੇ। ਇਸ ਮਾਮਲੇ ਉਤੇ ਨਵੇਂ ਸਿਰੇ ਤੋਂ ਸਿੱਟ ਬਣਾਈ ਜਾਵੇ ਤੇ ਦੋਸ਼ੀ ਪੁਲੀਸ ਅਧਿਕਾਰੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

# ਸੀਬੀਆਈ ਦੀ ਪੰਥ ਨਾਲ ਬੇਇਨਸਾਫ਼ੀ

**ਇੱਕ ਸਵਾਲ ਉਸ ਸਿੱਖ ਲੀਡਰਸ਼ਿੱਪ ਲਈ ਵੀ ਖੜ੍ਹਾ ਹੈ, ਜਿਹੜੀ ਬਰਗਾੜੀ ਵਿੱਚ ਬੇਅਦਬੀ ਦਾ ਇਨਸਾਫ ਲੈਣ ਲਈ ਮੈਦਾਨ ਵਿੱਚ ਆਈ ਸੀ, ਉਹਨਾਂ ਲਈ ਸੁਆਲ ਇਹ ਹੈ ਕਿ ਸਿੱਖ ਭਾਵਨਾਵਾਂ ਦੇ ਖਿਲਾਫ ਸਰਕਾਰ ਦੇ ਮੁਤਾਬਿਕ ਮੋਰਚਾ ਸਮਾਪਤੀ ਤੋ ਬਾਅਦ ਜਿਸ ਤਰ੍ਹਾਂ ਤੁਹਾਡੇ ਵੱਲੋਂ ਇਹ ਦਾਅਵੇ ਕੀਤੇ ਜਾ ਰਹੇ ਸਨ, ਕਿ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਹਨ ਤੇ ਰਹਿੰਦੀਆਂ ਜਲਦੀ ਪੂਰੀਆਂ ਹੋ ਜਾਣਗੀਆਂ, ਕੀ ਉਹ ਹੁਣ ਕੌਮ ਨੂੰ ਇਸ ਸਬੰਧੀ ਕੋਈ ਸਪੱਸ਼ਟੀਕਰਨ ਦੇਣਗੇ ? ਡੇਰਾ ਪਰੇਮੀਆਂ ਨੂੰ ਕਾਂਗਰਸ ਸਰਕਾਰ ਵੱਲੋਂ ਜ਼ਮਾਨਤ ਦੇ ਕੇ ਦਿੱਤੀ ਗਈ ਵੱਡੀ ਰਾਹਤ ਅਤੇ ਸੀਬੀਆਈ ਦੀ ਕਲੋਜ਼ਰ ਰਿਪੋਰਟ ਤੋ ਬਾਅਦ ਬਰਗਾੜੀ ਮੋਰਚਾ ਸੰਚਾਲਕ ਵੱਲੋਂ ਧਾਰੀ ਚੁੱਪ ਦੇ ਕੀ ਮਾਇਨੇ ਹੋ ਸਕਦੇ ਹਨ ? ਮੌਜੂਦਾ ਦੌਰ ਵਿੱਚ ਪੰਥਕ ਜਜ਼ਬਾ ਰੱਖਦੀ ਉਸ ਪੰਥਕ ਸੋਚ ਨੂੰ ਦਿਲੋਂ ਸਲਾਮ ਕਰਨਾ ਬਣਦਾ ਹੈ,ਜਿਸਨੇ ਅਜਿਹੇ ਹਾਲਾਤ ਵਿੱਚ ਵੀ ਕੌਮੀ ਜਜ਼ਬਾ ਜਿਉਂਦਾ ਰੱਖਿਆ ਹੋਇਆ ਹੈ। ਕੌਮ ਦੇ ਹਾਲਾਤ ਇਸ ਕਦਰ ਗੰਧਲੇ ਹੋ ਚੁੱਕੇ ਹਨ ਕਿ ਕਿਸੇ 'ਤੇ ਭਰੋਸਾ ਕਰਨ ਦਾ ਮਤਲਬ ਜਾਨ ਜੋਖਮ ਵਿੱਚ ਪਾਉਣ ਬਰਾਬਰ ਹੈ, ਇਸ ਲਈ ਸੰਘਰਸ਼ ਵਿੱਚ ਕੁੱਦਣ ਵਾਲੀਆਂ ਧਿਰਾਂ ਨੂੰ ਪੈਰ ਜ਼ਰੂਰ ਫੂਕ-ਫੂਕ ਕੇ ਰੱਖਣੇ ਪੈਣਗੇ।**

**ਬਘੇਲ ਸਿੰਘ ਧਾਲੀਵਾਲ**
(ਸੰਪਰਕ : 99142-58142)



ਪਿਛਲੇ ਦਿਨਾਂ ਤੋਂ ਸੀਬੀਆਈ ਵੱਲੋਂ ਬੇਅਦਬੀ ਮਾਮਲੇ ਸਬੰਧੀ ਚੱਲ ਰਹੇ ਕੇਸ ਨੂੰ ਖਤਮ ਕਰਨ ਲਈ ਅਦਾਲਤ ਵਿੱਚ ਪੇਸ਼ ਕੀਤੀ ਕਲੋਜ਼ਰ ਰਿਪੋਰਟ ਅਤੇ ਬੇਅਦਬੀ ਦੇ ਦੋਸ਼ੀ ਡੇਰਾ ਪਰੇਮੀਆਂ ਨੂੰ ਜ਼ਮਾਨਤ ਦੇਣ ਦੇ ਮਾਮਲੇ ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਨਿਰੋਲ ਪੰਥਕ ਧਿਰਾਂ ਨੇ ਇਸ ਮਸਲੇ 'ਤੇ ਸੰਘਰਸ਼ ਲੜਨ ਦਾ ਫੈਸਲਾ ਕੀਤਾ ਹੈ। ਇਸ 'ਤੇ ਵਿਚਾਰ ਚਰਚਾ ਕੀਤੀ ਜਾਣੀ ਬਣਦੀ ਹੈ। ਬਿਨਾ ਸ਼ੱਕ ਕੇਂਦਰ ਸਰਕਾਰ ਨੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਡੇਰੇ ਦੀਆਂ ਵੋਟਾਂ ਭਾਜਪਾ ਦੀ ਝੋਲੀ ਵਿੱਚ ਪਵਾਉਣ ਲਈ ਇੱਕ ਵਾਰ ਫਿਰ ਸਿੱਖਾਂ ਨਾਲ ਜ਼ਿਆਦਤੀ ਕਰਨ ਦਾ ਰਾਹ ਚੁਣਿਆ ਹੈ। ਏਥੇ ਇਹ ਕਹਿਣਾ ਕਿ ਅਕਾਲੀ ਦਲ ਨਾਲ ਭਾਜਪਾ ਦੀ ਪੁਰਾਣੀ ਸਾਂਝ ਦੇ ਬਾਵਜੂਦ ਭਾਜਪਾ ਨੇ ਬੇਅਦਬੀ ਦੇ ਕੇਸ ਨੂੰ ਉਸ ਮੌਕੇ ਠੱਪ ਕਰਨ ਦਾ ਮਨ ਬਣਾ ਲਿਆ ਹੈ, ਜਦੋਂ ਪੰਜਾਬ ਸਰਕਾਰ ਦੀ ਬਣਾਈ ਐਸਆਈਟੀ ਨੇ ਤਕਰੀਬਨ ਸਾਰੀ ਜਾਂਚ ਮੁਕੰਮਲ ਕਰ ਲਈ ਹੈ, ਇਹ ਬਿਲਕੁਲ ਨਿਰਮੂਲ ਹੋਵੇਗਾ, ਕਿਉਂਕਿ ਬੇਅਦਬੀ ਦੇ ਕੇਸ ਠੱਪ ਕਰਨ ਨਾਲ ਭਾਵੇਂ ਸਮੁੱਚੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਗਹਿਰੀ ਠੇਸ ਪੁੱਜੀ ਹੈ ਪਰੰਤੂ ਅਕਾਲੀ ਦਲ ਨਾਲ ਤਾਂ ਕਿਤੇ ਨਾ ਕਿਤੇ ਕੇਂਦਰ ਨੇ ਵਫਾਦਾਰੀ ਪਾਲਣ ਵਾਲੀ ਗੱਲ ਹੀ ਕੀਤੀ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਵਾਲੀ ਜਾਂਚ ਰਿਪੋਰਟ ਅਤੇ ਉਸ ਤੋ ਬਾਅਦ ਕੁੰਵਰ ਵਿਜੇ ਪਰਤਾਪ ਸਿੰਘ ਵਾਲੀ ਐਸਆਈਟੀ ਦੀ ਜਾਂਚ ਰਿਪੋਰਟ ਵਿੱਚ ਬਾਦਲ ਪਰਿਵਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਗਿਆ ਸੀ, ਜੇ ਉਸ ਤੇ ਕਾਰਵਾਈ ਹੁੰਦੀ ਹੈ ਤਾਂ ਬਾਦਲ ਪਰਿਵਾਰ ਲਈ ਮੁਸੀਬਤਾਂ ਵਧ ਜਾਣੀਆਂ ਸਨ, ਇਸ ਲਈ ਭਾਜਪਾ ਨੇ ਸੀਬੀਆਈ ਦੁਆਰਾ ਇਸ ਕੇਸ ਨੂੰ ਖਤਮ ਕਰਨ ਦੀ ਵਿਉਂਤਬੰਦੀ ਕਰਕੇ ਜਿੱਥੇ ਡੇਰਾ ਸਿਰਸਾ ਨੂੰ ਕਲੀਨ ਚਿੱਟ ਦੇ ਕੇ ਡੇਰਾ ਪਰੇਮੀਆਂ ਦੀਆਂ ਵੋਟਾਂ ਪੱਕੀਆਂ ਕਰਨ ਲਈ ਜ਼ਮੀਨ ਤਿਆਰ ਕੀਤੀ ਹੈ, ਉੱਥੇ ਬਾਦਲ ਪਰਿਵਾਰ ਨੂੰ ਵੀ ਇਸ ਤੋਂ ਬਹੁਤ ਵੱਡੀ ਰਾਹਤ ਮਿਲਣੀ ਸੁਭਾਵਿਕ ਹੈ। ਭਾਵੇਂ ਇਹ ਗੱਲ ਹੁਣ ਚਿੱਟੇ ਦਿਨ ਵਾਂਗ ਸਾਫ ਹੋ ਚੁੱਕੀ ਹੈ ਕਿ ਬਾਦਲ ਪਰਿਵਾਰ ਪੰਥਕ ਮੁਖੌਟੇ ਵਿੱਚ ਰਹਿ ਕੇ ਪੰਥ ਨਾਲ ਧਰੋਹ ਕਮਾਉਂਦਾ ਆ ਰਿਹਾ ਹੈ ਪਰੰਤੂ ਉਪਰੋਕਤ ਵਰਤਾਰੇ ਤੋਂ ਇੱਕ ਵਾਰ ਫਿਰ ਇਹ ਸਾਫ ਹੋ ਗਿਆ ਹੈ ਕਿ ਅਕਾਲੀ ਦਲ ਬਾਦਲ ਦਾ ਸਿੱਖ ਸਰੋਕਾਰਾਂ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ ਹੈ। ਜੇਕਰ ਗੱਲ ਭਾਜਪਾ ਅਤੇ ਆਰਐਸਐਸ ਦੀ ਘੱਟ ਗਿਣਤੀਆਂ ਪ੍ਰਤੀ ਸੋਚ ਦੀ ਕੀਤੀ ਜਾਵੇ ਤਾਂ ਇਹਦੇ ਵਿੱਚ ਵੀ ਕੋਈ ਸ਼ੱਕ ਜਾਂ ਭੁਲੇਖਾ ਨਹੀਂ ਕਿ ਇਹ ਸਮਾਂ ਘੱਟ ਗਿਣਤੀਆਂ ਲਈ ਬੜਾ ਨਾਜ਼ੁਕ ਹੈ। ਜਿਸ ਤਰ੍ਹਾਂ ਦੇਸ਼ ਅੰਦਰ ਮੁਸਲਮਾਨਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਉਹਨਾਂ ਨੂੰ ਫੜ ਕੇ ਕੁੱਟ ਮਾਰ ਕਰਕੇ ਜ਼ਬਰਦਸਤੀ ਜੈ ਸ੍ਰੀ ਰਾਮ ਦੇ ਨਾਹਰੇ ਲਗਵਾਏ ਜਾ ਰਹੇ ਹਨ, ਮਸਜਿਦਾਂ 'ਤੇ ਰਾਸ਼ਟਰੀ ਝੰਡੇ ਲਹਿਰਾ ਕੇ ਜੈ ਸ੍ਰੀ ਰਾਮ ਦੇ ਨਾਹਰੇ ਲਾਉਂਦੇ ਹਜੂਮ ਦੀ ਮਨਸ਼ਾ ਕੀ ਹੈ, ਇਹਦੇ ਬਾਰੇ ਵੀ ਦੱਸਣ ਦੀ ਕੋਈ ਲੋੜ ਨਹੀ ਰਹਿ ਜਾਂਦੀ। ਸਿੱਖਾਂ ਪ੍ਰਤੀ ਨਜ਼ਰੀਆ ਵੀ ਮੁਸਲਮ ਭਾਈਚਾਰੇ ਤੋਂ ਵੱਖਰਾ ਨਹੀ ਹੈ, ਸਿੱਖ ਕੌਮ ਨੂੰ ਜੜ੍ਹ ਤੋਂ ਖਤਮ ਕਰਨ ਲਈ ਜ਼ਿਆਦਾ ਯਤਨ ਹੋ ਰਹੇ ਹਨ। ਇਸ ਕਰਕੇ ਹੀ ਸਿੱਖ ਕੌਮ 'ਤੇ ਸਿਧਾਂਤਕ ਹਮਲੇ ਕੀਤੇ ਤੇ ਕਰਵਾਏ ਜਾ ਰਹੇ ਹਨ। ਪਿਛਲੇ ਸਾਲਾਂ ਵਿੱਚ ਸ਼ੁਰੂ ਹੋਈਆਂ ਬੇਅਦਬੀਆਂ ਵੀ ਨਾਗਪੁਰ ਦੀ ਸੋਚੀ ਸਮਝੀ ਸਾਜਿਸ਼ ਦਾ ਮੁੱਖ ਹਿੱਸਾ ਹਨ। ਸੰਸਥਾ ਦੇ ਨਾਗਪੁਰ ਕੇਂਦਰ ਨੇ ਸਿੱਖਾਂ ਦੇ ਸਮੁੱਚੇ ਗੁਰਦੁਆਰਾ ਪਰਬੰਧ ਨੂੰ ਬੜੀ ਮਜ਼ਬੂਤੀ ਨਾਲ ਆਪਣੀ ਪਕੜ ਵਿੱਚ ਕਰਕੇ ਰੱਖਿਆ ਹੋਇਆ ਹੈ। ਸ਼੍ਰੋਮਣੀ ਕਮੇਟੀ ਅੰਦਰ ਦਖਲ-ਅੰਦਾਜ਼ੀ ਪ੍ਰਕਾਸ਼ ਸਿੰਘ ਬਾਦਲ ਦੀ ਮਿਹਰਬਾਨੀ ਨਾਲ ਸ਼ੁਰੂ ਹੋਈ ਤੇ ਅੱਜ ਸਮੁੱਚੇ ਗੁਰਦੁਆਰਾ ਪ੍ਰਬੰਧ ਦਾ ਇਹ ਹਾਲ ਹੈ ਕਿ ਦਿੱਲੀ ਗੁਰਦੁਅਰਾ ਮੈਨੇਜਮੈਂਟ ਕਮੇਟੀ ਉਤੇ ਸਿੱਧੇ ਰੂਪ ਵਿੱਚ ਭਾਜਪਾ ਦਾ ਕਬਜ਼ਾ ਹੋ ਚੁੱਕਾ ਹੈ। ਗੁਰਦੁਆਰਾ ਬੋਰਡ ਸੱਚਖੰਡ ਸ੍ਰੀ ਹਜੂਰ ਸਾਹਿਬ 'ਤੇ ਵੀ ਭਾਜਪਾ ਸਿੱਧੇ ਰੂਪ ਚ ਕਾਬਜ਼ ਹੈ ਅਤੇ ਗੁਰਦੁਆਰਾ ਬੋਰਡ ਪਟਨਾ ਸਾਹਿਬ 'ਤੇ ਟੇਢੇ ਢੰਗ ਨਾਲ ਭਾਜਪਾ ਕਾਬਜ਼ ਹੋ ਚੁੱਕੀ ਹੈ, ਕਿਉਕਿ ਬਾਦਲਕੇ ਅਤੇ ਭਾਜਪਾ ਵਿਚ ਕੋਈ ਅੰਤਰ ਨਹੀਂ ਹੈ। ਕਿਸੇ ਦੂਸਰੇ ਧਰਮ ਵਿੱਚ ਦਖਲਅੰਦਾਜ਼ੀ ਕਰਨ ਦਾ ਮਤਲਬ ਸਪੱਸ਼ਟ ਹੈ ਕਿ ਆਰਐਸਐਸ ਵੱਲੋਂ ਸਿੱਖੀ ਸਿਧਾਂਤਾਂ ਦੇ ਹਿੰਦੂਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ, ਉਹ ਵੱਖਰੀ ਗੱਲ ਹੈ ਕਿ ਜਿਸ ਜੁੱਗੋ ਜੁੱਗ ਅਟੱਲ ਗੁਰੂ ਸਿਧਾਂਤ ਵਿਚੋਂ ਸਿੱਖੀ ਦਾ ਜਨਮ ਹੋਇਆ ਹੈ, ਉਹਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਕਿਤੇ ਚੰਦੂ ਦੇ ਰੂਪ ਵਿਚ, ਕਿਤੇ ਗੰਗੂ ਦੇ ਰੂਪ ਵਿੱਚ ਤੇ ਕਿਤੇ ਪਹਾੜੀ ਰਾਜਿਆਂ ਦੇ ਰੂਪ ਵਿੱਚ ਮੁੱਢੋਂ ਹੁੰਦੀਆਂ ਆ ਰਹੀਆਂ ਹਨ, ਜਿਹੜੀਆਂ ਅੱਜ ਵੀ ਬਦਲੇ ਰੂਪ ਵਿੱਚ ਕਿਤੇ ਇੰਦਰਾ ਗਾਂਧੀ ਦੇ ਰੂਪ ਵਿੱਚ ਤੇ ਕਿਤੇ ਮੋਦੀ ਦੇ ਰੂਪ ਵਿੱਚ ਬਾ-ਦਸਤੂਰ ਜਾਰੀ ਹਨ। ਕਾਮਯਾਬੀ ਇਹਨਾਂ ਨੂੰ ਨਾ ਹੀ ਪਹਿਲਾਂ ਮਿਲੀ ਸੀ ਤੇ ਨਾ ਹੀ ਹੁਣ ਮਿਲ ਸਕਦੀ ਹੈ। ਇਹ ਵੀ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਸਿੱਖ ਦੁਸ਼ਮਣਾਂ ਨੇ ਸਿੱਖੀ 'ਤੇ ਹਮਲੇ ਕੀਤੇ ਹਨ, ਸਿੱਖਾਂ ਨੇ ਹਮੇਸਾ ਮੂੰਹ ਤੋੜ ਜਵਾਬ ਦਿੱਤਾ ਹੈ। ਸਿੱਖੀ ਹਮੇਸ਼ਾ ਜੇਤੂ ਹੋ ਕੇ ਹੀ ਨਿਕਲੀ ਹੈ, ਭਾਵੇਂ ਚਮਕੌਰ ਦੀ ਕੱਚੀ ਗੜ੍ਹੀ ਹੋਵੇ ਜਾਂ ਕੁੱਪ ਰਹੀੜੇ ਦਾ ਘੱਲੂਘਾਰਾ ਹੋਵੇ। ਸਿੱਖ ਕਦੇ ਨਾ ਹੀ ਖਤਮ ਹੋਏ ਹਨ ਤੇ ਨਾ ਹੀ ਹਾਰੇ ਹਨ। ਮੌਜੂਦਾ ਦੌਰ ਦੀ ਜਦੋਂ ਗੱਲ ਕਰਦੇ ਹਾਂ ਤਾਂ ਇਹ ਇਸ ਕਰਕੇ ਵੱਖਰੇ ਹਨ, ਕਿਉਂਕਿ ਅੱਜ ਸਿੱਖ ਦੁਸ਼ਮਣ ਜਮਾਤ ਨੇ ਸਿੱਖਾਂ ਦੇ ਆਗੂਆਂ ਨੂੰ ਖਰੀਦ ਕੇ ਧੜੇਬੰਦੀਆਂ ਵਿੱਚ ਵੰਡ ਦਿੱਤਾ ਹੈ, ਜਿਸ ਕਰਕੇ ਸਿੱਖ ਆਪਣੇ ਨਾਲ ਹੁੰਦੀਆਂ ਵਧੀਕੀਆਂ ਦਾ ਇਨਸਾਫ ਲੈਣ ਵਿੱਚ ਪਛੜ ਰਹੇ ਹਨ। ਬੇਅਦਬੀ ਦਾ ਇਨਸਾਫ ਲੈਣ ਲਈ ਲੱਗੇ ਬਰਗਾੜੀ ਮੋਰਚੇ ਦੇ ਫੇਲ੍ਹ ਹੋਣ ਤੋ ਬਾਅਦ ਸਿੱਖ ਅਪਣੇ ਆਪ ਨੂੰ ਲਵਾਰਸ ਸਮਝਣ ਲੱਗੇ ਹਨ। ਹੁਣ ਜਦੋਂ ਸੀਬੀਆਈ ਦੇ ਫੈਸਲੇ ਦੇ ਵਿਰੋਧ ਵਿੱਚ ਸਿੱਖ ਇੱਕ ਵਾਰ ਫਿਰ ਸੰਘਰਸ਼ ਵਿੱਢਣ ਦੇ ਰੌਅ ਵਿੱਚ ਹਨ ਤਾਂ ਇਹ ਸਵਾਲ ਜ਼ਰੂਰ ਉੱਠਦਾ ਹੈ ਕਿ ਕਿਤੇ ਦੁਬਾਰਾ ਫਿਰ ਸਿੱਖ ਜਜ਼ਬਾਤ ਨਾਲ ਖੇਡਿਆ ਤਾਂ ਨਹੀ ਜਾਵੇਗਾ। ਇੱਕ ਸਵਾਲ ਉਸ ਸਿੱਖ ਲੀਡਰਸ਼ਿੱਪ ਲਈ ਵੀ ਖੜ੍ਹਾ ਹੈ, ਜਿਹੜੀ ਬਰਗਾੜੀ ਵਿੱਚ ਬੇਅਦਬੀ ਦਾ ਇਨਸਾਫ ਲੈਣ ਲਈ ਮੈਦਾਨ ਵਿੱਚ ਆਈ ਸੀ, ਉਹਨਾਂ ਲਈ ਸੁਆਲ ਇਹ ਹੈ ਕਿ ਸਿੱਖ ਭਾਵਨਾਵਾਂ ਦੇ ਖਿਲਾਫ ਸਰਕਾਰ ਦੇ ਮੁਤਾਬਿਕ ਮੋਰਚਾ ਸਮਾਪਤੀ ਤੋ ਬਾਅਦ ਜਿਸ ਤਰ੍ਹਾਂ ਤੁਹਾਡੇ ਵੱਲੋਂ ਇਹ ਦਾਅਵੇ ਕੀਤੇ ਜਾ ਰਹੇ ਸਨ, ਕਿ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਹਨ ਤੇ ਰਹਿੰਦੀਆਂ ਜਲਦੀ ਪੂਰੀਆਂ ਹੋ ਜਾਣਗੀਆਂ, ਕੀ ਉਹ ਹੁਣ ਕੌਮ ਨੂੰ ਇਸ ਸਬੰਧੀ ਕੋਈ ਸਪੱਸ਼ਟੀਕਰਨ ਦੇਣਗੇ ? ਡੇਰਾ ਪਰੇਮੀਆਂ ਨੂੰ ਕਾਂਗਰਸ ਸਰਕਾਰ ਵੱਲੋਂ ਜ਼ਮਾਨਤ ਦੇ ਕੇ ਦਿੱਤੀ ਗਈ ਵੱਡੀ ਰਾਹਤ ਅਤੇ ਸੀਬੀਆਈ ਦੀ ਕਲੋਜ਼ਰ ਰਿਪੋਰਟ ਤੋ ਬਾਅਦ ਬਰਗਾੜੀ ਮੋਰਚਾ ਸੰਚਾਲਕ ਵੱਲੋਂ ਧਾਰੀ ਚੁੱਪ ਦੇ ਕੀ ਮਾਇਨੇ ਹੋ ਸਕਦੇ ਹਨ ? ਮੌਜੂਦਾ ਦੌਰ ਵਿੱਚ ਪੰਥਕ ਜਜ਼ਬਾ ਰੱਖਦੀ ਉਸ ਪੰਥਕ ਸੋਚ ਨੂੰ ਦਿਲੋਂ ਸਲਾਮ ਕਰਨਾ ਬਣਦਾ ਹੈ,ਜਿਸਨੇ ਅਜਿਹੇ ਹਾਲਾਤ ਵਿੱਚ ਵੀ ਕੌਮੀ ਜਜ਼ਬਾ ਜਿਉਂਦਾ ਰੱਖਿਆ ਹੋਇਆ ਹੈ। ਕੌਮ ਦੇ ਹਾਲਾਤ ਇਸ ਕਦਰ ਗੰਧਲੇ ਹੋ ਚੁੱਕੇ ਹਨ ਕਿ ਕਿਸੇ 'ਤੇ ਭਰੋਸਾ ਕਰਨ ਦਾ ਮਤਲਬ ਜਾਨ ਜੋਖਮ ਵਿੱਚ ਪਾਉਣ ਬਰਾਬਰ ਹੈ, ਇਸ ਲਈ ਸੰਘਰਸ਼ ਵਿੱਚ ਕੁੱਦਣ ਵਾਲੀਆਂ ਧਿਰਾਂ ਨੂੰ ਪੈਰ ਜ਼ਰੂਰ ਫੂਕ-ਫੂਕ ਕੇ ਰੱਖਣੇ ਪੈਣਗੇ।

# ਗਰੀਬਾਂ ਤੇ ਅਮੀਰਾਂ ਵਿਚ ਵਧ ਰਿਹਾ ਆਰਥਿਕ ਪਾੜਾ ਚਿੰਤਾਜਨਕ

**ਗੁਰਮੀਤ ਸਿੰਘ ਪਲਾਹੀ**
**(ਸੰਪਰਕ : 9815802070)**

ਆਕਸਫੈਮ ਵਲੋਂ ਛਾਪੀ ਆਰਥਿਕ ਨਾ ਬਰਾਬਰੀ ਸਬੰਧੀ ਸਾਲ 2018 ਦੀ ਰਿਪੋਰਟ ਅਨੁਸਾਰ ਇਸ ਸਮੇਂ ਭਾਰਤ ਅਤੇ ਪੂਰੀ ਦੁਨੀਆ ਵਿੱਚ ਆਰਥਿਕ ਪਾੜਾ ਲਗਾਤਾਰ ਵਧ ਰਿਹਾ ਹੈ। ਭਾਰਤ ਵਿੱਚ ਸਾਲ 1991 ਤੋਂ ਬਾਅਦ ਉਦਾਰੀਕਰਣ ਨੀਤੀਆਂ ਲਾਗੂ ਹੋਈਆਂ। ਇਸ ਤੋਂ ਬਾਅਦ ਭਾਰਤ ਦੀ ਆਰਥਿਕਤਾ ਵਿੱਚ ਨਾ ਬਰਾਬਰੀ ਦਾ ਰੰਗ ਲਗਾਤਾਰ ਚੜ੍ਹਿਆ ਹੈ। ਉਦਾਰੀਕਰਨ ਨਾਲ ਭਾਰਤ ਦੀਆਂ ਆਰਥਕ ਸੰਭਾਵਨਾਵਾਂ ਵਿਚ ਬੇਹੱਦ ਵਾਧਾ ਹੋਇਆ, ਦੇਸ਼ ਨੇ ਬੇਹੱਦ ਤਰੱਕੀ ਵੀ ਕੀਤੀ। ਇਸੇ ਬੁਨਿਆਦ ਉੱਤੇ ਅੱਜ ਦੀ ਸਰਕਾਰ ਇਹ ਦਾਅਵਾ ਵੀ ਕਰ ਰਹੀ ਹੈ ਕਿ ਭਾਰਤ 2024 ਤੱਕ 50 ਅਰਬ ਅਮਰੀਕੀ ਡਾਲਰ ਦੀ ਅਰਥ ਵਿਵਸਥਾ ਬਣ ਜਾਏਗਾ। ਪਰ ਇਸ ਬੇਲਗਾਮ ਹੋਈ ਅਰਥ ਵਿਵਸਥਾ ਨੇ ਦੇਸ਼ ਦੇ ਗਰੀਬਾਂ ਨੂੰ ਹੋਰ ਗਰੀਬ ਅਤੇ ਅਮੀਰਾਂ ਨੂੰ ਹੋਰ ਅਮੀਰ ਕੀਤਾ ਹੈ ਭਾਵੇਂ ਕਿ ਸੰਯੁਕਤ ਰਾਸ਼ਟਰ ਵਲੋਂ ਜਾਰੀ ਗਰੀਬੀ ਸੂਚਾਂਕ ਰਿਪੋਰਟ 2019 ਅਨੁਸਾਰ ਪਿਛਲੇ ਦਸ ਸਾਲਾਂ ਵਿੱਚ ਦੇਸ਼ ਦੇ 27.1 ਕਰੋੜ ਲੋਕ ਗਰੀਬੀ ਰੇਖਾ ਤੋਂ ਬਾਹਰ ਆਏ ਹਨ। ਹਾਲਾਂਕਿ ਹੁਣ ਵੀ ਦੇਸ਼ ਵਿੱਚ ਗਰੀਬੀ ਰੇਖਾ ਤੋਂ ਹੇਠ ਰਹਿਣ ਵਾਲੇ ਲੋਕਾਂ ਦੀ ਗਿਣਤੀ 37 ਕਰੋੜ ਦੱਸੀ ਗਈ ਹੈ। ਰਿਪੋਰਟ ਦੇ ਅਨੁਸਾਰ ਦੁਨੀਆ ਭਰ ਦੇ ਸਰਵੇ ਕੀਤੇ ਗਏ 101 ਦੇਸ਼ਾਂ ਵਿੱਚ 130 ਕਰੋੜ ਗਰੀਬ ਰਹਿੰਦੇ ਹਨ। ਗਰੀਬੀ ਹੇਠ ਰਹਿ ਰਹੇ ਲੋਕਾਂ ਦਾ ਪੈਮਾਨਾ ਨਾਪਣ ਲਈ ਪੋਸ਼ਣ ਦੀ ਕਮੀ, ਬਾਲ ਮੌਤ ਦਰ, ਰਸੋਈ ਗੈਸ ਦੀ ਉਪਲੱਬਧਤਾ, ਸਫਾਈ, ਪੀਣ ਦੇ ਪਾਣੀ ਦੀ ਸੁਵਿਧਾ, ਬਿਜਲੀ ਦਾ ਮਿਲਣਾ, ਘਰਾਂ ਦੀ ਕਮੀ ਅਤੇ ਜਾਇਦਾਦ ਦੀ ਘਾਟ ਨੂੰ ਰੱਖਿਆ ਗਿਆ। ਬੇਸ਼ਕ ਭਾਰਤ ਵਿੱਚ ਪਿਛਲੇ ਇਕ ਦਹਾਕੇ ਵਿੱਚ ਗਰੀਬੀ ਘੱਟ ਹੋਈ ਹੈ, ਲੇਕਿਨ ਆਰਥਿਕ ਅਤੇ ਸਮਾਜਿਕ ਨਾ ਬਰਾਬਰੀ ਦੇ ਕਾਰਨ ਭਾਰਤ ਦੇ ਕਰੋੜਾਂ ਲੋਕ ਖੁਸ਼ਹਾਲੀ ਤੋਂ ਪਿੱਛੇ ਹਨ।



ਸਾਲ 2017 ਵਿੱਚ ਭਾਰਤ ਦੇ ਅਰਬਪਤੀਆ ਦੀ ਕੁੱਲ ਜਾਇਦਾਦ ਦੇਸ਼ ਦੀ ਜੀ ਡੀ ਪੀ ਦੇ 15 ਫੀਸਦੀ ਦੇ ਬਾਰਬਰ ਹੋ ਗਈ। ਜਦਕਿ ਪੰਜ ਸਾਲ ਪਹਿਲਾਂ ਇਹ 10 ਫੀਸਦੀ ਸੀ। ਭਾਵ ਸਰਕਾਰੀ ਨੀਤੀਆਂ ਦੀ ਬਦੌਲਤ ਅਮੀਰਾਂ ਦੇ ਧਨ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ।

ਔਕਸਫੈਮ ਰਿਪੋਰਟ ਅਨੁਸਾਰ ਭਾਰਤ ਆਰਥਿਕ ਨਾ-ਬਰਾਬਰੀ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਵਿੱਚ 2017 ਵਿੱਚ ਜਿੰਨੀ ਜਾਇਦਾਦ ਵਧੀ, ਉਸਦਾ 73 ਫੀਸਦੀ ਹਿੱਸਾ ਦੇਸ਼ ਦੇ ਇੱਕ ਫੀਸਦੀ ਅਮੀਰਾਂ ਦੀ ਝੋਲੀ ਪਿਆ ਅਤੇ ਦੇਸ਼ ਦੇ 130 ਕਰੋੜ ਲੋਕਾਂ ਦੇ ਪੱਲੇ 27 ਫੀਸਦੀ। ਅਸਲ ਵਿੱਚ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥ ਵਿਵਸਥਾ ਵਿੱਚ ਅਮੀਰ-ਗਰੀਬ ਵਿਚਲਾ ਪਾੜਾ ਲਗਾਤਾਰ ਵੱਧ ਰਿਹਾ ਹੈ। ਵੱਡੇ ਧਨੀ ਲੋਕਾਂ ਦੀ ਸੰਖਿਆ ਦੇ ਹਿਸਾਬ ਨਾਲ ਭਾਰਤ ਦਾ ਦੁਨੀਆ ਵਿੱਚ ਛੇਵਾਂ ਸਥਾਨ ਹੈ।

ਇਸ ਪਾੜੇ ਨੂੰ ਦੂਰ ਕਰਨ ਲਈ ਸਰਕਾਰ ਵਲੋਂ ਮਿੱਥ ਕੇ ਕੋਈ ਉਪਰਾਲੇ ਨਾ ਕਰਨ ਕਾਰਨ ਭਾਰਤ ਦਾ ਦੁਨੀਆ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਪ੍ਰਦਰਸ਼ਨ ਸੰਤੋਖਜਨਕ ਨਹੀਂ ਰਿਹਾ। ਇਸ ਸਾਲ ਦੇ ਬਜ਼ਟ ਵਿੱਚ ਦੋ ਸੌ ਕਰੋੜ ਰੁਪਏ ਸਲਾਨਾ ਕਮਾਉਣ ਵਾਲਿਆਂ ਉਤੇ ਤਿੰਨ ਫੀਸਦੀ ਅਤੇ ਪੰਜ ਕਰੋੜ ਕਮਾਉਣ ਵਾਲਿਆਂ ਉਤੇ ਸੱਤ ਫੀਸਦੀ ਸਰਚਾਰਜ ਲਗਾ ਕੇ ਸਰਕਾਰ ਨੇ ਇਹ ਦਾਅਵਾ ਕੀਤਾ ਹੈ ਕਿ ਇਸ ਨਾਲ ਦੇਸ਼ ਵਿਚ ਆਰਥਿਕ ਨਾ ਬਰਾਬਰੀ ਘੱਟੇਗੀ , ਪਰ ਆਰਥਿਕ ਨੀਤੀਆਂ ਵਿੱਚ ਬਦਲੀ ਨਾ ਕਰਕੇ ਸਰਕਾਰ ਨੇ ਇਸ ਆਰਥਿਕ ਪਾੜੇ ਦੇ ਵਾਧੇ ਵਾਲੇ ਕਦਮ ਹੀ ਪੁੱਟੇ ਹਨ, ਜਿਹਨਾ ਵਿੱਚ ਏਅਰ ਇੰਡੀਆ ਭਾਰਤੀ ਰੇਲਵੇ ਅਤੇ ਹੋਰ ਸੰਸਥਾਨ ਨੂੰ ਨਿੱਜੀ ਖੇਤਰ ਨੂੰ ਵੇਚਣ ਦਾ ਕਦਮ ਪ੍ਰਮੁੱਖ ਹੈ।

ਦੇਸ਼ ਦੇ ਅਮੀਰਾਂ ਦੀ ਦੌਲਤ ਵਿੱਚ ਅਰਬਾਂ, ਖਰਬਾਂ ਦਾ ਵਾਧਾ ਦੇਸ਼ ਦੀ ਆਰਥਿਕਤਾ ਵਿਚ ਮਜ਼ਬੂਤੀ ਕਿਵੇਂ ਗਿਣਿਆ ਜਾ ਸਕਦਾ ਹੈ, ਜਦੋਂ ਕਿ ਜਿਹੜੇ ਸਖ਼ਤ ਮਿਹਨਤ ਕਰਦੇ ਹਨ, ਲੋਕਾਂ ਦੇ ਖਾਣ ਲਈ ਭੋਜਣ ਦਾ ਪ੍ਰਬੰਧ ਕਰਦੇ ਹਨ, ਬੁਨਿਆਦੀ ਢਾਂਚੇ ਦੀ ਉਸਾਰੀ ਲਈ ਹੱਥੀ ਕਿਰਤ ਕਰਦੇ ਹਨ, ਫੈਕਟਰੀਆਂ ਵਿਚ ਕੰਮ ਕਰਦੇ ਹਨ, ਉਹਨਾ ਕੋਲ ਨਾ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਲਈ ਸਾਧਨ ਹਨ, ਨਾ ਉਹਨਾਂ ਦੀ ਪੜ੍ਹਾਈ ਤੇ ਸਿਹਤ ਸਹੂਲਤਾਂ ਦਾ ਕੋਈ ਪ੍ਰਬੰਧ ? ਉਹ ਤਾਂ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਹਨ। ਭਾਰਤ ਵਿੱਚ ਲੋਕਤੰਤਰ ਦੇ ਨਾਮ ਉਤੇ ਭ੍ਰਿਸ਼ਟਾਚਾਰ, ਚੋਰ ਬਜ਼ਾਰੀ ਅਤੇ ਲੁੱਟ-ਖਸੁੱਟ ਦਾ ਜੋ ਵਾਧਾ ਹੋ ਰਿਹਾ ਹੈ, ਉਸ ਨਾਲ ਦੇਸ਼ ਵਿਚ ਰਾਜਸੀ ਤਾਕਤ ਕੁਝ ਚੁਣੇ ਹੋਏ ਅਮੀਰਾਂ ਦੇ ਹੱਥ ਪੁੱਜ ਰਹੀ ਹੈ, ਜਿਹੜੇ ਸਾਫ-ਸੁਥਰੇ ਅਕਸ ਵਾਲੇ ਲੋਕਾਂ ਨੂੰ ਪਿਛਾਂਹ ਸੁੱਟਕੇ ਆਪਣੇ ਹੱਥ ਠੋਕੇ ਸਿਆਸਤਦਾਨਾਂ ਨੂੰ ਦੇਸ਼ ਦੀ ਸਿਆਸਤ ਵਿਚ ਅੱਗੇ ਲਿਆ ਕੇ ਆਪਣੇ ਹੱਥ ਰੰਗਣਾ ਚਾਹੁੰਦੇ ਹਨ।

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮ ਦੇ ਹਵਾਲੇ ਨਾਲ ਛਪੀ ਇੱਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਦੇਸ਼ ਵਿੱਚ 233 ਸਾਂਸਦ ਜੋ ਜਿੱਤਕੇ ਲੋਕ ਸਭਾ ਦੇ ਮੈਂਬਰ ਚੁਣੇ ਗਏ ਹਨ ਉਹਨਾ ਉਤੇ ਫੌਜਦਾਰੀ ਕੇਸ ਦਰਜ ਹਨ, ਜਦਕਿ ਇਹਨਾਂ ਵਲੋਂ 115 ਸਾਫ ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਸੰਸਦ ਜਾਣੋਂ ਰੋਕ ਦਿੱਤਾ ਹੈ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਦੇਸ਼ ਦੇ 313 ਕਰੋੜਪਤੀ ਸਾਂਸਦ ਇਹੋ ਜਿਹੇ ਹਨ ਜਿਹਨਾ ਨੇ 50 ਫੀਸਦੀ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਹਨ। ਜੇਕਰ ਦੇਸ਼ ਵਿੱਚ ਅਮੀਰਾਂ ਦਾ ਬੋਲਬਾਲਾ ਰਹਿੰਦਾ ਹੈ ਤਾਂ ਇੱਕ ਸਰਵੇ ਅਨੁਸਾਰ ਗਰੀਬਾਂ ਦੀ ਆਮਦਨ ਵਿਚ ਵਾਧੇ ਦਾ ਜਾਂ ਉਹਨਾ ਨੂੰ ਸਮਾਜਿਕ ਸਿਆਸੀ ਖੇਤਰ ਵਿਚ ਅੱਗੇ ਵਧਣ ਦਾ ਮੌਕਾ ਨਹੀਂ ਮਿਲਦਾ ਤਾਂ ਘੱਟੋ-ਘੱਟ ਦਿਹਾੜੀ ਕਮਾਉਣ ਵਾਲੇ ਭਾਰਤ ਦੇ ਪੇਂਡੂ ਵਰਕਰ ਨੂੰ ਕਿਸੇ ਵੱਡੀ ਕੱਪੜੇ ਬਨਾਉਣ ਵਾਲੀ ਫੈਕਟਰੀ ਦੇ ਉੱਚ ਅਧਿਕਾਰੀ ਦੇ ਬਰਾਬਰ ਦੀ ਤਨਖਾਹ ਲੈਣ ਲਈ 941 ਸਾਲ ਲੱਗਣਗੇ।

ਦੇਸ਼ ਦਾ ਪੇਂਡੂ ਅਰਥਚਾਰਾ ਡਾਵਾਂਡੋਲ ਹੈ। ਖੇਤੀ ਖੇਤਰ ਪੂਰੀ ਤਰ੍ਹਾਂ ਸੰਕਟ ਵਿੱਚ ਹੈ। ਪੇਂਡੂ ਬੁਨਿਆਦੀ ਢਾਂਚਾ ਕਿਸੇ ਵੀ ਤਰ੍ਹਾਂ ਵੱਧ-ਫੁਲ ਨਹੀਂ ਰਿਹਾ। ਮਗਨਰੇਗਾ ਵਰਗੀ ਸਕੀਮ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ। ਪਿੰਡਾਂ ਵਿਚ ਸਿੱਖਿਆ ਸਹੂਲਤਾਂ ਦੀ ਕਮੀ ਖਟਕਦੀ ਹੈ, ਸਿਹਤ ਸਹੂਲਤਾਂ ਤਾਂ ਮਿਲ ਹੀ ਨਹੀਂ ਰਹੀਆਂ। ਪੀਣ ਵਾਲੇ ਪਾਣੀ ਦੀ ਕਮੀ ਹੈ। ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। ਦੇਸ਼ ਦੇ ਕੁਦਰਤੀ ਖਜ਼ਾਨੇ ਸਰਕਾਰੀ ਸ਼ਹਿ ਉਤੇ ਲੁੱਟੇ ਜਾ ਰਹੇ ਹਨ। ਪਿੰਡਾਂ ਵਿਚ ਉਗਾਈਆਂ ਜਾ ਰਹੀਆਂ ਫਸਲਾਂ ਨੂੰ ਸਹੀ ਮੁੱਲ ਨਹੀਂ ਮਿਲ ਰਿਹਾ ।ਸਰਕਾਰਾਂ ਵਲੋਂ ਡਾ: ਸਵਾਮੀਨਾਥਨ ਦੀ ਰਿਪੋਰਟ ਨੂੰ ਮੰਨਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ। ਪੇਂਡੂ ਖੇਤਰ ਨੂੰ ਪਿੱਛੇ ਛੱਡਕੇ ਸ਼ਹਿਰੀ ਖੇਤਰ ਵੱਲ ਜ਼ੋਰ ਦਿੱਤਾ ਜਾ ਰਿਹਾ ਹੈ, ਜਿਸਦੇ ਵਿਕਾਸ ਦੀ ਦਰ ਮੁਕਾਬਲਤਨ ਵੱਧ ਹੈ। ਸ਼ਹਿਰਾਂ ਵਿੱਚ ਤਾਂ ਵੱਡਾ ਬੁਨਿਆਦੀ ਢਾਂਚਾ ਉਸਾਰਿਆ ਜਾ ਰਿਹਾ ਹੈ।

# 17 ਸਾਲਾਂ ਦੇ ਗੁਰਪ੍ਰਤਾਪ ਸਿੰਘ ਨੂੰ ਮਾਰਨ ਵਾਲੇ ਪੁਲਸੀਏ ਕਨੇਡਾ ਦੀ ਸੈਰ ਕਰਨ ਦੀ ਤਾਕ 'ਚ

**ਚੰਡੀਗੜ੍ਹ/ਏਟੀ ਨਿਊਜ਼ :**
ਵਲੀਪੁਰ ਦੇ ਗੁਰਪ੍ਰਤਾਪ ਸਿੰਘ ਦੀ ਉਮਰ ਉਸ ਵੇਲੇ ਸਿਰਫ ਸਾਢੇ 17 ਸਾਲਾਂ ਦੀ ਸੀ ਜਦੋਂ ਪੰਜਾਬ ਪੁਲਿਸ ਦੇ ਕਰਿੰਦਿਆਂ ਨੇ ਉਸ ਨੂੰ ਜਬਰੀ ਲਾਪਤਾ ਕਰਕੇ ਮਾਰ ਮੁਕਾਇਆ ਸੀ। ਪੁਲਿਸ ਵਾਲਿਆਂ ਨੇ ਗੁਰਪ੍ਰਤਾਪ ਸਿੰਘ ਨੂੰ 'ਅਣਪਛਾਤੀ ਲਾਸ਼' ਕਰਾਰ ਦੇ ਕੇ ਉਸ ਦੀ ਮ੍ਰਿਤਕ ਦੇਹ ਵੀ ਸਾੜ ਦਿੱਤੀ ਸੀ। ਇਸ ਸਿੱਖ ਬਾਲ ਦੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੁਲਿਸ ਵਾਲੇ ਹੁਣ ਕਨੇਡਾ ਦੀਆਂ ਸੈਰਾਂ ਕਰਨ ਦੀ ਤਾਕ ਵਿਚ ਹਨ। ਮੁਹਾਲੀ ਦੀ ਖਾਸ ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ (ਸੀਬੀਆਈ) ਅਦਾਲਤ ਵਿਚ ਦੋਸ਼ੀ ਸੰਤ ਕੁਮਾਰ, ਸ਼ਮਸ਼ੇਰ ਸਿੰਘ, ਗੁਰਸ਼ਰਨ ਸਿੰਘ ਬੇਦੀ, ਬਰਾਹਮ ਦਾਸ, ਸੁਰਜੀਤ ਸਿੰਘ, ਰਾਮ ਸਿੰਘ, ਜਗਪਾਲ ਸਿੰਘ, ਨਰਿੰਦਰਪਾਲ, ਸੁਖਦੇਵ ਸਿੰਘ ਅਤੇ ਸਤੀਸ਼ ਕੁਮਾਰ ਗੁਰਪ੍ਰਤਾਪ ਸਿੰਘ ਦੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਅਦਾਲਤੀ ਦਸਤਾਵੇਜ਼ ਦਰਸਾਉਂਦੇ ਹਨ ਕਿ 29 ਮਈ 2019 ਨੂੰ ਦੋਸ਼ੀ ਸ਼ਮਸ਼ੇਰ ਸਿੰਘ ਨੇ ਅਦਾਲਤ ਕੋਲੋਂ ਕਨੇਡਾ ਜਾਣ ਲਈ ਇਜਾਜ਼ਤ ਮੰਗੀ ਸੀ।

ਗੁਰਪ੍ਰਤਾਪ ਸਿੰਘ ਦੇ ਮਾਮਲੇ ਵਿਚ ਚੱਲ ਰਹੀ ਕਾਰਵਾਈ ਦੇ ਦਸਤਾਵੇਜ਼ਾਂ ਤੋਂ ਹੀ ਪਤਾ ਲੱਗਾ ਹੈ ਕਿ ਝੂਠੇ ਪੁਲਿਸ ਮੁਕਾਬਲੇ ਅਤੇ ਜਬਰੀ ਲਾਪਤਾ ਕਰ ਕੇ ਮਾਰਨ ਦੇ ਇਕ ਹੋਰ ਮਾਮਲੇ (ਸੀਬੀਆਈ ਬਨਾਮ ਬਲਦੇਵ ਸਿੰਘ) ਵਿਚ ਦੋਸ਼ੀ ਇਕਬਾਲ ਸਿੰਘ ਨੇ ਵੀ ਅਦਾਲਤ ਕੋਲੋਂ ਕਨੇਡਾ ਜਾਣ ਦੀ ਇਜਾਜ਼ਤ ਮੰਗੀ ਹੈ।

ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਨੇ ਆਪਣੇ ਇਕ ਫੈਸਲੇ (ਸੀ.ਆਰ.ਆਰ. ਨੰਬਰ 3854/2016, ਸਫਾ 12 ਤੋਂ 13) ਵਿਚ ਇਸ ਮਾਮਲੇ ਦਾ ਵਿਚ ਗੁਰਪਰਤਾਪ ਸਿੰਘ ਦੇ ਮਾਮਲੇ ਦਾ ਇਨ੍ਹਾਂ ਅੱਖਰਾਂ ਵਿਚ ਜ਼ਿਕਰ ਕੀਤਾ ਹੈ:

**ਉਸੀ.ਆਰ.ਆਰ. ਅੰਕ 4212, ਸਾਲ 2016**

16.12.1996 ਨੂੰ ਸੀ.ਆਰ.ਡਬਲਯੂ.ਪੀ. ਅੰਕ 415, ਸਾਲ 1994 ਅਤੇ ਸੀ.ਆਰ.ਐਮ-ਐਮ-465, ਸਾਲ 1995 ਰਾਹੀਂ ਇਸ ਅਦਾਲਤ ਨੇ ਸਾਢੇ 17 ਸਾਲਾਂ ਦੇ ਗੁਰਪ੍ਰਤਾਪ ਸਿੰਘ ਦੇ ਪੁਲਿਸ ਹਿਰਾਸਤ ਦੌਰਾਨ ਹੋਏ ਕਥਿਤ ਕਤਲ ਦੀ ਜਾਂਚ ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ (ਸੀਬੀਆਈ) ਨੂੰ ਸੌਂਪੀ ਸੀ। ਇਸ ਅਦਾਲਤ ਵੱਲੋਂ ਇਹ ਪਾਇਆ ਗਿਆ ਸੀ ਕਿ ਗੁਰਪ੍ਰਤਾਪ ਸਿੰਘ ਪੁਲਿਸ ਹਿਰਾਸਤ ਵਿਚ ਸੀ ਤੇ ਇਹ ਕਿਹਾ ਗਿਆ ਕਿ ਉਹ ਕਥਿਤ ਤੌਰ 'ਤੇ ਹਿਰਾਸਤ ਵਿਚੋਂ ਬਚ ਨਿਕਲਿਆ ਅਤੇ ਬਾਅਦ ਵਿਚ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ। ਜਾਂਚ ਕਰਨ ਤੋਂ ਬਾਅਦ ਸੀਬੀਆਈ ਨੇ ਪੁਲਿਸ ਦੀ ਇਸ ਕਹਾਣੀ ਨੂੰ ਸਿਰੇ ਤੋਂ ਰੱਦ ਕੀਤਾ ਕਿ ਗੁਰਪ੍ਰਤਾਪ ਸਿੰਘ ਹਿਰਾਸਤ ਵਿਚੋਂ ਬਚ ਨਿਕਲਿਆ ਸੀ। ਜਾਂਚ ਵਿਚ ਇਹ ਸਾਹਮਣੇ ਆਇਆ ਕਿ ਗੁਰਪ੍ਰਤਾਪ ਸਿੰਘ 17 ਜਣਿਆ ਦੀ ਹਥਿਆਰਬੰਦ ਪੁਲਿਸ ਟੁਕੜੀ ਦੀ ਹਿਰਾਸਤ ਵਿਚ ਸੀ ਅਤੇ ਉਸ ਨੂੰ ਹੱਥਕੜੀ ਲਾ ਕੇ ਉਹ ਹੱਥਕੜੀ ਇਕ ਪੁਲਿਸ ਵਾਲੇ ਦੀ ਚਮੜੇ ਦੀ ਬਹੁਤ ਹੀ ਮਜਬੂਤ ਕਮਰਬੰਦ ਨਾਲ ਬੰਨੀ ਹੋਈ ਸੀ। ਭੱਜ ਨਿਕਲਣ ਬਾਰੇ ਪੁਲਿਸ ਦੀ ਸਾਰੀ ਕਹਾਣੀ ਹੀ ਮਨਘੜਤ ਸੀ। ਇਹ ਸਾਹਮਣੇ ਆਇਆ ਕਿ ਅਸਲ ਵਿਚ ਗੁਰਪ੍ਰਤਾਪ ਸਿੰਘ ਨੂੰ 22.11.1993 ਨੂੰ ਮਾਰ ਦਿੱਤਾ ਗਿਆ ਸੀ ਅਤੇ ਉਸ ਦੀ ਪਛਾਣ ਜਾਣਬੁੱਝ ਕੇ ਲੁਕਾ ਲਈ ਗਈ ਅਤੇ ਉਸ ਦੀ ਲਾਸ਼ ਨੂੰ ਅਣਪਛਾਤੀ ਕਰਾਰ ਦੇ ਦਿੱਤਾ ਗਿਆ ਜਦਕਿ ਇੰਸਪੈਕਟਰ ਸੰਤ ਕੁਮਾਰ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਹ ਵੀ ਸਾਹਮਣੇ ਆਇਆ ਕਿ ਗੁਰਪ੍ਰਤਾਪ ਸਿੰਘ ਨੂੰ 02.10.1993 ਤੋਂ 23.10.1993 ਤੱਕ ਸੀ.ਆਈ.ਏ. ਸਟਾਫ ਤਰਨ-ਤਾਰਨ ਵਿਖੇ ਗੈਰ ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਸੀ ਅਤੇ 30.10.1993 ਤੋਂ ਉਸ ਨੂੰ ਸੀ.ਆਈ.ਏ. ਸਟਾਫ ਬਰਨਾਲੇ ਗੈਰ ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਸੀ। ਪੁਲਿਸ ਵੱਲੋਂ ਜਾਅਲੀ ਦਸਤਾਵੇਜ਼ ਤਿਆਰ ਕਰਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਅਦਾਲਤ ਨੇ ਉਸ ਦਾ ਪੁਲਿਸ ਰਿਮਾਂਡ ਦਿੱਤਾ ਸੀ ਜਦੋਂ ਕਿ ਉਸਦਾ ਕੋਈ ਪੁਲਿਸ ਰਿਮਾਂਡ ਨਹੀਂ ਸੀ ਦਿੱਤਾ ਗਿਆ। ਗੁਰਪ੍ਰਤਾਪ ਸਿੰਘ ਦੇ ਹਿਰਾਸਤ ਵਿਚੋਂ ਭੱਜ ਜਾਣ ਅਤੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਬਾਰੇ ਪੁਲਿਸ ਦੀ ਕਹਾਣੀ ਝੂਠੀ ਨਿਕਲਣ ਉੱਤੇ ਸੀਬੀਆਈ ਨੇ ਅਰਜੀਕਰਤਿਆਂ ਵਿਰੁਧ ਚਲਾਣ ਪੇਸ਼ ਕੀਤਾ ਸੀ।" (ਮੂਲ ਅੰਗਰੇਜ਼ੀ ਤੋਂ ਪੰਜਾਬੀ ਉਲੱਥਾ)।



**ਪੰਜਾਬ ਵਿਚ ਹੋਇਆ ਮਨੁੱਖਤਾ ਦਾ ਘਾਣ :**
ਜ਼ਿਕਰਯੋਗ ਹੈ ਕਿ ਪੰਜਾਬ ਵਿਚ 1980ਵਿਆਂ ਦੇ ਅੱਧ ਤੋਂ 1990ਵਿਆਂ ਦੇ ਅੱਧ ਤੱਕ ਹੋਏ 'ਮਨੁੱਖਤਾ ਖਿਲਾਫ ਜੁਰਮਾਂ' ਦੇ ਕੁਝ ਕੁ ਮਾਮਲੇ ਹੀ ਅਦਲਤੀ ਕਾਰਵਾਈ ਤੱਕ ਪਹੁੰਚੇ ਹਨ, ਨਹੀਂ ਤਾਂ ਬਹੁਤੇ ਮਾਮਲਿਆਂ ਵਿਚ ਤਾਂ ਅਜੇ ਤੱਕ ਕੋਈ ਵੀ ਜਾਂਚ ਨਹੀਂ ਹੋਈ।

ਜਿਹੜੇ ਮਾਮਲੇ ਅਦਾਲਤੀ ਕਾਰਵਾਈ ਤੱਕ ਪਹੁੰਚੇ ਹਨ ਉਹ ਵੀ ਦਰਅਸਲ ਉਹ ਮਾਮਲੇ ਹਨ ਜਿਨ੍ਹਾਂ 'ਚ ਕਾਰਵਾਈ ਲਈ ਚਾਰਾਜੋਈ ਮਨੁੱਖੀ ਹੱਕਾਂ ਦੇ ਕਾਰਕੁੰਨ ਸ. ਜਸਵੰਤ ਸਿੰਘ ਖਾਲੜਾ ਵੱਲੋਂ ਸ਼ੁਰੂ ਕੀਤੀ ਗਈ ਸੀ। ਸ. ਖਾਲੜਾ ਵੱਲੋਂ ਇਹ ਕਦਮ ਚੁੱਕੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਵੀ ਪੰਜਾਬ ਪੁਲਿਸ ਦੇ ਕਰਿੰਦਿਆਂ ਨੇ 6 ਸਤੰਬਰ 1995 ਨੂੰ ਜਬਰੀ ਲਾਪਤਾ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਸਾਲ 1994-95 ਦੌਰਾਨ ਇਨ੍ਹਾਂ ਚੋਣਵੇਂ ਮਾਮਲਿਆਂ ਦੀ ਜਾਂਚ ਸੀਬੀਆਈ ਨੂੰ ਸੌਂਪੀ ਗਈ ਸੀ। ਸੀਬੀਆਈ ਨੇ ਜਾਂਚ ਕਰਕੇ ਇਨ੍ਹਾਂ ਮਾਮਲਿਆਂ ਵਿਚ ਦੋਸ਼ੀ ਪੁਲਿਸ ਵਾਲਿਆਂ 'ਤੇ ਮੁਕਦਮਾ ਚਲਾਉਣ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ ਪਰ ਪੁਲਿਸ ਵਾਲਿਆਂ ਨੇ ਭਾਰਤੀ ਉਪਮਹਾਂਦੀਪ ਦੀ ਸਰਬ-ਉੱਚ ਕਹੀ ਜਾਂਦੀ ਅਦਾਲਤ ਕੋਲ ਪਹੁੰਚ ਕਰਕੇ ਇਨ੍ਹਾਂ ਮਾਮਲਿਆਂ ਉੱਤੇ ਇਕਪਾਸੜ ਸੁਣਵਾਈ ਦੌਰਾਨ ਰੋਕ ਲਵਾ ਲਈ ਸੀ।

ਸਾਲ 2002 ਵਿਚ ਲੱਗੀ ਇਹ ਰੋਕ ਸਾਲ 2016 ਤੱਕ ਜਾਰੀ ਰਹੀ। ਭਾਰਤੀ ਅਦਾਲਤ ਨੇ ਇਹ ਰੋਕ ਚੁੱਕਣ ਨੂੰ 14 ਸਾਲ ਦਾ ਸਮਾਂ ਲਾ ਦਿੱਤਾ ਜਿਸ ਦੌਰਾਨ ਕਈ ਮੁਜਰਿਮ ਆਪਣੀ ਉਮਰ ਭੋਗ ਕੇ ਮਰ ਗਏ ਅਤੇ ਕਈ ਅਹਿਮ ਗਵਾਹ ਇਸ ਦੁਨੀਆ ਤੋਂ ਚਲੇ ਗਏ। ਹੁਣ ਇਨ੍ਹਾਂ ਮਾਮਲਿਆਂ ਵਿਚ ਸੁਣਵਾਈ ਮੁੜ ਸ਼ੁਰੂ ਹੋਈ ਹੈ।

ਜਾਣਕਾਰੀ ਮੁਤਾਬਕ ਹੁਣ ਇਨ੍ਹਾਂ ਮਾਮਲਿਆਂ ਵਿਚ ਮੁਹਾਲੀ ਦੀ ਅਦਾਲਤ ਵਿਚ ਗਵਾਹੀਆਂ ਚੱਲ ਰਹੀਆਂ ਹਨ। ਇਨ੍ਹਾਂ ਮਾਮਲਿਆਂ ਦੇ ਦੋਸ਼ੀ ਪੁਲਿਸ ਵਾਲੇ ਜ਼ਮਾਨਤਾਂ ਉੱਤੇ ਹਨ ਅਤੇ ਜਿਵੇਂ ਕਿ ਗੁਰਪ੍ਰਤਾਪ ਸਿੰਘ ਦੇ ਮਾਮਲੇ ਦੇ ਅਦਾਲਤੀ ਦਸਤਾਵੇਜ਼ ਦਰਸਾਉਂਦੇ ਹਨ ਇਨ੍ਹਾਂ ਵਿਚੋਂ ਕੁਝ ਦੋਸ਼ੀ ਪੁਲਿਸ ਵਾਲੇ ਵਿਦੇਸ਼ਾਂ ਦੀਆਂ ਸੈਰਾਂ ਕਰਨ ਦੇ ਚਾਹਵਾਨ ਹਨ।

**ਮਨੁੱਖਤਾ ਖਿਲਾਫ ਜੁਰਮਾਂ ਦੇ ਮਾਮਲਿਆਂ ਚ ਕਨੇਡਾ ਦਾ ਕਾਨੂੰਨ:**
ਭਾਵੇਂ ਕਿ ਦੋਸ਼ੀ ਪੁਲਿਸ ਵਾਲੇ ਕਨੇਡਾ ਜਾਣ ਦੇ ਚਾਹਵਾਨ ਹਨ ਪਰ ਕਨੇਡਾ ਦੇ'ਮਨੁੱਖਤਾ ਖਿਲਾਫ ਜੁਰਮ ਅਤੇ ਜੰਗੀ ਜੁਰਮ ਕਾਨੂੰਨ' ਦੀ ਧਾਰਾ 6 ਤਹਿਤ ਕਨੇਡਾ ਤੋਂ ਬਾਹਰ ਹੋਏ ਮਨੁੱਖਤਾ ਖਿਲਾਫ ਜੁਰਮਾਂ, ਨਸਲਕੁਸ਼ੀ ਜਾਂ ਜੰਗੀ ਜੁਰਮਾਂ ਦੇ ਦੋਸ਼ੀ ਜੇਕਰ ਕਨੇਡਾ ਵਿਚ ਪਾਏ ਜਾਂਦੇ ਹਨ ਤਾਂ ਕਨੇਡਾ ਸਰਕਾਰ ਉਨ੍ਹਾਂ ਦੋਸ਼ੀਆਂ ਉੱਤੇ ਇਨ੍ਹਾਂ ਜੁਰਮਾਂ ਲਈ ਮੁਕਦਮਾ ਚਲਾ ਸਕਦੀ ਹੈ।

**ਪੰਜਾਬ ਵਿਚ ਮਨੁੱਖਤਾ ਖਿਲਾਫ ਜੁਰਮ :**
ਪੰਜਾਬ ਵਿਚ 1980ਵਿਆਂ ਅੱਧ ਤੋਂ 1990ਵਿਆਂ ਦੇ ਅੱਧ ਤੱਕ ਜਿਸ ਪੈਮਾਨੇ ਉੱਤੇ ਜਿਵੇਂ ਗਿਣੇ-ਮਿੱਥੇ ਤਰੀਕੇ ਨਾਲ ਪੁਲਿਸ ਅਤੇ ਭਾਰਤੀ ਫੌਜੀ ਤੇ ਨੀਮ ਫੌਜੀ ਦਸਤਿਆਂ ਨੇ ਸਿੱਖਾਂ ਨੂੰ ਘਾਤਕ ਜੁਰਮਾਂ ਜਿਵੇਂ ਕਿ ਗੈਰਕਾਨੂੰਨੀ ਹਿਰਾਸਤ ਤੇ ਜਬਰੀ ਲਾਪਤਾ ਕਰਨਾ, ਤਸ਼ੱਦਦ, ਹਿਰਾਸਤ ਵਿਚ ਮਾਰ ਮੁਕਾਉਣਾ, ਝੂਠੇ ਮੁਕਾਬਲੇ ਆਦਿ ਦਾ ਨਿਸ਼ਾਨਾ ਬਣਾਇਆ ਉਹ ਕੌਮਾਂਤਰੀ ਕਾਨੂੰਨ ਦੀਆਂ ਪਰਿਭਾਸ਼ਾਵਾਂ ਤਹਿਤ 'ਮਨੁੱਖਤਾ ਖਿਲਾਫ ਜੁਰਮ' ਬਣਦਾ ਹੈ।

ਕੌਮਾਂਤਰੀ ਕਾਨੂੰਨ ਤਹਿਤ ਇਸ ਗੱਲ ਦੀ ਬਕਾਇਦਾ ਤਸਦੀਕ ਕੀਤੀ ਗਈ ਹੈ ਕਿ ਜੇਕਰ ਕੋਈ ਜੁਰਮ ਕੌਮਾਂਤਰੀ ਨੇਮਾਂ ਤਹਿਤ ਮਨੁੱਖਤਾਂ ਖਿਲਾਫ ਜੁਰਮ ਬਣਦਾ ਹੈ ਤਾਂ ਇਸ ਗੱਲ ਨਾਲ ਕੋਈ ਫਰਕ ਨਹੀਂ ਪਵੇਗਾ ਕਿ ਜਿਸ ਦੇਸ਼ ਵਿਚ ਉਹ ਜੁਰਮ ਕੀਤਾ ਜਾ ਰਿਹਾ ਸੀ ਉਸ ਦੇ ਕਾਨੂੰਨ ਮੁਤਾਬਕ ਉਹ ਮਨੁੱਖਤਾ ਖਿਲਾਫ ਜੁਰਮ ਜਾਂ ਫਿਰ ਆਮ ਜੁਰਮ ਵੀ ਨਹੀਂ ਸਨ ਬਣਦੇ। ਇਸ ਲਈ ਭਾਵੇਂ ਕਿ ਭਾਰਤੀ ਉਪਮਹਾਂਦੀਪ ਦੇ ਕਾਨੂੰਨ ਵਿਚ ਮਨੁੱਖਤਾ ਖਿਲਾਫ ਜੁਰਮ ਅਤੇ ਨਸਲਕੁਸ਼ੀ ਨੂੰ ਕਾਨੂੰਨੀ ਤੌਰ ਉੱਤੇ ਜੁਰਮ ਨਹੀਂ ਮੰਨਿਆ ਗਿਆ ਪਰ

**ਬਾਕੀ ਸਫ਼ਾ 28 'ਤੇ**

## ਸਮਝੌਤਾ ਐਕਸਪ੍ਰੈੱਸ ਧਮਾਕੇ 'ਚ ਅਸੀਮਾਨੰਦ ਨੂੰ ਬਰੀ ਕੀਤੇ ਜਾਣ ਦੇ ਫ਼ੈਸਲੇ ਨੂੰ ਚੁਣੌਤੀ

**ਚੰਡੀਗੜ੍ਹ/ਏਟੀ. ਨਿਊਜ਼ :** ਪਾਕਿਸਤਾਨੀ ਨਾਗਰਿਕ ਰਹੀਲਾ ਵਕੀਲ ਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕਰਕੇ ਸਮਝੌਤਾ ਐਕਸਪ੍ਰੈੱਸ ਧਮਾਕੇ 'ਚ ਸਵਾਮੀ ਅਸੀਮਾਨੰਦ ਅਤੇ ਤਿੰਨ ਹੋਰਾਂ ਨੂੰ ਪੰਚਕੂਲਾ ਦੀ ਐੱਨਆਈਏ ਅਦਾਲਤ ਵੱਲੋਂ ਬਰੀ ਕੀਤੇ ਜਾਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ। ਰਹੀਲਾ ਦੇ ਪਿਤਾ ਮੁਹੰਮਦ ਵਕੀਲ ਵੀ ਧਮਾਕੇ ਦੌਰਾਨ ਮਾਰੇ ਗਏ ਸਨ।

## ਸੁਪਰੀਮ ਕੋਰਟ ਵਲੋਂ ਨੌਂ ਮਹੀਨਿਆਂ 'ਚ ਬਾਬਰੀ ਮਸਜਿਦ ਕੇਸ ਬਾਰੇ ਫ਼ੈਸਲਾ ਸੁਣਾਉਣ ਦਾ ਹੁਕਮ

**ਨਵੀਂ ਦਿੱਲੀ/ਏਟੀ. ਨਿਊਜ਼ :** ਸੁਪਰੀਮ ਕੋਰਟ ਨੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਿਵਾਦਿਤ ਢਾਂਚਾ ਢਾਹੇ ਜਾਣ ਨਾਲ ਸਬੰਧਤ ਕੇਸ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਜੱਜ ਨੂੰ ਕਿਹਾ ਹੈ ਕਿ ਇਸ ਮਾਮਲੇ ਸਬੰਧੀ ਫ਼ੈਸਲਾ ਨੌਂ ਮਹੀਨਿਆਂ ਦੇ ਅੰਦਰ ਸੁਣਾਇਆ ਜਾਵੇ। ਇਸ ਮਾਮਲੇ ਵਿੱਚ ਭਾਜਪਾ ਦੇ ਸੀਨੀਅਰ ਆਗੂ ਐੱਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਉਮਾ ਭਾਰਤੀ ਮੁਲਜ਼ਮ ਹਨ। ਜਸਟਿਸ ਆਰ.ਐੱਫ. ਨਰੀਮਨ ਅਤੇ ਜਸਟਿਸ ਸੂਰਿਯਾ ਕਾਂਤ ਨੇ ਕਿਹਾ ਕਿ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਇਸ ਮਾਮਲੇ ਵਿੱਚ ਗਵਾਹਾਂ ਦੇ ਬਿਆਨ ਦਰਜ ਕਰਨ ਦਾ ਕੰਮ ਛੇ ਮਹੀਨਿਆਂ ਦੇ ਅੰਦਰ ਮੁਕੰਮਲ ਕੀਤਾ ਜਾਵੇ। ਬੈਂਚ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਕੇਸ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਜੱਜ ਦਾ ਕਾਰਜਕਾਲ ਵਧਾਉਣ ਲਈ ਚਾਰ ਹਫ਼ਤਿਆਂ ਦੇ ਅੰਦਰ ਲੋੜੀਂਦੇ ਆਦੇਸ਼ ਦੇਣ ਦਾ ਹੁਕਮ ਸੁਣਾਇਆ ਹੈ। ਵਿਸ਼ੇਸ਼ ਜੱਜ ਨੇ 30 ਸਤੰਬਰ ਨੂੰ ਸੇਵਾਮੁਕਤ ਹੋਣਾ ਹੈ।

## ਪੰਜਾਬ ਦੇ ਬਹੁਤੇ ਨਸ਼ਈ ਏਡਜ਼ ਦੀ ਜਕੜ 'ਚ ਆਏ

**ਚੰਡੀਗੜ੍ਹ/ਏ.ਟੀ. ਨਿਊਜ਼ :**

ਨਸ਼ਿਆਂ ਵਿੱਚ ਗਲਤਾਨ ਹੋਏ ਪੰਜਾਬੀ ਨੌਜਵਾਨ ਪੀੜ੍ਹੀ ਹੁਣ ਐਚਆਈਵੀ ਏਡਸ ਦੀ ਗ੍ਰਿਫ਼ਤ ਵਿੱਚ ਵੀ ਫੀਸਦੀ ਜਾ ਰਹੀ ਹੈ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆ ਤੋਂ ਆਏ ਏਡਜ਼ ਦੇ ਮਰੀਜ਼ਾਂ ਦੇ ਤਾਜ਼ਾ ਅੰਕੜਿਆਂ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ।ਪਿਛਲੇ 15 ਦਿਨਾਂ 'ਚ ਐਚਆਈਵੀ ਪਾਜ਼ੀਟਿਵ (ਏਡਜ਼) ਸਬੰਧੀ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆ ਰਹੀਆਂ ਹਨ। ਫ਼ਾਜ਼ਿਲਕਾ 'ਚ 50 ਤੋਂ ਵੱਧ ਨੌਜਵਾਨ ਲੜਕਿਆਂ ਤੇ ਬਰਨਾਲਾ ਜ਼ਿਲ੍ਹੇ 'ਚ 40 ਤੋਂ ਵੱਧ ਐਚਆਈਵੀ ਪੀੜਤ ਨੌਜਵਾਨਾਂ ਦੀ ਖ਼ਬਰ ਨੇ ਸਾਰਿਆਂ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ।ਪਿਛਲੇ ਦੋ ਮਹੀਨਿਆਂ ਵਿੱਚ ਜਲਾਲਾਬਾਦ ਦੇ ਨਸ਼ਾ ਛੁਡਾਊਸੈਂਟਰ ਵਿੱਚ ਕੁੱਲ 60 ਨਸ਼ੇ ਦੇ ਆਦੀਆਂ ਦੀ ਰਜਿਸਟਰੇਸ਼ਨ ਹੋਈ ਸੀ, ਜਿਨ੍ਹਾਂ ਵਿੱਚ ਨੌਕਰੀ ਪੇਸ਼ਾ, ਵੱਡੇ ਘਰਾਂ ਦੇ ਕਾਕੇ ਅਤੇ ਪੁਲਿਸ ਤੇ ਹੋਰਨਾਂ ਸਰਕਾਰੀ ਮੁਲਾਜ਼ਮਾਂ ਦੇ ਕਰਮਚਾਰੀ ਤੇ ਉਨ੍ਹਾਂ ਦੇ ਬੱਚੇ ਵੀ ਸ਼ਾਮਲ ਹਨ।

## ਨਿਊਯਾਰਕ ਤੋਂ ਦਿੱਲੀ ਤੇ ਮੁੰਬਈ ਦਰਮਿਆਨ ਹੋਵੇਗੀ ਸਿੱਧੀ ਉਡਾਣ

**ਨਵੀਂ ਦਿੱਲੀ/ਏਟੀ. ਨਿਊਜ਼ :** ਅਮਰੀਕਾ ਦੀ ਯੂਨਾਈਟਿਡ ਏਅਰਲਾਈਨਜ਼ ਨੇ ਨਿਊਯਾਰਕ ਤੋਂ ਦਿੱਲੀ ਤੇ ਮੁੰਬਈ ਦਰਮਿਆਨ ਸਿੱਧੀ ਉਡਾਣ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਕੰਪਨੀ ਨੇ ਕਿਹਾ ਹੈ ਕਿ ਉਹ ਛੇ ਸਤੰਬਰ 20 19 ਤੋਂ ਭਾਰਤ ਲਈ ਰੋਜ਼ਾਨਾ ਸਿੱਧੀ ਉਡਾਣ ਸ਼ੁਰੂ ਕਰੇਗੀ।

ਉੱਧਰ, ਭਾਰਤ ਦੀ ਜਨਤਕ ਉਡਾਣ ਕੰਪਨੀ ਏਅਰ ਇੰਡੀਆ ਨੇ ਵੀ 27 ਸਤੰਬਰ ਨੂੰ ਕੌਮਾਂਤਰੀ ਸੈਰ ਸਪਾਟਾ ਦਿਵਸ ਮੌਕੇ ਦਿੱਲੀ ਤੋਂ ਟੋਰੰਟੋ ਲਈ ਸਿੱਧੀ ਉਡਾਣ ਸ਼ੁਰੂ ਕਰੇਗੀ।

## ਵਿਦੇਸ਼ਾਂ ਵਿਚ ਮਰਿਆਦਾ ਅਨੁਸਾਰ ਚਾਰਟਡ ਜਹਾਜ਼ ਰਾਹੀਂ ਭੇਜੇ ਜਾਣਗੇ ਪਾਵਨ ਸਰੂਪ

**ਅੰਮ੍ਰਿਤਸਰ/ਏਟੀ. ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਕਈ ਅਹਿਮ ਫੈਸਲੇ ਲਏ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਵਿਦੇਸ਼ਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਭੇਜਣ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਵਿਦੇਸ਼ ਦੀਆਂ ਸੰਗਤਾਂ ਦੀ ਮੰਗ ਅਨੁਸਾਰ ਪਾਵਨ ਸਰੂਪ ਭੇਜੇ ਜਾਣਗੇ ਅਤੇ ਇਸ ਕਾਰਜ ਲਈ ਵਿਸ਼ੇਸ਼ ਚਾਰਟਰ ਜਹਾਜ਼ ਦੀ ਵਰਤੋਂ ਕੀਤੀ ਜਾਵੇਗੀ। ਭਾਈ ਲੌਂਗੋਵਾਲ ਨੇ ਕਿਹਾ ਕਿ ਪਾਵਨ ਸਰੂਪ ਵਿਦੇਸ਼ ਭੇਜਣ ਸਮੇਂ ਮਰਿਆਦਾ ਦਾ ਪੂਰਨ ਖਿਆਲ ਰੱਖਿਆ ਜਾਵੇਗਾ।

## ਬਰਨਾਲਡ ਬਣੇ ਦੁਨੀਆ ਦੇ ਦੂਜੇ ਧਨਾਢ, ਬਿੱਲ ਗੇਟਸ ਤੀਜੇ ਨੰਬਰ 'ਤੇ

**ਪੈਰਿਸ/ਏਟੀ. ਨਿਊਜ਼ :** ਲਗਜ਼ਰੀ ਗੁੱਡਜ਼ ਕੰਪਨੀ ਐਲਵੀਐਮਐਚ ਦੇ ਚੇਅਰਮੈਨ ਬਰਨਾਲਡ ਅਰਨਾਲਟ (70 ਸਾਲ) ਦੁਨੀਆ ਦੇ ਦੂਜੇ ਵੱਡੇ ਅਮੀਰ ਬਣ ਗਏ ਹਨ। ਇਸ ਦੇ ਨਾਲ ਹੀ ਬਲੂਮਬਰਗ ਬਿਲੇਨੀਅਰ ਇੰਡੈਕਸ ਵਿੱਚ ਮਾਈਕ੍ਰੋਸਾਫਟ ਦੇ ਕੋ-ਫਾਊਂਡਰ ਬਿੱਲ ਗੇਟਸ ਤੀਜੇ ਨੰਬਰ 'ਤੇ ਫਿਸਲ ਗਏ ਹਨ। ਐਲਵੀਐਮਐਚ ਦੇ ਸ਼ੇਅਰ ਵਿੱਚ 1.38 ਫੀਸਦੀ ਦੀ ਤੇਜ਼ੀ ਆਉਣ ਨਾਲ ਅਰਨਾਲਟ ਦੀ ਨੈਟਵਰਥ ਮੰਗਲਵਾਰ ਨੂੰ 108 ਅਰਬ ਡਾਲਰ (7.45 ਲੱਖ ਕਰੋੜ ਰੁਪਏ) ਹੋ ਗਈ ਜਦਕਿ ਬਿੱਲ ਗੇਟਸ ਦੀ 107 ਅਰਬ ਡਾਲਰ (7.38 ਲੱਖ ਕਰੋੜ ਰੁਪਏ) ਹੈ।

ਬਲੂਮਬਰਗ ਬਿਲੇਨੀਅਰ ਇੰਡੈਕਸ ਦੇ 7 ਸਾਲਾਂ ਵਿੱਚ ਪਹਿਲੀ ਵਾਰ ਗੇਟਸ ਤੀਜੇ ਨੰਬਰ 'ਤੇ ਫਿਸਲੇ ਹਨ। ਇਸ ਵਿਚ ਸ਼ਾਮਲ ਦੁਨੀਆ ਦੇ 500 ਅਮੀਰਾਂ ਦੀ ਨੈਟਵਰਥ ਹਰ ਰੋਜ਼ ਅਮਰੀਕੀ ਸ਼ੇਅਰ ਬਾਜ਼ਾਰ ਬੰਦ ਹੋਣ ਬਾਅਦ ਅਪਡੇਟ ਕੀਤੀ ਜਾਂਦੀ ਹੈ। । ਦੂਜੇ ਪਾਸੇ, ਜੈਫ ਬੇਜੋਸ ਆਪਣੀ ਪਹਿਲੀ ਪਤਨੀ ਮੈਕੇਂਜੀ ਨੂੰ ਤਲਾਕ ਦੇ ਰਾਜ਼ੀਨਾਮੇ ਵਿੱਚ ਕਰੀਬ 36.5 ਅਰਬ ਡਾਲਰ ਦੇ ਸ਼ੇਅਰ ਦੇਣ ਦੇ ਬਾਵਜੂਦ ਅਮੀਰਾਂ ਦੀ ਲਿਸਟ ਵਿੱਚ ਸਿਖ਼ਰ 'ਤੇ ਸ਼ੁਮਾਰ ਹਨ।

# ਕਰਤਾਰਪੁਰ-ਕੋਰੀਡੋਰ ਬਣਨ ਨਾਲ ਭਾਰਤ-ਪਾਕਿ ਨੂੰ ਬਹੁਪੱਖੀ ਲਾਭ ਮਿਲੇਗਾ : ਇਮਰਾਨ ਖਾਨ

### *ਪਾਕਿਸਤਾਨ ਦੁਨੀਆ ਦੀ ਬਿਹਤਰੀਨ ਟੂਰਿਸਟ ਹੱਬ ਹੋਵੇਗਾ*

**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਇਥੇ ਤਿੰਨ-ਦਿਨਾ ਦੌਰੇ 'ਤੇ ਅਮਰੀਕਾ ਪੁੱਜੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਵਿਦੇਸ਼ੀ ਪਾਕਿਸਤਾਨੀ ਕਮਿਊਨਿਟੀ ਦੀ ਮੀਟਿੰਗ ਆਯੋਜਿਤ ਕੀਤੀ, ਜਿਸ ਵਿਚ ਭਾਰੀ ਗਿਣਤੀ ਵਿਚ ਵਿਦੇਸ਼ੀ ਪਾਕਿਸਤਾਨੀ ਪੂਰੇ ਅਮਰੀਕਾ ਤੋਂ ਇਕੱਠੇ ਹੋਏ। ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਮਿਲਣ ਲਈ ਵਾਸ਼ਿੰਗਟਨ ਡੀਸੀ. ਵਿਚ ਕੈਪੀਟਲ ਦੇ ਏਰੀਨਾ ਸਟੇਡੀਅਮ ਵਿਖੇ ਅੰਦਾਜ਼ਨ 25,000 ਦੇ ਕਰੀਬ ਲੋਕ ਇਕੱਤਰ ਹੋਏ ਜਦ ਕਿ ਸਟੇਡੀਅਮ ਦੀ ਬੈਠਣ ਦੀ ਸਮਰੱਥਾ 20,000 ਹੈ। ਇਸ ਕਰ ਕੇ ਹਜ਼ਾਰਾਂ ਪਾਕਿਸਤਾਨੀ ਖੇਡਣ ਵਾਲੇ ਖੇਤਰ ਵਿਚ ਵੀ ਬੈਠੇ ਹੋਏ ਸਨ। ਆਪਣੇ ਲੰਮੇ ਭਾਸ਼ਣ ਦੌਰਾਨ ਇਮਰਾਨ ਖਾਨ ਨੇ ਕਰਤਾਰਪੁਰ ਕੋਰੀਡੋਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਰਤਾਰਪੁਰ ਕੋਰੀਡੋਰ ਖੁੱਲ੍ਹਣ ਨਾਲ ਦੋਹਾਂ ਮੁਲਕਾਂ ਨੂੰ ਜੋ ਆਰਥਿਕ ਤੇ ਭਾਈਚਾਰਕ ਲਾਭ ਹੋਣਾ ਹੈ, ਉਸ ਦਾ ਅੰਦਾਜ਼ਾ ਸਹਿਜੇ ਲਾਉਣਾ ਬਹੁਤ ਮੁਸ਼ਕਲ ਹੈ ਪਰ ਅੰਕੜੇ ਖ਼ੁਦ ਹੀ ਬੋਲਣਗੇ, ਤੁਸੀਂ ਇੰਤਜ਼ਾਰ ਕਰੋ। ਪਾਕਿਸਤਾਨ ਦੁਨੀਆ ਦੀ ਬਿਹਤਰੀਨ ਟੂਰਿਸਟ ਹੱਬ ਹੋਵੇਗਾ। ਉਸ ਨੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ 23 ਸਾਲ ਪਹਿਲਾਂ ਮੈਂ ਰਾਜਨੀਤੀ ਵਿਚ ਆਇਆ ਸੀ, ਤਾਂ ਮੈਂ ਇਕ ਗੱਲ ਕਹੀ ਸੀ ਅਤੇ ਉਸੇ ਹੀ ਨੋਟ 'ਤੇ ਮੈਂ ਅੰਤ ਤਕ ਸੰਬੋਧਨ ਕਰਾਂਗਾ। ਮੈਂ ਕਿਹਾ ਸੀ ਕਿ ਮੈਂ ਕਦੇ ਵੀ ਕਿਸੇ ਅੱਗੇ ਸਿਰ ਨਹੀਂ ਝੁਕਾਵਾਂਗਾ ।ਇਨਸ਼ਾ ਅੱਲ੍ਹਾ, ਕਦੇ ਵੀ, ਮੇਰੇ ਦੇਸ਼ ਨੂੰ ਕਿਸੇ ਦੇ ਸਾਹਮਣੇ ਆਪਣਾ ਸਿਰ ਝੁਕਾਉਣ ਦੀ ਇਜਾਜ਼ਤ ਨਹੀਂ ਦਿਆਂਗਾ। ਇਮਰਾਨ ਖਾਨ ਨੇ ਕਿਹਾ ਕਿ ਸੰਸਾਰ ਭਰ ਵਿਚ ਰਹਿੰਦੇ ਪਾਕਿਸਤਾਨੀ ਲੋਕਾਂ ਲਈ ਇਸ ਤਰ੍ਹਾਂ ਦੇ ਇਕੱਠ ਇੱਕ ਮਾਣ ਵਾਲੀ ਗੱਲ ਹੈ। ਇਮਰਾਨ ਖਾਨ ਨੇ ਭਾਰੀ ਇਕੱਠ ਉਤੇ ਖ਼ੁਦ ਮਾਣ ਮਹਿਸੂਸ ਕਰਦੇ ਹੋਏ ਕਿਹਾ ਕਿ ਇਹ ਮੇਰੇ ਲਈ ਅਚੰਭਾ ਹੈ, ਜਿਸ ਕਰਕੇ ਮੇਰਾ ਸਿਰ ਮਾਣ ਨਾਲ ਪੂਰੀ ਦੁਨੀਆ ਵਿਚ ਉੱਚਾ ਹੋਇਆ ਹੈ। ਉਹਨਾਂ ਕਿਹਾ ਕਿ ਮੈਂ ਇਕ ਸਾਬਕਾ ਕੌਮਾਂਤਰੀ ਕ੍ਰਿਕਟ ਖਿਡਾਰੀ ਤੇ ਮੌਜੂਦਾ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਤੁਹਾਡੇ ਸਾਹਮਣੇ ਆਪਣੀ ਕੈਬਨਿਟ ਦੇ ਕੁਝ ਮੈਂਬਰਾਂ ਸਮੇਤ ਵੱਡੀ ਭੀੜ ਦੇ ਸਾਹਮਣੇ ਪੇਸ਼ ਹੋਣ ਆਇਆ ਹਾਂ, ਜਿਸ ਦਾ ਤੁਸੀ ਇਕ ਰੌਕਸਟਾਰ ਵਾਂਗ ਸਵਾਗਤ ਕੀਤਾ ਹੈ।



### ਅਮਰੀਕਾ ਵੱਲੋਂ ਕਰਤਾਰਪੁਰ ਕੋਰੀਡੋਰ ਦੀ ਸ਼ਲਾਘਾ

**ਵਾਸ਼ਿੰਗਟਨ/ਏਟੀ. ਨਿਊਜ਼ :** ਅਮਰੀਕੀ ਅਧਿਕਾਰੀ ਮਾਰਗਨ ਆਰਟਾਗਸਲ ਨੇ ਭਾਰਤ ਤੇ ਪਾਕਿਸਤਾਨ ਵੱਲੋਂ ਉਸਾਰੇ ਜਾ ਰਹੇ ਕਰਤਾਰਪੁਰ ਸਾਹਿਬ ਗਲਿਆਰੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਗੁਰੂ ਨਾਨਕ ਦੇਵ ਨਾਲ ਸਬੰਧਤ ਇਸ ਅਸਥਾਨ ਦਾ ਸਿੱਖਾਂ ਲਈ ਖੁੱਲ੍ਹਣਾ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ ਲਈ ਕਾਫੀ ਅਹਿਮ ਸਾਬਤ ਹੋਵੇਗਾ।

ਇਮਰਾਨ ਖਾਨ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਪਾਕਿਸਤਾਨ ਨੂੰ ਇਕ ਵੱਡੇ ਸੁਪਨੇ ਦੇ ਆਧਾਰ 'ਤੇ ਬਣਾਇਆ ਗਿਆ ਸੀ। ਮੈਂ ਚਾਹੁੰਦਾ ਹਾਂ ਕਿ ਕਈ ਆਜ਼ਮ ਅਤੇ ਅੱਲਾਮਾ ਇਕਬਾਲ, ਜਿਨ੍ਹਾਂ ਬਾਰੇ ਤੁਸੀਂ ਆਪਣੇ ਬੱਚਿਆਂ ਨੂੰ ਇਹ ਦੱਸ ਸਕੋ ਕਿ ਉਨ੍ਹਾਂ ਦੇ ਸੁਪਨੇ ਨਾਲ ਪਾਕਿਸਤਾਨ ਵਿਚ ਕੀ ਤਬਦੀਲੀ ਆਈ ਹੈ, ਜਿਸ ਬੁਨਿਆਦ 'ਤੇ ਪਾਕਿਸਤਾਨ ਅੱਗੇ ਵੱਧ ਰਿਹਾ ਹੈ ਅਤੇ ਮੈਰਿਟ ਦੇ ਅਧਾਰ 'ਤੇ ਤਬਦੀਲ ਹੋ ਰਿਹਾ ਹੈ। ਜਿਸ ਤਬਦੀਲੀ ਨੂੰ ਤੁਸੀਂ ਦੇਖ ਸਕੋ ਅਤੇ ਮਹਿਸੂਸ ਕਰ ਸਕੋ, ਮੈਂ ਉਸ ਦਾ ਜ਼ਿਕਰ ਕਰ ਰਿਹਾ ਹਾਂ। ਉਨ੍ਹਾਂ ਕਿਹਾ ਕਿ ਮੈਂ, ਗੌਰਮਿੰਟ ਸਕੂਲਾਂ ਵਿਚ ਵਧੀਆ ਸਿੱਖਿਆ ਦੇਣ, ਗਰੀਬ ਬੱਚਿਆਂ ਨੂੰ ਵਧੀਆ ਤਾਲੀਮ ਦੇਣ ਦੇ ਮੁੱਖ ਮਨੋਰਥ ਨੂੰ ਲੈ ਕੇ ਤੁਰਿਆ ਹਾਂ, ਜਿਸ ਨੂੰ ਪੂਰਾ ਹੁੰਦਾ ਤੁਸੀਂ ਵੇਖ ਰਹੇ ਹੋ। ਮੈਰਿਟ 'ਤੇ ਹੋ ਰਹੇ ਫ਼ੈਸਲਿਆਂ ਦੇ ਨਤੀਜੇ ਤੁਹਾਡੇ ਸਾਹਮਣੇ ਹਨ। ਮੈਂ ਕਿਸੇ ਨੂੰ ਅੰਦਰ ਨਹੀਂ ਕੀਤਾ, ਜਿਨ੍ਹਾਂ ਖ਼ਿਲਾਫ਼ ਕਾਫੀ ਲੰਬੇ ਸਮੇਂ ਤੋਂ ਕੇਸ ਚੱਲ ਰਹੇ ਸਨ, ਉਨ੍ਹਾਂ ਬਾਬਤ ਮੇਰੇ ਵੱਲੋਂ ਖੁੱਲ੍ਹ ਅਤੇ ਮੈਰਿਟ ਦੇ ਅਧਾਰ 'ਤੇ ਲਏ ਫ਼ੈਸਲਿਆਂ ਨੇ ਸਭ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ਕਿ ਪਾਕਿਸਤਾਨ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੌਣ ਹਨ। ਮੇਰੇ 'ਤੇ ਵੀ ਅੰਦਰੋਂ-ਬਾਹਰੋਂ ਦਬਾਅ ਪਾਇਆ ਗਿਆ ਸੀ ਪਰ ਮੈਰਿਟ 'ਤੇ ਦਿੱਤੇ ਫ਼ੈਸਲੇ ਦਾ ਸਭ ਨੇ ਸਵਾਗਤ ਕੀਤਾ ।ਉਨ੍ਹਾਂ ਕਿਹਾ ਕਿ ਅਵਾਮ ਦੀ ਦੇਖਭਾਲ ਤੇ ਸਿਹਤਯਾਬੀ ਮੇਰਾ ਮੁੱਖ ਏਜੰਡਾ ਹੈ। ਇਮਰਾਨ ਖਾਨ ਨੇ ਲਾਹੌਰ ਦੀ ਜੇਲ੍ਹ ਚ' ਸਟੀਲ ਮਿੱਲ ਕੇਸ ਚ' 7 ਸਾਲ ਦੀ ਸ਼ਜਾ ਭੁਗਤ ਰਹੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ ਸ਼ਰੀਫ ਦੀ ਜੇਲ੍ਹ ਕੋਠੜੀ 'ਚ ਲੱਗੇ ਏਅਰਕੰਡੀਸ਼ਨਰ, ਟੀਵੀ ਨੂੰ ਹਟਾਉਣ ਦਾ ਵੀ ਜ਼ਿਕਰ ਕੀਤਾ । ਇਮਰਾਨ ਖਾਨ ਦੇ ਅਮਰੀਕਾ ਪੁੱਜਣ 'ਤੇ ਟਰੰਪ-ਪ੍ਰਸ਼ਾਸਨ ਵੱਲੋਂ ਨਜ਼ਰ-ਅੰਦਾਜ਼ ਕਰਨ ਦੀਆਂ ਖਬਰਾਂ ਦਰਮਿਆਨ ਇਥੇ ਇਮਰਾਨ ਖਾਨ ਦੇ ਭਾਸ਼ਣ ਦੌਰਾਨ ਬਲੋਚਿਸਤਾਨ ਦੀ ਆਜ਼ਾਦੀ ਲਈ ਜੂਝ ਰਹੇ ਬਲੋਚ ਕਾਰਕੁੰਨਾਂ ਨੇ ਹੰਗਾਮਾ ਅਤੇ ਨਾਅਰੇਬਾਜ਼ੀ ਵੀ ਕੀਤੀ ਜਿਨ੍ਹਾਂ ਨੂੰ ਮੌਜੂਦ ਸੁਰੱਖਿਆ ਕਰਮਚਾਰੀਆਂ ਨੇ ਤੁਰੰਤ ਬਾਹਰ ਕੱਢ ਦਿੱਤਾ। ਪਾਕਿਸਤਾਨੀ ਅਮਰੀਕਨਾਂ ਵਿਚ ਆਪਣੇ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਭਾਰੀ ਉਤਸ਼ਾਹ ਸੀ।

## ਸ਼੍ਰੋਮਣੀ ਕਮੇਟੀ ਨੇ 550 ਸਾਲਾ ਜਨਮ ਸ਼ਤਾਬਦੀ ਸਮਾਗਮ ਉਲੀਕੇ

**ਅੰਮ੍ਰਿਤਸਰ/ਏਟੀ ਨਿਊਜ਼ :**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਸ਼ਤਾਬਦੀ ਸਮਾਗਮਾਂ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਾਸ ਸਮਾਗਮ ਕਰਵਾਏ ਜਾ ਰਹੇ ਹਨ। ਇਸ ਤਹਿਤ ਸੁਲਤਾਨਪੁਰ ਲੋਧੀ ਵਿਖੇ 12 ਨਵੰਬਰ ਨੂੰ ਵਿਸ਼ਾਲ ਸਮਾਗਮ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ 1 ਤੋਂ 13 ਨਵੰਬਰ ਤਕ ਖਾਸ ਪ੍ਰੋਗਰਾਮ ਉਲੀਕੇ ਗਏ ਹਨ। ਇਸ ਤਹਿਤ ਸ਼ਾਨਦਾਰ ਕੀਰਤਨ ਦਰਬਾਰ ਕਰਵਾਏ ਜਾਣਗੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਤੇਜ਼ ਹਵਾਵਾਂ ਬਾਰਸ਼ ਤੇ ਹਨ੍ਹੇਰੀ ਕਾਰਨ ਹੁਣ ਨਗਰ ਕੀਰਤਨ 25 ਜੁਲਾਈ ਦੀ ਬਜਾਏ ਇੱਕ ਅਗਸਤ ਨੂੰ ਸ਼ੁਰੂ ਹੋਵੇਗਾ ਜੋ ਨਨਕਾਣਾ ਸਾਹਿਬ ਤੋਂ ਸੁਲਤਾਨਪੁਰ ਲੋਧੀ ਤਕ ਜਾਵੇਗਾ। ਸ਼੍ਰੋਮਣੀ ਕਮੇਟੀ ਨੇ ਇਸ ਨਗਰ ਕੀਰਤਨ ਸਬੰਧੀ 550 ਪਾਸਪੋਰਟ ਭੇਜ ਕੇ ਵੀਜ਼ੇ ਮੰਗੇ ਸੀ ਜਦਕਿ ਪਾਕਿਸਤਾਨ ਹਾਈ ਕਮਿਸ਼ਨ ਨੇ ਹਾਲੇ ਤਕ 480 ਦੇ ਕਰੀਬ ਵੀਜ਼ੇ ਜਾਰੀ ਕੀਤੇ ਹਨ।

## ਭਾਰਤ ਸਰਕਾਰ ਦੇ ਕੇਸਾਂ ਦੇ ਬਾਵਜੂਦ ਹਾਰਡ ਕੌਰ ਖਾਲਿਸਤਾਨ ਦੇ ਹੱਕ 'ਚ ਡਟੀ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਯੂਕੇ ਆਧਾਰਤ ਪੰਜਾਬੀ ਕਲਾਕਾਰ ਤਰਨ ਕੌਰ ਢਿੱਲੋਂ ਉਰਫ ਹਾਰਡ ਕੌਰ ਨੇ ਭਾਰਤ ਸਰਕਾਰ ਵੱਲੋਂ ਕੇਸ ਦਰਜ ਕਰਨ ਦੇ ਬਾਵਜੂਦ ਖਾਲਿਸਤਾਨ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ ਹੈ। ਭਾਰਤ ਨੇ ਕੁਝ ਹਫ਼ਤੇ ਪਹਿਲਾਂ ਹੀ ਹਾਰਡ ਕੌਰ 'ਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੇ ਦੋਸ਼ ਹੇਠ ਕੇਸ ਦਰਜ ਕੀਤੇ ਸਨ। ਹਾਰਡ ਕੌਰ ਨੇ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਵੀਡੀਓਜ਼ ਰਾਹੀਂ ਲੋਕਾਂ ਨੂੰ ਖ਼ਾਲਿਸਤਾਨ ਦੇ ਪੱਖ ਵਿੱਚ ਵੋਟਿੰਗ ਕਰਨ ਦੀ ਅਪੀਲ ਕੀਤੀ ਹੈ। ਉਸ ਨੇ ਆਪਣੇ ਇੰਸਟਾਗ੍ਰਾਮ ਖਾਤੇ 'ਤੇ ਪਾਈਆਂ ਵੀਡੀਓਜ਼ ਵਿਚ ਖਾਲਿਸਤਾਨ ਦੇ ਪ੍ਰਚਾਰ ਵਾਲੀ ਟੀ-ਸ਼ਰਟ ਵੀ ਪਹਿਨੀ ਹੋਈ ਹੈ। ਹਾਰਡ ਕੌਰ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਪੋਸਟ ਵਿਚ ਟੈਗ ਕੀਤਾ ਹੈ।

## ਕੈਨੇਡਾ ਵਾਸੀ ਗਾਇਕ ਹਰਪ੍ਰੀਤ ਰੰਧਾਵਾ ਦਾ ਨਵਾਂ ਗੀਤ 'ਪਾਸਪੋਰਟ' ਰਿਲੀਜ਼ ਲਈ ਤਿਆਰ

**ਨਿਊਯਾਰਕ/ਟੋਰਾਂਟੋ/ਰਾਜ ਗੋਗਨਾ :** "ਮੇਲਾ ਲੱਗਦਾ, ਰਾਜ ਦੀਆਂ ਗੱਲਾਂ, ਅੱਤਵਾਦੀ, ਅਠਾਰਾਂ ਲੱਖ, ਅਸੀਂ ਜ਼ਮੀਰਾਂ ਵਾਲੇ ਹਾਂ, ਸਾਡਾ ਬੁਲਟ, ਸਹੁੰ ਤੇਰੀ" ਵਰਗੇ ਗੀਤਾਂ ਨੂੰ ਗਾਉਣ ਵਾਲਾ ਕੈਨੇਡੀਅਨ ਨੌਜਵਾਨ ਗਾਇਕ ਹਰਪ੍ਰੀਤ ਰੰਧਾਵਾ ਇਕ ਹੋਰ ਬਿਲਕੁਲ ਨਵਾਂ ਗੀਤ, ਜਿਸ ਦਾ ਟਾਈਟਲ 'ਪਾਸਪੋਰਟ' ਹੈ, 25 ਜੁਲਾਈ ਨੂੰ ਲੈ ਕੇ ਹਾਜ਼ਿਰ ਹੋ ਰਿਹਾ ਹੈ। ਇਸ ਗੀਤ ਨੂੰ ਲੋਕ ਰੰਗ ਆਡੀਓ ਤੇ ਦੇਵ ਮੁੰਡੀ ਕੈਨੇਡਾ ਵਲੋਂ ਪੇਸ਼ ਕੀਤਾ ਜਾਵੇਗਾ, ਜਿਸ ਦੇ ਬੋਲ "ਮਿੱਤਰਾਂ ਦਾ ਬੀਬਾ ਪਾਸਪੋਰਟ ਵੇਖ ਲੈ, ਸਾਰਾ ਵੀਜ਼ਿਆਂ ਦੇ ਨਾਲ ਭਰਿਆ" ਨੂੰ ਗੀਤਕਾਰ ਜੱਸ ਵਰਿਆਹਾਂ ਵਾਲੇ ਨੇ ਲਿਖਿਆ ਹੈ। ਮਿਊਜ਼ਿਕ ਬਬਲੂ ਸਨਿਆਲ ਨੇ ਦਿੱਤਾ ਹੈ, ਕੰਪੋਜਿੰਗ ਸਾਹਿਬ ਢਿੱਲੋਂ ਤੇ ਵੀਡੀਓ




ਅਮਰਜੀਤ ਖੁਰਾਣਾ ਤੇ ਫਰੈਂਡਜ਼ ਸਟੂਡੀਓ ਦੀਆਂ ਟੀਮਾਂ ਵੱਲੋਂ ਟੋਰਾਂਟੋ ਕੈਨੇਡਾ ਤੇ ਚੰਡੀਗੜ੍ਹ ਦੀਆਂ ਵੱਖ ਵੱਖ ਲੋਕੇਸ਼ਨਾਂ 'ਤੇ ਫ਼ਿਲਮਾਇਆ ਗਿਆ ਹੈ। ਫ਼ੋਨ 'ਤੇ ਗੱਲ ਕਰਦਿਆਂ ਗਾਇਕ ਹਰਪ੍ਰੀਤ ਰੰਧਾਵਾ ਨੇ ਦੱਸਿਆ ਕਿ ਸਾਨੂੰ ਪੂਰੀ ਉਮੀਦ ਹੈ ਕਿ ਸਰੋਤੇ ਇਸ ਗੀਤ ਨੂੰ ਰੱਜਵਾਂ ਪਿਆਰ ਦੇਣਗੇ। ਗੀਤ ਬਹੁਤ ਵਧੀਆ ਹੈ, ਜਿਸ ਦਾ ਸਿਹਰਾ ਪੂਰੀ ਟੀਮ ਨੂੰ ਜਾਂਦਾ ਹੈ, ਜਿਨ੍ਹਾਂ ਵਿਚ ਗਾਇਕ ਜੱਸ ਸੰਘਾ, ਸੋਢੀ ਨਾਗਰਾ (ਰੌਣਕ ਪੰਜਾਬ ਦੀ), ਸਾਬੀ ਸੁਖੀਆ ਨੰਗਲ, ਬਲਜੀਤ ਸੰਘਾ, ਜਿੰਦੂ ਖਹਿਰਾ, ਗਾਇਕ ਦਲਵਿੰਦਰ ਦਿਆਲਪੁਰੀ, ਸੁਰਜੀਤ ਸਿੰਘ ਬੋਪਾਰਾਏ, ਟੋਨੀ ਜੌਹਲ ਟੋਰਾਂਟੋ, ਸੀਨੀਅਰ ਪੱਤਰਕਾਰ ਰਾਜ ਗੋਗਨਾ ਯੂਐਸਏ, ਬੱਗਾ ਸਲਕਾਣੀਆ, ਪੁਸ਼ਪਿੰਦਰ ਸੰਧੂ, ਕੁਲਵਿੰਦਰ ਸਿੰਘ ਲੋਕ ਰੰਗ ਆਡੀਓ, ਜਗਜੀਤ ਗਿੱਲ, ਗੁਰਜਾਪ ਰੰਧਾਵਾ, ਮਲਕੀਤ ਧੀਰਪੁਰੀਆ ਆਦਿ ਦੇ ਨਾਂਅ ਵਰਨਣਯੋਗ ਹਨ।

# ਡਰੱਗ ਸਮੱਗਲਰਾਂ 'ਤੇ ਪੁਲੀਸ ਅਫਸਰ ਨਹੀਂ ਕਰ ਰਹੇ ਕਾਰਵਾਈ

## ਸਾਬਕਾ ਫ਼ੌਜੀ ਅਫ਼ਸਰ ਦੀ ਪਤਨੀ ਨੇ ਪੰਜਾਬ ਦੇ 'ਕੈਪਟਨ' ਦੇ ਨਾਂ ਲਿਖਿਆ ਖਤ

**ਰਾਮਪੁਰਾ ਫੂਲ/ਏਟੀ ਨਿਊਜ਼ :** ਸਾਬਕਾ ਫ਼ੌਜੀ ਅਫ਼ਸਰ ਦੀ ਪਤਨੀ ਅਤੇ ਰਾਮਪੁਰਾ ਦੇ ਮਰਹੂਮ ਕਾਮਰੇਡ ਦੀ ਧੀ ਬਲਵਿੰਦਰ ਪਾਲ ਕੌਰ ਨੇ ਪੰਜਾਬ ਦੇ 'ਕੈਪਟਨ' ਦੇ ਨਾਂ ਲਿਖਿਆ ਖਤ ਨਸ਼ਰ ਕੀਤਾ ਹੈ ਜੋ ਪੰਜਾਬ ਦੇ 'ਚਿੱਟੇ ਦੌਰ' ਦੀ ਦੁਖਦੀ ਰਗ 'ਤੇ ਹੱਥ ਰੱਖਦਾ ਹੈ। ਫ਼ੌਜ ਦੇ ਕਰਨਲ (ਰਿਟਾਇਰਡ) ਦੀ ਪਤਨੀ ਨੇ ਕੈਪਟਨ ਕੋਲ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਵਾਸਤਾ ਪਾਇਆ ਹੈ। ਉਸਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਦੱਸਿਆ ਕਿ ਰਾਮਪੁਰਾ ਫੂਲ ਵਿਚ ਨਸ਼ਾ ਟਾਫੀਆਂ ਵਾਂਗ ਵਿਕਦਾ ਹੈ। ਉਸ ਨੇ ਪੁਲੀਸ ਅਫ਼ਸਰਾਂ ਨੂੰ ਸਮੇਂ ਸਮੇਂ 'ਤੇ ਸੂਚਨਾ ਦਿੱਤੀ ਪਰ ਪੁਲੀਸ ਨੇ ਪਾਸਾ ਵੱਟ ਲਿਆ। ਐੱਸਐੱਸਪੀ ਬਠਿੰਡਾ ਅਤੇ ਰਾਮਪੁਰਾ ਦੇ ਥਾਣੇਦਾਰਾਂ ਨੂੰ ਤਸਕਰਾਂ ਬਾਰੇ ਦੱਸਿਆ ਗਿਆ ਪਰ ਕੋਈ ਕਾਰਵਾਈ ਨਹੀਂ ਹੋਈ। ਬਲਵਿੰਦਰਪਾਲ ਕੌਰ ਦਾ ਕਰਨਲ (ਰਿਟਾਇਰਡ) ਪਤੀ ਸ਼ੁਰੂ ਤੋਂ ਹੀ ਪੰਜਾਬ ਤੋਂ ਬਾਹਰ ਰਿਹਾ ਅਤੇ ਉਸ ਦੇ ਪਰਿਵਾਰ ਦੀ ਦੂਸਰੀ ਪੀੜ੍ਹੀ ਨੇ ਭਾਰਤੀ ਫ਼ੌਜ ਵਿਚ ਸੇਵਾ ਨਿਭਾਈ। ਜਦੋਂ ਕਰਨਲ ਪਤੀ ਸੇਵਾਮੁਕਤ ਹੋਇਆ ਤਾਂ ਉਨ੍ਹਾਂ ਰਾਮਪੁਰਾ ਫੂਲ ਵਿਚ ਰਹਿਣ ਦਾ ਫ਼ੈਸਲਾ ਲਿਆ। ਜਦੋਂ ਰਾਮਪੁਰਾ ਵਿਚ 'ਚਿੱਟੇ' ਦਾ ਰਾਜ ਦੇਖਿਆ ਤਾਂ ਉਨ੍ਹਾਂ ਨੂੰ ਪੰਜਾਬ ਵਿਚ ਰਹਿਣ ਦੇ ਫ਼ੈਸਲੇ 'ਤੇ ਅਫ਼ਸੋਸ ਹੋਇਆ। ਉਸ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਸਾਬਕਾ ਫ਼ੌਜੀ ਅਫ਼ਸਰ ਹੋਣ ਦੇ ਨਾਤੇ ਪੰਜਾਬ ਨੂੰ ਬਚਾਉਣ ਲਈ ਅੱਗੇ ਆਉਣ। ਉਸ ਨੇ ਆਖਿਆ ਕਿ ਮਾਲ ਮੰਤਰੀ ਦੇ ਹਲਕੇ ਵਿਚ ਤਸਕਰ ਸ਼ਰ੍ਹੇਆਮ 'ਨਸ਼ੇ ਦਾ ਮਾਲ' ਵੇਚ ਰਹੇ ਹਨ।

### ਪੁਲੀਸ ਕੁਟਾਪੇ ਨਾਲ ਨਸ਼ਾ ਤਸਕਰ ਹੋਇਆ ਬੋਲਾ

ਬਠਿੰਡਾ ਪੁਲੀਸ ਨੇ ਹਫ਼ਤਾ ਪਹਿਲਾਂ ਫੜੇ ਮੌੜ ਵਾਲੇ ਨਸ਼ਾ ਤਸਕਰ ਸੁਨੀਲ ਕੁਮਾਰ ਉਰਫ਼ ਸੋਨੂੰ ਦਾ ਇੰਨਾ ਕੁਟਾਪਾ ਚਾੜ੍ਹਿਆ ਹੈ ਕਿ ਉਸ ਨੂੰ ਇਕ ਕੰਨ ਤੋਂ ਸੁਣਨਾ ਬੰਦ ਹੋ ਗਿਆ ਹੈ। ਸੋਨੂੰ ਨੇ ਇਸ ਦਾ ਖ਼ੁਲਾਸਾ ਪੁਲੀਸ ਵੱਲੋਂ ਉਸ ਦੇ ਕਰਵਾਏ ਮੈਡੀਕਲ ਦੌਰਾਨ ਡਾਕਟਰ ਕੋਲ ਕੀਤਾ ਹੈ। ਹੁਣ ਪੁਲੀਸ ਅਫ਼ਸਰ ਉਸ ਦਾ ਐਕਸਰੇਅ ਕਰਾਉਣ ਤੋਂ ਕਿਨਾਰਾ ਕਰ ਰਹੇ ਹਨ, ਜਿਸ ਕਾਰਨ ਮਾਮਲਾ ਹੋਰ ਸ਼ੱਕੀ ਬਣ ਗਿਆ ਹੈ। ਸੀਆਈਏ ਬਠਿੰਡਾ ਦੇ ਇੰਚਾਰਜ ਤਰਜਿੰਦਰ ਸਿੰਘ ਨੇ ਆਖਿਆ ਕਿ ਉਨ੍ਹਾਂ ਸਿਰਫ਼ ਪੁੱਛਗਿੱਛ ਕੀਤੀ ਸੀ ਅਤੇ ਉਸ ਨੂੰ ਥੱਪੜ ਤਕ ਨਹੀਂ ਮਾਰਿਆ ਗਿਆ।




### ਨਸ਼ਾ ਤਸਕਰ 10 ਲੱਖ ਨਗਦੀ, 19 ਤੋਲੇ ਸੋਨੇ ਅਤੇ ਸੌ ਗ੍ਰਾਮ ਹੈਰੋਇਨ ਸਮੇਤ ਕਾਬੂ

ਨਸ਼ੀਲੇ ਪਦਾਰਥਾਂ ਦੇ ਕੇਸਾਂ ਵਿਚ ਭਗੌੜੇ 29 ਸਾਲਾ ਇੱਕ ਨਸ਼ਾ ਤਸਕਰ ਨੂੰ ਸੀਆਈਏ ਸਟਾਫ ਪਟਿਆਲਾ ਦੀ ਟੀਮ ਨੇ 10 ਲੱਖ ਨਗਦੀ, 19 ਤੋਲੇ ਸੋਨੇ ਅਤੇ ਸੌ ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਪਟਿਆਲਾ ਦੇ ਐੱਸਐੱਸਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੁਲਜ਼ਮ ਨਵਜੋਤ ਸਿੰਘ ਦੀ ਬਾਜ਼ੀਗਰ ਬਸਤੀ ਦਾ ਰਹਿਣ ਵਾਲਾ ਹੈ, ਜਿਸ ਨੂੰ ਸੀਆਈਏ ਇੰਚਾਰਜ ਸ਼ਮਿੰਦਰ ਸਿੰਘ ਦੀ ਅਗਵਾਈ ਹੇਠਾਂ ਸਹਾਇਕ ਥਾਣੇਦਾਰ ਇਕਬਾਲ ਸਿੰਘ ਨੇ ਕਾਬੂ ਕੀਤਾ। ਮੌਕੇ 'ਤੇ ਭਾਵੇਂ ਸੌ ਗ੍ਰਾਮ ਹੈਰੋਇਨ, 1030 ਨਸ਼ੀਲੀਆਂ ਗੋਲੀਆਂ, ਸਵਾ ਤਿੰਨ ਲੱਖ ਦੀ ਨਗਦੀ ਅਤੇ 10 ਗ੍ਰਾਮ ਸੋਨੇ ਦੇ ਗਹਿਣੇ ਬਰਾਮਦ ਕੀਤੇ ਹਨ ਪਰ ਪੁੱਛਗਿੱਛ ਦੌਰਾਨ ਹੋਈ ਬਰਾਮਦੀ ਤਹਿਤ ਦਸ ਲੱਖ ਨਗਦੀ, 19 ਤੋਲੇ ਸੋਨਾ, ਸੌ ਗ੍ਰਾਮ ਹੈਰੋਇਨ ਤੇ 1030 ਨਸ਼ੀਲੀਆਂ ਗੋਲੀਆਂ ਸ਼ਾਮਲ ਹਨ। ਇਸ ਦੇ 13 ਬੈਂਕ ਖਾਤੇ ਹਨ। ਜਿਨ੍ਹਾਂ ਵਿਚ ਪਏ 66,75,318 ਰੁਪਏ ਸੀਲ ਕਰਨ ਸਮੇਤ ਤੀਹ ਲੱਖ ਦਾ ਇੱਕ ਪਲਾਟ ਅਤੇ ਕਾਰ ਵੀ ਜ਼ਬਤ ਕੀਤੀ ਗਈ ਹੈ।

### ਜਵਾਨੀ ਬਚਾਉਣ ਲਈ ਪਿੰਡ ਵਾਸੀ ਹੋਏ ਸਰਗਰਮ

**ਗਿੱਦੜਬਾਹਾ/ਏਟੀ ਨਿਊਜ਼ :** ਇਥੋਂ ਦੇ ਪਿੰਡ ਕੋਟਲੀ ਅਬਲੂ ਦੇ ਛੋਟੇ-ਛੋਟੇ ਮੁੰਡੇ ਨਸ਼ੇ 'ਤੇ ਲੱਗ ਗਏ ਹਨ। ਇਸ ਪਿੰਡ ਵਿਚ ਨਸ਼ਾ ਵੇਚਣ ਵਾਲੇ ਸ਼ਰੇਆਮ ਗੇੜੇ ਮਾਰਦੇ ਸਨ। ਆਖ਼ਿਰ ਸਰਪੰਚ ਸ਼ਮਿੰਦਰ ਸਿੰਘ ਤੇ ਪਿੰਡ ਦੇ ਪਤਵੰਤਿਆਂ ਨੇ ਨਸ਼ਾ ਤਸਕਰਾਂ ਦਾ ਰਾਹ ਮੱਲਿਆ। 225 ਬੰਦਿਆਂ ਦੀ ਟੀਮ ਪਿੰਡ ਦੇ ਸੁਧਾਰ ਲਈ ਦਿਨ ਰਾਤ ਕੰਮ ਕਰਦੀ ਹੈ। ਉਹ ਪਿੰਡ ਦੇ ਸਾਰੇ ਰਾਹਾਂ 'ਤੇ ਦਿਨ-ਰਾਤ ਨਾਕੇ ਲਾਉਂਦੇ ਹਨ। ਟੀਮ ਸ਼ੱਕੀਆਂ ਦੀ ਤਲਾਸ਼ੀ ਲੈਂਦੀ ਹੈ ਤੇ ਨਸ਼ਾ ਤਸਕਰਾਂ ਨੂੰ ਪਹਿਲੀ ਵਾਰ ਚਿਤਾਵਨੀ ਦੇ ਛੱਡਿਆ ਜਾਂਦਾ ਹੈ ਤੇ ਦੂਜੀ ਵਾਰ ਪੁਲੀਸ ਨੂੰ ਫੜਾ ਦਿੱਤਾ ਜਾਂਦਾ ਹੈ। ਟੀਮ ਪਿੰਡ ਦੀ ਔਰਤ ਸਣੇ ਕਰੀਬ ਡੇਢ ਦਰਜਨ ਤਸਕਰ ਪੁਲੀਸ ਨੂੰ ਫੜਾ ਚੁੱਕੀ ਹੈ।

### ਨਸ਼ਈ ਪੁੱਤਰ ਵਲੋਂ ਕਹੀ ਨਾਲ ਗਲਾ ਵੱਢ ਕੇ ਮਾਂ ਦਾ ਕਤਲ

*ਮੁਲਜ਼ਮ ਨੂੰ ਪਿੰਡ ਵਾਸੀਆਂ ਫੜ ਕੇ ਕੀਤਾ ਪੁਲਿਸ ਹਵਾਲੇ*

**ਅਬੋਹਰ/ਏਟੀ ਨਿਊਜ਼ :** ਨਸ਼ਈ ਪੁੱਤਰ ਭੋਨੂੰ ਸਿੰਘ ਪਿੰਡ ਭੰਗਾਲਾ ਵਲੋਂ ਆਪਣੀ ਪ੍ਰੇਮਿਕਾ ਨਾਲ ਮਿਲ ਕੇ ਆਪਣੀ ਹੀ ਸੁੱਤੀ ਪਈ ਮਾਂ ਹਰਪਾਲ ਕੌਰ ਦੀ ਕਹੀ ਨਾਲ ਗਲਾ ਵੱਢ ਕੇ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਨੇ ਮੁਲਜ਼ਮ ਪੁੱਤਰ ਨੂੰ ਮੌਕੇ 'ਤੇ ਹੀ ਨੱਪ ਕੇ ਪੁਲਿਸ ਹਵਾਲੇ ਕਰ ਦਿੱਤਾ। ਜਾਣਕਾਰੀ ਮੁਤਾਬਿਕ ਪਾਲੀ ਵਲੋਂ ਇਕ ਪਲਾਟ ਆਪਣੇ ਪੁੱਤ ਦੇ ਨਾਂ ਨਾ ਕਰਵਾਇਆ ਜਾਣਾ ਇਸ ਕਤਲ ਦਾ ਕਾਰਨ ਬਣਿਆ ਹੈ। ਥਾਣਾ ਸਦਰ ਦੇ ਐਸਐਚਓ ਰਣਜੀਤ ਸਿੰਘ ਨੇ ਦਸਿਆ ਕਿ ਮ੍ਰਿਤਕਾ ਦੇ ਵੱਡੇ ਪੁੱਤਰ ਰੇਸ਼ਮ ਸਿੰਘ ਦੇ ਬਿਆਨਾਂ 'ਤੇ ਉਸਦੇ ਛੋਟੇ ਭਰਾ ਬਲਕਾਰ ਸਿੰਘ ਅਤੇ ਉਸਦੀ ਪ੍ਰੇਮਿਕਾ ਵਿਰੁਧ ਮੁਕਦਮਾ ਦਰਜ ਕਰ ਲਿਆ ਹੈ। ਰੇਸ਼ਮ ਸਿੰਘ ਨੇ ਪੁਲੀਸ ਨੂੰ ਦਸਿਆ ਕਿ ਉਸਦੇ ਛੋਟੇ ਭਰਾ ਨੂੰ ਨਸ਼ੇੜੀ ਹੋਣ ਕਰ ਕੇ ਉਸਦੀ ਪਤਨੀ 7 ਕੁ ਸਾਲ ਪਹਿਲਾਂ



ਛੱਡ ਕੇ ਚਲੀ ਗਈ ਸੀ ਜਿਸ ਤੋਂ ਬਾਅਦ ਉਸਨੇ ਇਕ ਹੋਰ ਔਰਤ ਅਮਰਜੀਤ ਕੌਰ ਨਾਲ ਸਬੰਧ ਬਣਾ ਲਏ ਅਤੇ ਉਸਨੂੰ ਆਪਣੇ ਘਰ ਰੱਖਣ ਲੱਗ ਪਿਆ। ਪਿਛਲੇ ਕੁਝ ਦਿਨਾਂ ਤੋਂ ਉਪਰੋਕਤ ਦੋਵੇਂ ਉਸ ਦੀ ਮਾਤਾ ਨੂੰ 1 ਲੱਖ ਰੁਪਏ ਕੀਮਤ ਵਾਲਾ ਪਲਾਟ ਅਪਣੇ ਨਾਮ ਕਰਾਉਣ ਲਈ ਪ੍ਰੇਸ਼ਾਨ ਕਰ ਰਹੇ ਸਨ। ਮਾਤਾ ਵਲੋਂ ਇਹ ਪਲਾਟ ਕਾਲੀ ਦੀ ਪਹਿਲੀ ਪਤਨੀ ਅਤੇ ਉਸ ਦੇ ਬੇਟੇ ਨੂੰ ਦੇਣ ਦੀ ਗੱਲ ਕਹਿਣ 'ਤੇ ਉਹ ਲੋਕ ਖਫ਼ਾ ਸਨ।

### ਮਾਮਲਾ 2700 ਕਰੋੜ ਦੀ ਹੈਰੋਇਨ ਬਰਾਮਦਗੀ ਦਾ

ਕਸਟਮ ਵਿਭਾਗ ਵਲੋਂ ਇੰਟਾਗ੍ਰੇਟਿਡ ਚੈੱਕ ਪੋਸਟ ਅਟਾਰੀ ਵਿਖੇ ਇਕ ਟਰੱਕ ਵਿਚੋਂ ਲੂਣ ਦੀ ਖੇਪ ਦੇ ਨਾਲ ਆਈ 2700 ਕਰੋੜ ਰੁਪਏ ਦੀ (532 ਕਿੱਲੋ) ਹੈਰੋਇਨ ਬਰਾਮਦ ਹੋਣ ਦੇ ਮਾਮਲੇ ਵਿਚ ਦਰਾਮਦਕਾਰ ਗੁਰਪਿੰਦਰ ਸਿੰਘ ਬੱਬਰ (29 ਸਾਲ) ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਕੇਂਦਰੀ ਸੁਧਾਰ ਘਰ (ਅੰਮ੍ਰਿਤਸਰ ਜੇਲ੍ਹ) ਵਿਚ ਭੇਜ ਦਿੱਤਾ ਗਿਆ ਸੀ। ਜੇਲ੍ਹ ਵਿਚ ਉਸ ਦੀ ਅਚਾਨਕ ਸਿਹਤ ਖ਼ਰਾਬ ਹੋਣ 'ਤੇ ਉਸ ਨੂੰ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ, ਜਿਥੇ ਇਲਾਜ ਦੌਰਾਨ ਮੌਤ ਹੋ ਗਈ। ਦੂਸਰੇ ਪਾਸੇ ਪਰਿਵਾਰਕ ਮੈਂਬਰਾਂ ਦਾ ਦੋਸ਼ ਹੈ ਕਿ ਉਨ੍ਹਾਂ ਦੇ ਪੁੱਤਰ ਨੂੰ ਝੂਠੇ ਕੇਸ ਵਿਚ ਫਸਾਇਆ ਗਿਆ ਸੀ। ਜੇਲ੍ਹ ਸੁਪਰਡੈਂਟ ਅਰਸ਼ਦੀਪ ਸਿੰਘ ਨੇ ਦੱਸਿਆ ਕਿ ਗੁਰਪਿੰਦਰ ਸਿੰਘ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਸੀ। ਪਹਿਲੇ ਦਿਨ ਜਦੋਂ ਉਸ ਨੂੰ ਜੇਲ੍ਹ ਵਿਚ ਲਿਆਂਦਾ ਗਿਆ, ਤਾਂ ਉਸ ਸਮੇਂ ਵੀ ਉਸ ਦੀ ਹਾਲਤ ਕਾਫ਼ੀ ਖ਼ਰਾਬ ਸੀ। ਇੰਸੂਲਿਨ ਲਾ ਕੇ ਬੜੀ ਮੁਸ਼ਕਲ ਨਾਲ ਉਸ ਦੀ ਸ਼ੂਗਰ ਨੂੰ ਕੰਟਰੋਲ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਹਰੇਕ ਸ਼ਨੀਵਾਰ ਨੂੰ ਮੈਡੀਕਲ ਕਾਲਜ ਤੇ ਸਿਵਲ ਹਸਤਾਲ ਤੋਂ ਡਾਕਟਰਾਂ ਦੀ ਵਿਸ਼ੇਸ਼ ਟੀਮ ਜੇਲ੍ਹ ਦਾ ਦੌਰਾ ਕਰਨ ਆਉਂਦੀ ਹੈ। ਉਸ ਟੀਮ ਵਲੋਂ ਬੀਤੇ ਦਿਨ ਗੁਰਪਿੰਦਰ ਸਿੰਘ ਦੀ ਜਾਂਚ ਕਰਨ 'ਤੇ ਉਹ ਬਿਲਕੁਲ ਤੰਦਰੁਸਤ ਪਾਇਆ ਗਿਆ ਸੀ। ਅਗਲੇ ਦਿਨ ਸਵੇਰੇ ਇਕਦਮ ਉਸ ਦੇ ਮੂੰਹ ਵਿਚੋਂ ਖ਼ੂਨ ਆਉਣਾ ਸ਼ੁਰੂ ਹੋ ਗਿਆ। ਉਸ ਨੂੰ ਜੇਲ੍ਹ ਵਿਚ ਤਾਇਨਾਤ ਡਾ: ਸੁਧੀਰ ਦੇ ਕੋਲ ਲਿਜਾਇਆ ਗਿਆ, ਜਦੋਂ ਉਸ ਦੀ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ, ਤਾਂ ਉਸ ਨੂੰ ਸਰਕਾਰੀ ਹਸਪਤਾਲ ਵਿਚ ਰੈਫ਼ਰ ਕਰ ਦਿੱਤਾ ਗਿਆ, ਜਿਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਦੱਸਣਯੋਗ ਹੈ ਕਿ ਕਸਟਮ ਵਿਭਾਗ ਵਲੋਂ ਇਕ ਟਰੱਕ ਵਿਚ ਪਈਆਂ ਲੂਣ ਦੀਆਂ ਬੋਰੀਆਂ ਵਿਚੋਂ 532 ਕਿੱਲੋ ਹੈਰੋਇਨ ਤੇ 53 ਕਿੱਲੋ ਹੋਰ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਸੀ। ਜਾਂਚ ਦੌਰਾਨ ਸਭ ਤੋਂ ਪਹਿਲਾ ਨਾਂਅ ਗੁਰਪਿੰਦਰ ਸਿੰਘ ਦਾ ਹੀ ਆਇਆ ਸੀ। ਉਸ ਤੋਂ ਬਾਅਦ ਤਾਰਿਕ ਅਹਿਮਦ ਲੋਨ ਬਾਰਾਮੂਲਾ (ਜੰਮੂ-ਕਸ਼ਮੀਰ), ਰਣਜੀਤ ਸਿੰਘ ਰਾਣਾ ਅੰਮ੍ਰਿਤਸਰ, ਗੁਰਪਿੰਦਰ ਸਿੰਘ ਦੇ ਛੋਟਾ ਭਰਾ ਪਰਮਿੰਦਰ ਸਿੰਘ, ਟਰੱਕ ਮਾਲਕ ਜਸਬੀਰ ਸਿੰਘ ਤੇ ਉਸ ਦੇ ਪੁੱਤਰ ਹਰਪ੍ਰੀਤ ਸਿੰਘ ਆਦਿ ਦੇ ਤਾਰ ਇਸ ਕੇਸ ਨਾਲ ਜੁੜੇ ਹੋਣ ਬਾਰੇ ਖੁਲਾਸਾ ਹੋਇਆ ਸੀ। ਦੂਸਰੇ ਪਾਸੇ ਹੁਸੈਨਪੁਰਾ ਦੀ ਰਹਿਣ ਵਾਲੀ ਕਵਲਜੀਤ ਕੌਰ ਨੇ ਦੱਸਿਆ ਕਿ ਉਸ ਦਾ ਪੁੱਤਰ ਦਰਾਮਦਕਾਰ ਸੀ। ਬੀਤੀ 29 ਜੂਨ ਨੂੰ ਉਸ ਨੂੰ ਆਈ. ਸੀ. ਪੀ. 'ਤੇ ਸੱਦਿਆ ਗਿਆ, ਜਿਸ ਤੋਂ ਬਾਅਦ ਉਹ ਘਰ ਵਾਪਸ ਨਹੀਂ ਆਇਆ, ਤੇ ਉਸ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦਾ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ ? ਉਪਰੰਤ ਉਸ ਦੇ ਛੋਟੇ ਭਰਾ ਪਰਮਿੰਦਰ ਸਿੰਘ ਨੂੰ ਵੀ ਨਾਮਜਦ ਕਰਕੇ ਚੁੱਕ ਲਿਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੇ ਪੁੱਤਰਾਂ ਨੂੰ ਝੂਠੇ ਕੇਸ ਵਿਚ ਫਸਾਇਆ ਗਿਆ ਹੈ। ਉਨ੍ਹਾਂ ਦਾ ਇਸ ਕੰਮ ਨਾਲ ਕੋਈ ਸਬੰਧ ਨਹੀਂ ਹੈ। ਉਸ ਨੇ ਦੋਸ਼ ਲਾਇਆ ਕਿ ਇਸ ਦੇ ਲਈ ਪੁਲਿਸ ਪ੍ਰਸ਼ਾਸਨ ਤੇ ਜੇਲ੍ਹ ਸਟਾਫ਼ ਜਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਜੇਲ ਸਟਾਫ਼ ਨੂੰ ਦੱਸਿਆ ਵੀ ਸੀ ਕਿ ਮੇਰੇ ਪੁੱਤਰ ਨੂੰ ਸ਼ੂਗਰ ਦੀ ਬਿਮਾਰੀ ਹੈ, ਤੇ ਹਰ ਸਮੇਂ ਉਸ ਦਾ ਧਿਆਨ ਰੱਖਣਾ ਪੈਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੇ ਬਾਵਜੂਦ ਉਸ ਦੀ ਚੰਗੀ ਤਰ੍ਹਾਂ ਦੇਖਭਾਲ ਨਹੀਂ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾਕੇ ਉਨ੍ਹਾਂ ਨੂੰ ਇਨਸਾਫ਼ ਦੁਆਇਆ ਜਾਵੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੰਮ੍ਰਿਤਸਰ ਵਿਖੇ ਸਾਹਮਣੇ ਆਏ ਨਸ਼ਿਆਂ ਦੇ ਮਾਮਲੇ ਦੇ ਮੁੱਖ ਮੁਲਜ਼ਮ ਗੁਰਪਿੰਦਰ ਸਿੰਘ ਦੀ ਨਿਆਂਇਕ ਹਿਰਾਸਤ ਵਿਚ ਹੋਈ ਮੌਤ ਦੀ ਮੈਜਿਸਟ੍ਰੇਟ ਜਾਂਚ ਦੇ ਹੁਕਮ ਦਿੱਤੇ ਹਨ।

## ਸ਼ੇਖੂਪੁਰਾ ਦੇ ਲੋਕਾਂ ਨੂੰ ਟਿਊਬ ਨਾਲ ਪਾਰ ਕਰਨਾ ਪੈਂਦਾ ਏ ਘੱਗਰ

**ਪਟਿਆਲਾ/ਏਟੀ ਨਿਊਜ਼ :** ਘੱਗਰ ਦੇ ਕੰਢੇ 'ਤੇ ਵਸੇ ਪਟਿਆਲਾ ਜ਼ਿਲ੍ਹੇ ਦੇ ਦੇਵੀਗੜ੍ਹ ਨੇੜਲੇ ਪਿੰਡ ਸ਼ੇਖੂਪੁਰਾ ਵਾਸੀਆਂ ਨੂੰ ਖੇਤੀਬਾੜੀ ਸਬੰਧੀ ਕੰਮਾਂ ਸਮੇਤ ਤਹਿਸੀਲ ਦਫ਼ਤਰ ਤੱਕ ਪਹੁੰਚਣ ਲਈ ਜਾਨ ਖਤਰੇ ਵਿਚ ਪਾਉਣੀ ਪੈਂਦੀ ਹੈ, ਕਿਉਂਕਿ ਖੇਤੀਬਾੜੀ ਸਬੰਧੀ ਪਿੰਡ ਦਾ ਬਹੁਤਾ ਰਕਬਾ ਘੱਗਰ ਤੋਂ ਪਾਰ ਹੋਣ ਕਰ ਕੇ ਪਿੰਡ ਵਾਸੀ ਟਾਇਰਾਂ ਦੀਆਂ ਟਿਊਬਾਂ ਰਾਹੀਂ 30 ਫੁੱਟ ਡੂੰਘਾ ਘੱਗਰ ਪਾਰ ਕੇ ਜਾਂਦੇ ਹਨ। ਨਾ ਸਿਰਫ਼ ਪੁਰਸ਼, ਬਲਕਿ ਔਰਤਾਂ ਅਤੇ ਬੱਚੇ ਵੀ ਟਿਊਬਾਂ ਰਾਹੀਂ ਪਾਰ ਜਾਂਦੇ ਹਨ। ਕਰੀਬ 1300 ਵੋਟਾਂ ਵਾਲ਼ੇ ਇਸ ਪਿੰਡ ਦੇ ਤਿੰਨ ਹਜ਼ਾਰ ਵਿੱਘੇ ਰਕਬੇ ਵਿਚੋਂ ਕਰੀਬ 2300 ਵਿੱਘੇ ਰਕਬਾ ਘੱਗਰ ਦੇ ਪਰਲੇ ਪਾਸੇ ਹੈ। ਬਹੁਤੇ ਛੋਟੇ ਕਿਸਾਨ ਹੋਣ ਕਰ ਕੇ ਸਬਜ਼ੀਆਂ 'ਤੇ ਵੀ ਵਧੇਰੇ ਜ਼ੋਰ ਦਿੰਦੇ ਹਨ, ਜਿਸ ਕਰਕੇ ਅਨੇਕਾਂ ਔਰਤਾਂ ਵੀ ਹੱਥ ਵਟਾਉਂਦੀਆਂ ਹਨ ਤੇ ਉਨ੍ਹਾਂ ਨੂੰ ਵੀ ਟਿਊਬਾਂ ਰਾਹੀਂ ਤੈਰ ਕੇ ਹੀ ਘੱਗਰ ਦਰਿਆ ਪਾਰ ਕਰਨਾ ਪੈਂਦਾ ਹੈ। ਹਾਲ ਹੀ ਵਿਚ ਵਧੇਰੇ ਚੜ੍ਹ ਕੇ ਆਏ ਪਾਣੀ ਦਾ ਆਮ ਲੋਕ ਪੁਲ਼ 'ਤੇ ਖੜ੍ਹ ਕੇ ਵੀ ਭੈਅ ਮੰਨਦੇ ਸਨ ਪਰ ਇਥੋਂ ਦੇ ਵਸਨੀਕ ਦਿਨ ਵਿਚ ਕਈ-ਕਈ ਵਾਰ ਟਿਊਬਾਂ ਰਾਹੀਂ ਘੱਗਰ ਪਾਰ ਕਰਦੇ ਰਹੇ ਹਨ। ਇਥੋਂ ਦੇ 42 ਸਾਲਾ ਧਰਮਪਾਲ ਗਿਰ ਭਜਨ ਗਿਰ, ਸ਼ਬੀਲਪੁਰੀ, ਹਰੀ ਗਿਰ, ਰਾਮ ਗਿਰ, ਹੰਸ ਰਾਜ ਅਤੇ ਗਰਨ ਗੋਸਵਾਮੀ ਨੇ ਸਰਕਾਰ ਤੋਂ ਪੁਲ਼ ਬਣਾਉਣ ਦੀ ਮੰਗ ਕੀਤੀ। ਧਰਮਪਾਲ ਦਾ ਕਹਿਣਾ ਸੀ ਕਿ ਬਹੁਤਾ ਰਕਬਾ ਪਾਰ ਹੋਣ ਕਰ ਕੇ ਪਿੰਡ ਦੇ ਲੋਕ ਖੇਤੀ ਸਬੰਧੀ ਕੰਮ ਧੰਦਿਆਂ ਲਈ ਦਿਨ ਰਾਤ ਘੱਗਰ ਪਾਰ ਕਰਦੇ ਰਹਿੰਦੇ ਹਨ। ਉਹ ਆਦੀ ਹੋ ਚੁੱਕੇ ਹਨ ਤੇ ਉਨ੍ਹਾਂ ਨੂੰ ਭੋਰਾ ਵੀ ਡਰ ਨਹੀਂ ਲੱਗਦਾ। ਸਬਜ਼ੀਆਂ ਤੋੜਨ ਆਦਿ ਕੰਮਾਂ ਮੌਕੇ ਔਰਤਾਂ ਵੀ ਟਿਊਬਾਂ ਰਾਹੀਂ ਹੀ ਘੱਗਰ ਪਾਰ ਕਰ ਕੇ ਜਾਂਦੀਆਂ ਹਨ, ਕਿਉਂਕਿ ਸੜਕ



ਰਸਤੇ ਘੱਗਰ ਪਰਲੇ ਖੇਤ ਪੁੱਜਣ ਲਈ ਦਸ ਕਿਲੋਮੀਟਰ ਦਾ ਸਫ਼ਰ ਤੈਅ ਕਰਨਾ ਪੈਂਦਾ ਹੈ। ਧਰਮਪਾਲ ਨੇ ਦੱਸਿਆ ਕਿ ਡੁੱਬਣ ਕਾਰਨ ਵੱਖ ਵੱਖ ਸਮਿਆਂ 'ਤੇ ਅੱਧੀ ਦਰਜਨ ਮੌਤਾਂ ਵੀ ਹੋ ਚੁੱਕੀਆਂ ਹਨ। ਲੋਕਾਂ ਦਾ ਕਹਿਣਾ ਸੀ ਕਿ ਸੀ ਕਿ ਸਾਰੀਆਂ ਹੀ ਪਾਰਟੀਆਂ ਵੋਟਾਂ ਬਟੋਰਦੀਆਂ ਆ ਰਹੀਆਂ ਹਨ ਪਰ ਬਾਅਦ ਵਿਚ ਕੋਈ ਸਾਰ ਨਹੀਂ ਪੁੱਛਦਾ। ਇਸੇ ਦੌਰਾਨ ਪਿੰਡ ਵਾਸੀਆਂ ਦੀ ਮੰਗ 'ਤੇ ਡਰੇਨੇਜ ਵਿਭਾਗ ਨੇ ਪਿਛਲੇ ਸਾਲ ਪੁਲ਼ ਬਣਾਉਣ ਲਈ ਤਜਵੀਜ਼ ਬਣਾ ਕੇ ਭੇਜੀ ਸੀ, ਜਿਸ ਮੁਤਾਬਕ ਦਸ ਕਰੋੜ ਰੁਪਏ ਖਰਚ ਆਉਣਗੇ। ਐੱਸਡੀਐਓ ਨਿਰਮਲ ਸਿੰਘ ਨੇ ਅਜਿਹਾ ਕੇਸ ਭੇਜੇ ਹੋਣ ਦੀ ਪੁਸ਼ਟੀ ਕੀਤੀ ਹੈ। ਲੋਕ ਸਭਾ ਮੈਂਬਰ ਪ੍ਰਨੀਤ ਕੌਰ ਨੇ ਇਸ ਸਮੱਸਿਆ ਦੇ ਹੱਲ ਲਈ ਹਰ ਸੰਭਵ ਯਤਨ ਕਰਨ ਦੀ ਗੱਲ ਆਖੀ ਹੈ।

### ਸ਼੍ਰੋਮਣੀ ਕਮੇਟੀ ਤੇ ਖਾਲਸਾ ਏਡ ਨੇ ਲੰਗਰ ਲਗਾਇਆ

ਭਾਰੀ ਮੀਂਹ ਕਾਰਨ ਘੱਗਰ ਦਰਿਆ 'ਤੇ ਟੁੱਟੇ ਬੰਨ੍ਹ ਦੀ ਮੁਰੰਮਤ ਕਰ ਰਹੇ ਤੇ ਪ੍ਰਭਾਵਿਤ ਲੋਕਾਂ ਲਈ ਸ਼੍ਰੋਮਣੀ ਕਮੇਟੀ ਤੇ ਖਾਲਸਾ ਏਡ ਵੱਲੋਂ ਲੰਗਰ ਦੀ ਸੇਵਾ ਸ਼ੁਰੂ ਕਰ ਦਿੱਤੀ ਹੈ। ਘੱਗਰ ਦਰਿਆ ਦੇ ਟੁੱਟੇ ਬੰਨ੍ਹ ਦੀ ਮੁਰੰਮਤ ਕਰ ਰਹੇ ਲੋਕਾਂ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਨੌਵੀਂ ਪਾਤਸ਼ਾਹੀ ਤਮਧਾਨ ਸਾਹਿਬ ਅਤੇ ਗੁਰਦੁਆਰਾ ਮਕੋਰੜ ਸਾਹਿਬ ਵਿਚ ਲੰਗਰ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਲੋਕਾਂ ਨਾਲ ਸ਼੍ਰੋਮਣੀ ਕਮੇਟੀ ਦੀ ਹਮਦਰਦੀ ਹੈ ਅਤੇ ਇਸ ਔਖੇ ਵੇਲੇ ਸ਼੍ਰੋਮਣੀ ਕਮੇਟੀ ਲੰਗਰ ਦੇ ਰੂਪ ਵਿਚ ਉਨ੍ਹਾਂ ਨੂੰ ਮਦਦ ਮੁਹੱਈਆ ਕਰੇਗੀ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


SATINDER
SARTAAJ
LIVE
AUGUST 10TH, 2019
VENUE
CALIFORNIA THEATRE
345 SOUTH FIRST STREET
SAN JOSE, CA
FOR MORE INFO CONTACT
BALWINDER (LALLY) DHANOA : (510)224-7380
Bull 18
FOR TICKETS VISIT WWW.SATINDERSARTAAJ.COM



SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ!
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250




22

GET FLAT 22 CENTS




DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com









Raja SWEETS & CATERING
AUTHORIZED CATERER FOR MAJOR 5-STAR HOTELS

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖ਼ਾਲਸਾ ਅਤੇ ਗੁਰਮਤਾ

ਡਾ. ਸੁਖਦਿਆਲ ਸਿੰਘ



ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤਾ, ਖਾਲਸਾ ਪੰਥ ਦੀਆਂ ਸਰਬਉੱਚ ਸੰਸਥਾਵਾਂ ਹਨ ਅਤੇ ਇਹ ਤਿੰਨੇ ਹੀ ਇਕ-ਦੂਜੀ ਨਾਲ ਅੰਤਰ-ਸਬੰਧਤ ਹਨ। ਭਾਵੇਂ ਇਨ੍ਹਾਂ ਦਾ ਅਲੱਗ-ਅਲੱਗ ਰੂਪਾਂ ਵਿਚ ਵਰਨਣ ਕੀਤਾ ਜਾਵੇ ਤੇ ਭਾਵੇਂ ਇਕੱਠਾ, ਇਨ੍ਹਾਂ ਤਿੰਨੇ ਸੰਸਥਾਵਾਂ ਦਾ ਵੇਰਵਾ ਨਾਲ-ਨਾਲ ਹੀ ਚਲਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਮੁੱਢ ਤੋਂ ਹੀ ਸਿੱਖ ਧਰਮ ਦਾ ਸਰਬਉੱਚ ਤਖ਼ਤ ਰਿਹਾ ਹੈ ਅਤੇ ਸਰਬੱਤ ਖਾਲਸੇ ਦੇ ਸਮਾਗਮ ਆਮ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਹੁੰਦੇ ਹਨ। ਸਰਬੱਤ ਖਾਲਸੇ ਰਾਹੀਂ ਪਾਸ ਕੀਤਾ ਗਿਆ ਗੁਰਮਤਾ ਵੀ ਅੰਤਮ ਰੂਪ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਹੁਕਮਨਾਮੇ ਦੇ ਰੂਪ ਵਿੱਚ ਜਾਰੀ ਹੁੰਦਾ ਸੀ, ਇਸ ਲਈ ਇਨ੍ਹਾਂ ਤਿੰਨੇ ਸੰਸਥਾਵਾਂ ਦਾ ਜ਼ਿਕਰ ਇਕੱਠਾ ਹੀ ਹੁੰਦਾ ਹੈ। ਇਸ ਤਰ੍ਹਾਂ ਇਹ ਅੰਤਰ-ਸਬੰਧਤ ਹਨ। ਕਈ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਦਾ ਇਕੱਲੀ ਦਾ ਹੀ ਵਰਨਣ ਕੀਤਾ ਜਾਂਦਾ ਹੈ ਕਿਉਂਕਿ ਇਸ ਸੰਸਥਾ ਦੀ ਸਥਾਪਨਾ ਖਾਲਸੇ ਦੀ ਸਾਜਨਾ ਤੋਂ ਪਹਿਲਾਂ ਹੋਈ ਸੀ। ਖਾਲਸੇ ਦੀ ਸਾਜਨਾ ਤੋਂ ਪਿੱਛੋਂ, ਜਿਉਂ ਹੀ ਖਾਲਸਾ ਪੰਥ ਨੂੰ ਆਪਣੀ ਸਰਬ-ਸਾਂਝੀ ਰਾਇ ਨੂੰ ਸਮੂਹਿਕ ਰੂਪ ਵਿੱਚ ਸਾਹਮਣੇ ਲਿਆਉਣ ਦੀ ਲੋੜ ਪਈ ਤਾਂ ਉਹ ਆਪ-ਮੁਹਾਰੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਤਰ ਹੋਣਾ ਸ਼ੁਰੂ ਹੋ ਗਿਆ ਸੀ। ਗੁਰਮਤਾ ਕਿਉਂਕਿ ਸਰਬੱਤ ਖਾਲਸੇ ਦਾ ਫੈਸਲਾ ਹੁੰਦਾ ਸੀ, ਇਸ ਲਈ ਸਰਬੱਤ ਖਾਲਸਾ ਅਤੇ ਗੁਰਮਤਾ ਦੋਵੇਂ ਆਪਸ ਵਿੱਚ ਨਹੁੰ-ਮਾਸ ਦੀ ਤਰ੍ਹਾਂ ਜੁੜ ਗਏ ਸਨ। ਪਰ ਅੰਤਮ ਰੂਪ ਵਿਚ ਇਹ ਤਿੰਨੇ ਹੀ ਸੰਸਥਾਵਾਂ ਸਿੱਖ ਸਿਧਾਂਤਾਂ ਅਤੇ ਗੁਰਬਾਣੀ ਵਿਚੋਂ ਉਗਮੀਆਂ ਹਨ। ਖਾਲਸਾ, ਸਿੱਖ ਧਰਮ ਦੀ ਸਮੁੱਚੀ ਪ੍ਰਾਪਤੀ ਦਾ ਸਿੱਟਾ ਸੀ ਅਤੇ ਇਹ ਤਿੰਨੇ ਸੰਸਥਾਵਾਂ ਖਾਲਸਾ ਰਹਿਤ ਮਰਯਾਦਾ ਵਿਚੋਂ ਪੈਦਾ ਹੋਈਆਂ ਹਨ। ਇਉਂ ਇਨ੍ਹਾਂ ਸੰਸਥਾਵਾਂ ਦਾ ਮੁੱਖ ਆਧਾਰ ਸਿੱਖ ਧਰਮ ਹੀ ਹੈ। ਸਿੱਖ ਧਰਮ ਦੇ ਦੋ ਮੁੱਖ ਪੱਖ ਹਨ: ਧਰਮ ਅਤੇ ਰਾਜਨੀਤੀ। ਇਨ੍ਹਾਂ ਦੋਵਾਂ ਨੂੰ ਪੀਰੀ ਅਤੇ ਮੀਰੀ ਦੇ ਰੂਪ ਵਿੱਚ ਵੀ ਦਰਸਾਇਆ ਜਾਂਦਾ ਹੈ ਅਤੇ ਗ੍ਰੰਥ ਅਤੇ ਪੰਥ ਦੀ ਸੁਮੇਲਤਾ ਦੇ ਰੂਪ ਵਿੱਚ ਵੀ ਦਰਸਾਇਆ ਜਾਂਦਾ ਹੈ।

ਧਰਮ ਅਤੇ ਰਾਜਨੀਤੀ ਦੀ ਇਸ ਵਿਲੱਖਣ ਸੁਮੇਲਤਾ ਕਰਕੇ ਸਿੱਖ ਧਰਮ ਹਿੰਦੁਸਤਾਨੀ ਧਰਮਾਂ ਨਾਲੋਂ ਇਕ ਵੱਖਰੀ ਪਹਿਚਾਣ ਬਣਾ ਗਿਆ ਸੀ। ਇਹ ਧਰਮ ਦੇ ਨਾਲ-ਨਾਲ ਇਕ ਸਮਾਜਿਕ ਇਨਕਲਾਬ ਵੀ ਬਣ ਗਿਆ ਸੀ। ਉਕਤ ਸੰਸਥਾਵਾਂ ਸਿੱਖ ਧਰਮ ਦੇ ਇਨਕਲਾਬੀ ਰੂਪ ਨੂੰ ਸਾਹਮਣੇ ਲਿਆਉਣ ਵਾਲੀਆਂ ਹਨ। ਇਹ ਸੰਸਥਾਵਾਂ ਲੋਕ-ਸ਼ਕਤੀ ਦੀਆਂ ਪ੍ਰਤੀਕ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਸੰਸਥਾਵਾਂ ਰਾਹੀਂ ਸਿਰਫ ਲੋਕ-ਰਾਇ ਹੀ ਸਾਹਮਣੇ ਆਉਂਦੀ ਹੈ। ਇਸ ਤਰ੍ਹਾਂ ਇਨ੍ਹਾਂ ਰਾਹੀਂ ਖਾਲਸੇ ਦੀ ਜਮਹੂਰੀਅਤ ਦਾ ਆਪਣਾ ਇਕ ਨਵਾਂ ਅਤੇ ਨਿਵੇਕਲਾ ਰੂਪ ਵਿਸ਼ਵ ਸਾਹਮਣੇ ਆਉਂਦਾ ਹੈ। ਇਨ੍ਹਾਂ ਸੰਸਥਾਵਾਂ ਦਾ ਵਰਨਣ ਕਰਨ ਤੋਂ ਪਹਿਲਾਂ ਇਹ ਗੱਲ ਧਿਆਨ ਵਿੱਚ ਰੱਖਣੀ ਅਤਿ ਜ਼ਰੂਰੀ ਹੈ ਕਿ ਇਹ ਸੰਸਥਾਵਾਂ ਇਨਕਲਾਬੀ ਸੰਸਥਾਵਾਂ ਹਨ ਅਤੇ ਸਿਰਫ ਤੇ ਸਿਰਫ ਲੋਕ ਰਾਇ ਨੂੰ ਸਾਹਮਣੇ ਲਿਆਉਣ ਵਾਲੀਆਂ ਸੰਸਥਾਵਾਂ ਹਨ, ਇਸ ਲਈ ਇਹ ਸ਼ਾਹੀ ਮਰਯਾਦਾ ਨਾਲ ਜਾਂ ਸਰਕਾਰੀ ਕਿਸਮ ਦੇ ਨਿਯਮਾਂ ਨਾਲ ਸਹਿਯੋਗ ਕਰ ਕੇ ਨਹੀਂ ਚੱਲ ਸਕਦੀਆਂ। ਇਹੀ ਕਾਰਨ ਹੈ ਕਿ ਇਨ੍ਹਾਂ ਸੰਸਥਾਵਾਂ ਦਾ ਸ਼ਾਹੀ ਮਰਯਾਦਾ ਜਾਂ ਸਰਕਾਰੀ ਰਹੁ-ਰੀਤਾਂ ਨਾਲ ਵਿਰੋਧ ਹੀ ਰਹਿੰਦਾ ਹੈ।

ਗੁਰੂ ਨਾਨਕ ਸਾਹਿਬ ਨੇ ਜਿਸ ਧਰਮ ਦਾ ਪ੍ਰਚਾਰ ਕੀਤਾ ਸੀ ਉਸ ਵਿਚੋਂ ਮੁੱਖ ਰੂਪ ਵਿੱਚ ਮਨੁੱਖੀ ਏਕਤਾ ਦੀ ਹੀ ਸਿੱਖਿਆ ਮਿਲਦੀ ਸੀ। ਏਕਤਾ ਵਿਚੋਂ ਹੀ ਹਰ ਤਰ੍ਹਾਂ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਅਨੁਸਾਰ ਮਨੁੱਖੀ ਏਕਤਾ ਵਾਲੇ ਜਿਹੜੇ ਵੀ ਸਮੂਹ ਕਾਇਮ ਹੋਏ, ਉਹ ਸਿੱਖ ਸੰਗਤ ਦੇ ਨਾਂ ਹੇਠ ਸਾਹਮਣੇ ਆਏ। ਇਹ ਸਿੱਖ ਸੰਗਤਾਂ ਇਕ ਸੁਤੰਤਰ ਲੋਕ-ਸਮੂਹ ਦੇ ਰੂਪ ਵਿੱਚ ਵਿਚਰਦੀਆਂ ਸਨ। ਇਹ ਕੇਵਲ ਆਪਣੇ ਗੁਰੂ ਦੇ ਹੀ ਅਧੀਨ ਸਨ। ਸਮੇਂ ਦੇ ਵਹਾਅ ਨਾਲ ਜਿਉਂ-ਜਿਉਂ ਸਿੱਖ ਧਰਮ ਆਪਣੇ ਵੱਖ-ਵੱਖ ਗੁਰੂ ਸਾਹਿਬਾਨ ਰਾਹੀਂ ਵਿਕਸਤ ਹੁੰਦਾ ਗਿਆ, ਤਿਉਂ-ਤਿਉਂ ਸਿੱਖ ਸੰਗਤ ਵੀ ਆਪਣੀ ਸੁਤੰਤਰਤ ਹੋਂਦ ਨੂੰ ਹੋਰ ਵਿਸ਼ਾਲ ਕਰਦੀ ਗਈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਸਿੱਖ ਸੰਗਤ ਨੂੰ ਆਪਣੇ ਸਿਧਾਂਤਕ ਆਧਾਰ ਅਤੇ ਪੰਚਾਇਤੀ ਕਿਸਮ ਦੇ ਅਦਾਰੇ ਮਿਲ ਗਏ ਹਨ। ਇਨ੍ਹਾਂ ਸਿਧਾਂਤਾਂ ਅਤੇ ਅਦਾਰਿਆਂ ਨੇ ਸਿੱਖ ਸੰਗਤ ਨੂੰ ਜਿਹੜੀ ਕਿ ਇਸ ਸਮੇਂ ਤੱਕ ਸਿੱਖ ਸਮਾਜ ਦਾ ਦਰਜਾ ਪ੍ਰਾਪਤ ਕਰ ਗਈ ਸੀ, ਆਪਣੀ ਸੁਤੰਤਰਤਾ ਅਤੇ ਆਪਣੇ ਕਾਰਜਾਂ ਨੂੰ ਪੂਰਾ ਕਰਨ ਲਈ ਜਮਹੂਰੀ ਢੰਗ-ਤਰੀਕੇ ਵੀ ਮੁਹੱਈਆ ਕੀਤੇ। ਇਸ ਤਰ੍ਹਾਂ ਸਿੱਖ ਸਮਾਜ ਆਪਣਾ ਪ੍ਰਬੰਧ ਆਪ ਕਰਨ ਲਈ ਪਰਪੱਕ ਹੁੰਦਾ ਗਿਆ। ਆਪਣੇ ਪ੍ਰਬੰਧ ਨੂੰ ਪੂਰੀ ਸੁਤੰਤਰਤਾ ਨਾਲ ਅਤੇ ਪੂਰਨ ਵਿਸ਼ਵਾਸ ਨਾਲ ਕਰਨ ਨੂੰ ਹੀ ਆਤਮ-ਨਿਰਣੇ ਦਾ ਸਿਧਾਂਤ ਕਿਹਾ ਗਿਆ ਹੈ। ਸਿੱਖ ਧਰਮ ਨੇ ਮਨੁੱਖ ਦੇ ਆਤਮ-ਨਿਰਣੇ ਦੇ ਸਿਧਾਂਤ ਨੂੰ ਹੀ ਸਿਰਜਿਆ ਸੀ। ਇਸ ਆਤਮ-ਨਿਰਣੇ ਦੇ ਸੰਕਲਪ ਅਤੇ ਸਿਧਾਂਤ ਨੂੰ ਹੀ ਪਰਪੱਕ ਅਤੇ ਸੰਸਥਾਈ ਰੂਪ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ 1756 ਬਿਕਰਮੀ (1699 ਈਸਵੀ) ਦੀ ਵਿਸਾਖੀ 'ਤੇ ਖਾਲਸੇ ਦੀ ਸਿਰਜਨਾ ਕੀਤੀ ਸੀ।

ਖਾਲਸਾ ਇਕ ਪੂਰਨ ਜ਼ਾਬਤੇਦਾਰ, ਸਵੈ-ਨਿਰਣਾਇਕ ਅਤੇ ਇਕ ਵਿਸ਼ੇਸ਼ ਮਿਸ਼ਨ ਨੂੰ ਲੇ ਕੇ ਚੱਲਣ ਵਾਲਾ ਭਾਈਚਾਰਾ ਸੀ। ਇਸ ਦੀ ਆਪਣੀ ਇਕ ਵਿਸ਼ੇਸ਼ ਰਹਿਤ ਮਰਯਾਦਾ ਸੀ ਜੋ ਇਕ ਜ਼ਾਬਤਾ ਨਿਸ਼ਚਿਤ ਕਰਦੀ ਸੀ। ਖਾਲਸੇ ਨੇ ਆਪਣੇ ਸਾਰੇ ਕਾਰਜ ਖੁਦ ਹੀ ਕਰਨੇ ਸਨ ਅਤੇ ਇਸੇ ਖੁਦਦਾਰੀ ਵਿਚੋਂ ਹੀ ਇਹ ਭਾਈਚਾਰਾ ਸਵੈ-ਨਿਰਣਾਇਕ ਬਣਦਾ ਸੀ। ਇਸ ਦਾ ਵਿਸ਼ੇਸ਼ ਮਿਸ਼ਨ ਸੀ ਗੁਰੂ ਨਾਨਕ ਦੇ ਸਿਰਜੇ ਹੋਏ ਸੰਕਲਪ ਅਤੇ ਸਿਧਾਂਤਾਂ ਨੂੰ ਵਿਸ਼ਵ ਵਿੱਚ ਲਾਗੂ ਕਰਨਾ। ਇਸ ਤਰ੍ਹਾਂ ਖਾਲਸਾ, ਸਿੱਖ ਧਰਮ ਦਾ ਉਹ ਰੂਪ ਸੀ, ਜਿਸ ਰਾਹੀਂ ਸਿੱਖ ਸਮਾਜ ਨੂੰ ਇਕ-ਰੂਪਤਾ ਮੁਹੱਈਆ ਕਰਕੇ ਅਤੇ ਇਕ ਜ਼ਾਬਤੇਦਾਰ ਜਥੇਬੰਦਕ ਢਾਂਚੇ ਰਾਹੀਂ ਆਪਣੇ ਹੀ ਅਸੂਲਾਂ ਅਨੁਸਾਰ ਲੋਕ ਸੰਘਰਸ਼ ਨੂੰ ਚਲਾਉਣਾ ਸੀ। ਇਸ ਸੰਘਰਸ਼ ਦਾ ਨਾਅਰਾ ਸੀ, 'ਕੰਮ ਕਰੋ, ਵੰਡ ਛਕੋ ਅਤੇ ਨਾਮ ਜਪੋ'; ਆਦਰਸ਼ ਸੀ 'ਸਰਬੱਤ ਦਾ ਭਲਾ' ਅਤੇ ਉਦੇਸ਼ ਸੀ 'ਦੇਗ ਤੇਗ ਫਤਹ'।

ਖਾਲਸੇ ਦੀ ਰਹਿਤ ਮਰਯਾਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਇਸ ਦਾ ਸ਼ਬਦ-ਗੁਰੂ ਸੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠਾ ਖਾਲਸਾ, ਪੂਰਨ ਗੁਰੂ-ਰੂਪ ਸੀ। ਇਸ ਤਰ੍ਹਾਂ ਖਾਲਸੇ ਦੇ ਗੁਰੂ ਨੇ ਗ੍ਰੰਥ ਅਤੇ ਪੰਥ ਦੀ ਸੁਮੇਲਤਾ ਵਿਚੋਂ ਪ੍ਰਗਟ ਹੋਣਾ ਸੀ। ਖਾਲਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਆਦੇਸ਼ ਸੀ ਕਿ ਖਾਲਸਾ ਜਦੋਂ ਵੀ ਕੋਈ ਨਿਰਣਾ ਕਰਨਾ ਚਾਹੇ, ਜਾਂ ਕੋਈ ਨੀਤੀ ਤਹਿ ਕਰਨਾ ਚਾਹੇ ਤਾਂ ਉਹ ਪੂਰਨ ਨਿਰਮਲ-ਚਿਤ ਹੋ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜੁੜ ਕੇ ਬੈਠੇ ਅਤੇ ਆਪਣਾ ਮਸਲਾ ਵਿਚਾਰੇ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜੁੜ ਕੇ ਬੈਠੇ ਖਾਲਸਾ ਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਸੀ ਕਿਉਂਕਿ ਉਹ ਪੂਰੇ ਖਾਲਸਾ ਭਾਈਚਾਰੇ ਦੀ ਪ੍ਰਤੀਨਿਧਤਾ ਕਰਦਾ ਸੀ। ਇਹ ਸਰਬੱਤ ਖਾਲਸਾ ਜੋ ਵੀ ਫੈਸਲਾ ਕਰਦਾ ਸੀ, ਉਸ ਨੂੰ ਗੁਰੂ ਦਾ ਫੈਸਲਾ ਹੀ ਮੰਨਿਆ ਜਾਂਦਾ ਸੀ ਕਿਉਂਕਿ ਗੁਰੂ, ਸਿੱਖ ਵਿਸ਼ਵਾਸ ਅਨੁਸਾਰ ਹਰ ਸਮੇਂ ਗ੍ਰੰਥ ਅਤੇ ਪੰਥ ਦੀ ਸੁਮੇਲਤਾ ਵਿੱਚ ਹਾਜ਼ਰ ਰਹਿੰਦਾ ਹੈ। ਅਜਿਹਾ ਫੈਸਲਾ ਖਾਲਸੇ ਦਾ ਫੈਸਲਾ ਨਹੀਂ ਅਖਵਾਉਂਦਾ ਸੀ ਸਗੋਂ ਗੁਰੂ ਦਾ ਫੈਸਲਾ 'ਗੁਰਮਤਾ' ਅਖਵਾਉਂਦਾ ਸੀ। ਇਸ ਸਮੁੱਚੀ ਕਾਰਵਾਈ ਨੂੰ ਪੂਰਾ ਕਰਨ ਲਈ ਖਾਲਸੇ ਨੂੰ ਇਕ ਐਸੀ ਥਾਂ ਦੀ ਲੋੜ ਸੀ, ਜਿਹੜੀ ਸਿੱਖ ਜਗਤ ਵਿੱਚ ਇਕ ਵਿਸ਼ੇਸ਼ ਪਵਿੱਤਰਤਾ ਦਾ ਦਰਜਾ ਰੱਖਦੀ ਹੋਵੇ। ਇਹ ਥਾਂ ਸੀ ਸ੍ਰੀ ਅਕਾਲ ਤਖ਼ਤ ਸਾਹਿਬ। ਜਿਸ ਨੂੰ ਗੁਰੂ ਹਰਿਗੋਬਿੰਦ ਸਿੰਘ (ਸਿੱਖਾਂ ਦੇ ਛੇਵੇਂ ਗੁਰੂ) ਨੇ 1606 ਈਸਵੀ ਵਿੱਚ ਬਣਾਇਆ ਹੀ ਇਸੇ ਮਕਸਦ ਲਈ ਸੀ ਕਿ ਸਿੱਖ ਇਥੋਂ ਆਪਣੇ ਫੈਸਲਿਆਂ ਨੂੰ ਅੰਤਿਮ ਰੂਪ ਵਿੱਚ ਨਿਬੇੜਨ ਤੇ ਇਨ੍ਹਾਂ ਫੈਸਲਿਆਂ ਦੀ ਕਿਸੇ ਹੋਰ ਪਾਸੇ ਸੁਣਵਾਈ ਨਹੀਂ ਹੋ ਸਕਦੀ ਸੀ। ਇਸ ਤਰ੍ਹਾਂ ਖਾਲਸੇ ਨੂੰ ਸਿਧਾਂਤਕ ਸੇਧ ਵੀ ਮਿਲ ਗਈ ਸੀ ਅਤੇ ਇਕ ਐਸਾ ਅਸਥਾਨ ਵੀ ਮਿਲ ਗਿਆ ਸੀ ਜਿਥੇ ਇਕੱਤਰ ਹੋ ਕੇ, ਉਹ ਆਪਣੇ ਫੈਸਲੇ ਪੂਰੇ ਆਤਮ-ਨਿਰਣੇ ਨਾਲ ਕਰ ਸਕਦਾ ਸੀ। ਹੁਣ ਲੋੜ ਸਿਰਫ ਇਹ ਰਹਿੰਦੀ ਸੀ ਕਿ ਖਾਲਸਾ ਕਦੋਂ ਇਕੱਤਰ ਹੋ ਕੇ ਆਪਣੀਆਂ ਗਤੀਵਿਧੀਆਂ ਨੂੰ ਇਥੇ ਕੇਂਦਰਤ ਕਰਦਾ ਸੀ।

ਸਿਧਾਂਤ ਅਤੇ ਸੰਸਥਾਵਾਂ ਸਿਰਫ ਉਸ ਸਮੇਂ ਹੀ ਆਪਣਾ ਪ੍ਰਭਾਵ ਪਾਉਂਦੀਆਂ ਹਨ ਜਦੋਂ ਇਨ੍ਹਾਂ ਤੋਂ ਸੇਧ ਲੈਣ ਵਾਲਾ ਭਾਈਚਾਰਾ ਪੂਰਨ ਨਿਸ਼ਠਾ ਨਾਲ ਇਨ੍ਹਾਂ ਤੋਂ ਸੇਧ ਲੈਣੀ ਚਾਹੁੰਦਾ ਹੈ। ਇਹ ਗੱਲ ਕੁਦਰਤੀ ਹੈ ਕਿ ਪੂਰਨ ਨਿਸ਼ਠਾ ਸਿਰਫ ਸੰਕਟ ਸਮੇਂ ਹੀ ਆਉਂਦੀ ਹੈ। ਖਾਲਸਾ ਵੀ ਆਪਣੀਆਂ ਇਨ੍ਹਾਂ ਸੰਸਥਾਵਾਂ ਤੋਂ ਉਸ ਸਮੇਂ ਹੀ ਸੇਧ ਲੈਣ ਲਗਿਆ ਸੀ ਜਦੋਂ ਉਸ ਦੀ ਆਪਣੀ ਹੋਂਦ ਹੀ ਖ਼ਤਰੇ ਵਿੱਚ ਪੈ ਗਈ ਸੀ। ਇਹ ਸਮਾਂ ਸੀ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716) ਤੋਂ ਪਿੱਛੋਂ ਦਾ ਜੋ ਸਿੱਖ ਕੌਮ ਲਈ ਬਹੁਤ ਵੱਡੀ ਮਾਰੂ ਸੱਟ ਸੀ। ਬੰਦਾ ਸਿੰਘ ਬਹਾਦਰ ਨੇ ਪ੍ਰਾਪਤੀਆਂ ਵੀ ਬਹੁਤ ਵੱਡੀਆਂ ਕੀਤੀਆਂ ਸਨ। ਇਸ ਕਰਕੇ ਉਸ ਦੀ ਸ਼ਹਾਦਤ ਵੀ ਬਹੁਤ ਵੱਡੇ ਮਾਰੂ ਪ੍ਰਭਾਵ ਵਾਲੀ ਸੀ। ਬੰਦਾ ਸਿੰਘ ਬਹਾਦਰ ਨੇ ਮੁਗਲ ਹਕੂਮਤ ਨੂੰ ਜੜ੍ਹਾਂ ਤੋਂ ਹੀ ਹਿਲਾ ਦਿੱਤਾ ਸੀ। ਇਸੇ ਲਈ ਮੁਗਲ ਹਕੂਮਤ ਵੀ ਉਸ ਦੀ ਸ਼ਹਾਦਤ ਨਾਲ ਸਿੱਖ ਕੌਮ ਨੂੰ ਜੜ੍ਹਾਂ ਤੋਂ ਪੁੱਟ ਦੇਣਾ ਚਾਹੁੰਦੀ ਸੀ। ਇਸ ਦੀ ਪੂਰਤੀ ਲਈ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਬਾਅਦ ਮੁਗਲ ਹਕੂਮਤ ਨੇ ਪੰਜਾਬ ਵਿੱਚ ਕੋਈ ਵੀ ਐਸਾ ਸਿੰਘ ਨਹੀਂ ਛੱਡਿਆ ਸੀ, ਜਿਸ ਨੇ ਹਕੂਮਤ ਦੀ ਈਨ ਨਾ ਮੰਨੀ ਹੋਵੇ। ਹਕੂਮਤ ਦੀ ਈਨ ਮੰਨਣ ਤੋਂ ਬਿਨਾਂ ਕੋਈ ਵੀ ਸਿੰਘ ਪੰਜਾਬ ਦੇ ਸਮਾਜਕ ਜੀਵਨ ਵਿੱਚ ਵਿਚਰ ਨਹੀਂ ਸਕਦਾ ਸੀ। ਸਿੱਖ ਨੂੰ ਦੇਖਦਿਆਂ ਸਾਰ ਹੀ ਗੋਲੀ ਮਾਰ ਦੇਣ ਦਾ ਹੁਕਮ ਸੀ। ਨਤੀਜਾ ਇਸ ਸਾਰੇ ਸੰਕਟ ਕਾਲ ਦਾ ਇਹ ਹੋਇਆ ਸੀ ਕਿ ਆਪਣੇ-ਆਪ ਨੂੰ ਖਾਲਸਾ ਅਖਵਾਉਣ ਵਾਲੇ ਸਿੰਘ ਜਾਂ ਤਾਂ ਮਾਰ ਦਿੱਤੇ ਗਏ ਸਨ ਜਾਂ ਫਿਰ ਉਹ ਭੱਜ ਕੇ ਜੰਗਲਾਂ, ਰੇਗਸਥਾਨਾਂ ਆਦਿ ਦੂਰ ਦੀਆਂ ਅਪਹੁੰਚ ਥਾਵਾਂ 'ਤੇ ਚਲੇ ਗਏ ਸਨ। ਪਰ ਇਹ ਗੱਲ ਨਿਸ਼ਚਿਤ ਸੀ ਕਿ ਪੰਜਾਬ ਦੇ ਸਮਾਜਕ ਜੀਵਨ ਵਿੱਚ ਇਸ ਤਰ੍ਹਾਂ ਖਾਲਸਾ ਅਖਵਾਉਣ ਵਾਲਾ ਕੋਈ ਵੀ ਸਿੰਘ ਵਿਚਰ ਨਹੀਂ ਸਕਦਾ ਸੀ। ਜਿਹੜਾ ਵੀ ਵਿਚਰਦਾ ਰਿਹਾ ਸੀ ਉਸਨੇ ਹਕੂਮਤ ਦੀ ਈਨ ਮੰਨੀ ਸੀ। ਅਜਿਹੇ ਸਿੱਖ ਵੀ ਸਨ ਜਿਹੜੇ ਇਸ ਸਮੇਂ ਵੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਰਹਿੰਦੇ ਰਹੇ ਸਨ ਜਿਨ੍ਹਾਂ ਨੇ ਹਕੂਮਤ ਦੀ ਈਨ ਮੰਨ ਕੇ ਆਪਣੇ-ਆਪ ਨੂੰ ਹਕੂਮਤ ਅੱਗੇ ਪੇਸ਼ ਕਰ ਦਿੱਤਾ ਸੀ। ਹਕੂਮਤ ਇਸ ਤਰ੍ਹਾਂ ਦੇ ਸਿੰਘਾਂ ਨੂੰ ਵਡਿਆਉਣ ਲਈ ਜਾਂ ਸਿੱਖ ਜਗਤ ਵਿੱਚ ਭੁਲੇਖਾ ਪਾਉਣ ਲਈ 'ਤੱਤ ਖਾਲਸਾ' ਕਹਿੰਦੀ ਸੀ ਅਤੇ ਅਸਲ ਸਿੰਘਾਂ ਨੂੰ ਬਦਨਾਮ ਕਰਨ ਲਈ 'ਬੰਦਈ ਖਾਲਸਾ' ਕਹਿੰਦੀ ਸੀ।

ਹਕੂਮਤ ਦੇ ਇਸ ਦਮਨ ਚੱਕਰ ਦਾ ਪ੍ਰਭਾਵ ਇਹ ਪਿਆ ਸੀ ਕਿ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716) ਤੋਂ ਬਾਅਦ ਲਗਾਤਾਰ 17-18 ਸਾਲਾਂ ਤੱਕ ਕੋਈ ਵੀ ਐਸੀ ਲੀਡਰਸ਼ਿਪ ਨਹੀਂ ਉੱਭਰ ਸਕੀ ਸੀ ਜਿਹੜੀ ਅਸਲ ਖਾਲਸਈ ਸੰਘਰਸ਼ ਨੂੰ ਮੁੜ ਤੋਂ ਸੁਰਜੀਤ ਕਰ ਸਕਦੀ ਹੁੰਦੀ ਅਤੇ 'ਤੱਤ ਖਾਲਸੇ' ਦੇ ਨਕਲੀਪਣ ਨੂੰ ਸਿੱਖ ਜਗਤ ਵਿੱਚ ਉਜਾਗਰ ਕਰ ਸਕਦੀ ਹੁੰਦੀ। ਇਕ-ਦੋ ਨਿੱਕੀਆਂ-ਮੋਟੀਆਂ ਘਟਨਾਵਾਂ ਇਸ ਤਰ੍ਹਾਂ ਦੀਆਂ ਜ਼ਰੂਰ ਹੋਈਆਂ ਸਨ, ਜਿਨ੍ਹਾਂ ਰਾਹੀਂ ਜੰਗਲਾਂ ਵਿੱਚ ਛੁਪੇ ਖਾਲਸੇ ਨੇ ਦੀਵਾਲੀ ਜਾਂ ਵਿਸਾਖੀ ਦੇ ਮੌਕਿਆਂ 'ਤੇ ਆ ਕੇ ਸਿੱਖ ਜਗਤ ਨੂੰ ਤੱਤ ਖਾਲਸਿਆਂ ਦੇ ਅਸਲ ਕਿਰਦਾਰ ਤੋਂ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਹਕੂਮਤ ਦਾ ਏਨਾ ਜ਼ੋਰ ਸੀ ਕਿ ਉਸ ਨੇ ਤੱਤ ਖਾਲਸਿਆਂ ਖਿਲਾਫ਼ ਰੌਲਾ ਪਾਉਣ ਵਾਲੇ ਖਾਲਸਿਆਂ ਨੂੰ ਹੀ ਬੰਦਈ, ਬੰਦਈ ਕਹਿ ਕੇ ਭਜਾ ਦਿੱਤਾ ਸੀ ਤੇ ਜਾਂ ਮਾਰ ਦਿੱਤਾ ਸੀ। ਇਤਿਹਾਸ ਦਾ ਵਿਦਿਆਰਥੀ ਦੇਖ ਸਕਦਾ ਹੈ ਕਿ 1716 ਤੋਂ ਲੈ ਕੇ 1733-34 ਤਕ ਪੰਜਾਬ ਦੇ ਇਤਿਹਾਸ ਵਿੱਚ ਕੋਈ ਵੀ ਐਸੀ ਸਿੱਖ ਕਾਰਵਾਈ ਨਹੀਂ ਦਿਸਦੀ ਜਿਹੜੀ ਖਾਲਸੇ ਦੇ ਸੰਘਰਸ਼ ਨੂੰ ਦਰਸਾਉਂਦੀ ਹੋਵੇ। ਹਾਂ ਅਜਿਹੀਆਂ ਕਾਰਵਾਈਆਂ ਜ਼ਰੂਰ ਦਿਸ ਜਾਣਗੀਆਂ ਜਦੋਂ ਕਿ ਸਿੱਖਾਂ ਨੇ ਹਕੂਮਤ ਨੂੰ ਠੇਕੇ ਦੇ ਕੁਝ ਪੈਸੇ ਦੇ ਕੇ ਸ੍ਰੀ ਦਰਬਾਰ ਸਾਹਿਬ ਵਿੱਚ ਕੋਈ ਦੀਵਾਲੀ ਮਨਾਈ ਹੋਵੇ ਤੇ ਜਾਂ ਫਿਰ ਕੋਈ ਜਾਗੀਰ ਲਈ ਹੋਵੇ। ਇਹ ਕਾਰਵਾਈਆਂ ਤੱਤ ਖਾਲਸਿਆਂ ਦੀਆਂ ਸਨ। ਖਾਲਸੇ ਦਾ ਤਾਂ ਮਿਸ਼ਨ ਹੀ ਵੱਖਰਾ ਸੀ। ਇਸ ਮਿਸ਼ਨ ਦੇ ਸਾਹਮਣੇ, ਠੇਕੇ ਤੇ ਦੀਵਾਲੀ ਦੇ ਮੇਲੇ ਲਗਾਉਣੇ ਜਾਂ ਜਾਗੀਰ ਵਗੈਰਾ ਲੈਣੀ ਸਿਰਫ ਸਰਕਾਰ ਦੇ ਟੋਡੀਆਂ ਦੀ ਗੱਲ ਤਾਂ ਹੋ ਸਕਦੀ ਸੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਨਹੀਂ ਹੋ ਸਕਦੀ ਸੀ।

1733-34 ਤਕ ਕੁਝ ਤਾਂ ਦੇਸ਼ ਦੇ ਹਾਲਾਤ ਹੀ ਐਸੇ ਹੋ ਗਏ ਸਨ ਕਿ ਉਸ ਲਈ ਹੋਰ ਸਮੱਸਿਆਵਾਂ ਉਤਪੰਨ ਹੋ ਗਈਆਂ ਸਨ ਅਤੇ ਕੁਝ ਕੁ ਲੁਕੇ-ਛੁਪੇ ਸਿੰਘ ਨਿੱਕੇ-ਮੋਟੇ ਜਥੇ ਬਣਾ ਕੇ ਪਿੰਡਾਂ ਵਿੱਚ ਆਉਣ ਲੱਗ ਪਏ ਸਨ। ਇਸ ਤਰ੍ਹਾਂ ਜਦੋਂ ਸਿੰਘ ਕੁਝ ਗਿਣਤੀ ਵਿੱਚ ਇਕੱਠੇ ਹੋਣ ਲੱਗੇ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹੁੰਚ ਕੇ ਆਪਣੇ ਭਵਿੱਖ ਸਬੰਧੀ ਵਿਚਾਰਾਂ ਕਰਦੇ ਸਨ। ਇਸ ਸਮੇਂ ਭਾਈ ਮਨੀ ਸਿੰਘ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰ ਸਨ। ਉਹ ਆਪ ਤਾਂ ਵੱਡੀ ਉਮਰ ਦੇ ਬਜ਼ੁਰਗ ਸਨ ਇਸ ਲਈ ਉਹ ਖੁਦ ਤਾਂ ਸਿੰਘਾਂ ਦੀ ਸਰਗਰਮ ਅਗਵਾਈ ਨਹੀਂ ਕਰ ਸਕਦੇ ਸਨ ਪਰ ਸਿੰਘਾਂ ਨੂੰ ਉਹ ਸੇਧ ਜ਼ਰੂਰ ਦਿੰਦੇ ਸਨ। ਸਾਰੇ ਸਿੱਖ ਜਗਤ ਵਿੱਚ ਉਨ੍ਹਾਂ ਦਾ ਸਤਿਕਾਰ ਸੀ। ਉਨ੍ਹਾਂ ਨੇ ਸਿੰਘਾਂ ਨੂੰ ਆਪਣੀ ਕੋਈ ਜਥੇਬੰਦੀ ਬਣਾਉਣ ਦੀ ਅਤੇ ਇਕ ਲੀਡਰਸ਼ਿਪ ਚੁਣਨ ਦੀ ਸਲਾਹ ਦਿੱਤੀ। ਖਾਲਸੇ ਦੇ ਸਿਧਾਂਤ ਉਨ੍ਹਾਂ ਦੇ ਸਾਹਮਣੇ ਹੀ ਸਨ। ਸਿੰਘਾਂ ਦਾ ਨਿਸ਼ਚਾ ਸੀ ਕਿ ਜਦੋਂ ਵੀ ਸਿੰਘ ਪੂਰਨ ਨਿਸ਼ਚੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿਰ ਜੋੜ ਕੇ ਬੈਠਣਗੇ ਤਾਂ ਗੁਰੂ ਉਨ੍ਹਾਂ ਵਿਚਕਾਰ ਮੌਜੂਦ ਹੋਵੇਗਾ। ਇਸੇ ਵਿਚਾਰ ਅਨੁਸਾਰ ਆਪਣੀ ਸਮੱਸਿਆ ਦਾ ਹੱਲ ਕੱਢਣ ਲਈ ਸਿੰਘ ਪੂਰਨ ਨਿਸ਼ਚੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਤਰ ਹੋਏ। ਲੀਡਰਸ਼ਿਪ ਚੁਣਨ ਦੀਆਂ ਵਿਚਾਰਾਂ ਹੋਈਆਂ। ਫਲਸਰੂਪ ਸਰਬਸੰਮਤੀ ਨਾਲ ਭਾਈ ਕਪੂਰ ਸਿੰਘ ਫੈਜ਼ਲਪੁਰੀਏ ਨੂੰ ਖਾਲਸੇ ਦਾ ਨੇਤਾ ਚੁਣਨ ਦਾ ਗੁਰਮਤਾ ਕੀਤਾ ਗਿਆ। ਭਾਈ ਕਪੂਰ ਸਿੰਘ ਬੰਦਾ ਸਿੰਘ ਬਹਾਦਰ ਦੇ ਸਾਥੀ ਰਹੇ ਸਨ। ਇਸ ਸਮੇਂ ਦੇ ਇਕੱਤਰ ਹੋਏ ਸਿੰਘਾਂ ਵਿਚੋਂ ਓਹੀ ਇਕ ਐਸੇ ਨੇਤਾ ਸਨ ਜਿਹੜੇ ਬੰਦਾ ਸਿੰਘ ਬਹਾਦਰ ਨਾਲ ਰਹਿ ਚੁੱਕੇ ਸਨ ਅਤੇ ਜੰਗਲਾਂ-ਰੇਗਸਥਾਨਾਂ ਵਿੱਚ ਰੂਪੋਸ਼ ਹੋਏ ਖਾਲਸੇ ਦੀ ਅਗਵਾਈ ਵੀ ਕਰ ਚੁੱਕੇ ਸਨ। ਭਾਈ ਮਨੀ ਸਿੰਘ ਨੇ ਭਾਈ ਕਪੂਰ ਸਿੰਘ ਨੂੰ ਸਲਾਹ ਦਿੱਤੀ ਕਿ ਕੋਸ਼ਿਸ਼ ਕਰੋ ਕਿ ਪੰਥ ਵਿੱਚ ਏਕਤਾ ਸਥਾਪਤ ਹੋਵੇ ਅਤੇ ਕੋਈ ਧੜੇਬਾਜ਼ੀ ਵਾਲੀ ਰੰਜਿਸ਼ ਨਾ ਰਹੇ। ਹਕੂਮਤ ਨੇ ਖਾਲਸੇ ਵਿੱਚ ਧੜੇਬੰਦੀ ਪੈਦਾ ਕਰਕੇ ਪੰਥ ਦਾ ਬਹੁਤ ਨੁਕਸਾਨ ਕਰ ਦਿੱਤਾ

ਸੀ। ਇਹੀ ਕਾਰਨ ਸੀ ਕਿ ਇਸ ਸਮੇਂ ਜੋ ਵੀ ਹਕੂਮਤ ਦੇ ਬਣਾਏ ਹੋਏ ਜਾਂ ਸਿੰਘਾਂ ਦੀ ਆਪਣੀ ਗਲਤੀ ਨਾਲ ਬਣੇ ਹੋਏ ਧੜੇ ਸਨ, ਜਿਵੇਂ ਕਿ ਤੱਤ ਖਾਲਸਾ ਜਾਂ ਬੰਦਈ ਖਾਲਸਾ ਆਦਿ, ਸਭ ਨੂੰ ਖਤਮ ਕਰਕੇ ਪੰਥਕ ਸ਼ਕਤੀ ਨੂੰ ਦੁਬਾਰਾ ਤੋਂ ਜਥੇਬੰਦ ਕੀਤਾ ਗਿਆ। ਇਸ ਤਹਿਤ ਉਸ ਸਮੇਂ ਦੀ ਪੰਥਕ ਸ਼ਕਤੀ ਨੂੰ ਪੰਜ ਜਥਿਆਂ ਵਿੱਚ ਜਥੇਬੰਦ ਕੀਤਾ ਗਿਆ। ਇਹ ਪੰਜ ਜਥੇ ਸਨ: ਬਾਬਾ ਦੀਪ ਸਿੰਘ ਦੀ ਅਗਵਾਈ ਹੇਠ ਨਿਹੰਗ ਸਿੰਘ ਦਾ ਜਥਾ, ਭਾਈ ਕਰਮ ਸਿੰਘ ਅਤੇ ਭਾਈ ਧਰਮ ਸਿੰਘ ਜੀ ਅਗਵਾਈ ਹੇਠ ਰਾਮਗੜ੍ਹੀਏ ਸਿੰਘਾਂ ਦਾ ਜਥਾ, ਭਾਈ ਦਸੌਂਧਾ ਸਿੰਘ ਕੋਟ ਬੁੱਢਾ ਦੀ ਅਗਵਾਈ ਹੇਠ ਮਝੈਲ ਸਿੰਘਾਂ ਦਾ ਜਥਾ; ਭਾਈ ਵੀਰ ਸਿੰਘ ਅਤੇ ਜੀਵਨ ਸਿੰਘ ਰੰਗਰੇਟਿਆਂ ਦੀ ਅਗਵਾਈ ਹੇਠ ਰਵਿਦਾਸੀਏ ਅਤੇ ਮਜ਼ਬੀ ਸਿੰਘਾਂ ਦਾ ਜਥਾ, ਅਤੇ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਤੱਤ ਖਾਲਸਿਆਂ ਦਾ ਜਥਾ ਜਿਹੜੇ ਬੰਦਾ ਸਿੰਘ ਬਹਾਦਰ ਸਮੇਂ ਮੁਗਲ ਹਕੂਮਤ ਨਾਲ ਮਿਲ ਗਏ ਸਨ।

ਜਾਪਦਾ ਹੈ ਕਿ ਭਾਈ ਕਪੂਰ ਸਿੰਘ ਫੈਜ਼ਲਪੁਰੀਏ ਦੀ ਖਾਲਸੇ ਨੂੰ ਮੁੜ ਤੋਂ ਜਥੇਬੰਦ ਕਰਨ ਦੀ ਇਹ ਕੋਸ਼ਿਸ਼ ਪੰਥ ਦੇ ਸਭ ਧੜਿਆਂ ਨੂੰ ਇਕ ਪਲੇਟ ਫਾਰਮ 'ਤੇ ਇਕੱਠੇ ਕਰਨ ਦੀ ਨੀਤੀ ਅਨੁਸਾਰ ਹੀ ਕੀਤੀ ਗਈ ਸੀ। ਇਸੇ ਕਰਕੇ ਹੀ ਸਾਰੇ ਹਮਦਰਦ ਅਤੇ ਵਿਰੋਧੀ ਧੜਿਆਂ ਨੂੰ ਇਕੱਠੇ ਕੀਤਾ ਗਿਆ ਸੀ। ਹੋ ਸਕਦਾ ਹੈ ਕਿ ਇਸੇ ਕਰਕੇ ਹੀ ਸਿੰਘ ਮੁੜ ਸ਼ਹਿਰੀ ਜੀਵਨ ਵਿੱਚ ਪਰਤੇ ਹੋਣ। ਇਨ੍ਹਾਂ ਪੰਜ ਜਥਿਆਂ ਦਾ ਸੁਪਰੀਮ ਆਗੂ ਭਾਈ ਕਪੂਰ ਸਿੰਘ ਸੀ। ਇਹ ਗੱਲ ਮੁਗਲ ਹਕੂਮਤ ਤੋਂ ਗੁੱਝੀ ਨਹੀਂ ਰਹਿ ਸਕੀ। ਇਨ੍ਹਾਂ ਪੰਜ ਜਥਿਆਂ ਵਿੱਚ ਬਹੁਤਿਆਂ ਦਾ ਠਹਿਰਾਅ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿਚਲੇ ਆਲੇ-ਦੁਆਲੇ ਦੇ ਸਥਾਨਕ ਗੁਰਦੁਆਰਿਆਂ ਵਿੱਚ ਹੀ ਸੀ ਪਰ ਬਾਬਾ ਦੀਪ ਸਿੰਘ ਦਾ ਨਿਹੰਗ ਜਥਾ ਮੁੱਖ ਰੂਪ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਹੀ ਰਹਿੰਦਾ ਰਿਹਾ ਸੀ ਅਤੇ ਬਾਵਾ ਵਿਨੋਦ ਸਿੰਘ ਅਤੇ ਕਾਨ੍ਹ ਸਿੰਘ ਦਾ ਜਥਾ ਗੋਇੰਦਵਾਲ ਸਾਹਿਬ ਹੀ ਰਹਿੰਦਾ ਰਿਹਾ ਸੀ। ਦੂਜੇ ਪਾਸੇ ਲਾਹੌਰ ਦਾ ਸੂਬੇਦਾਰ ਜ਼ਕਰੀਆ ਖਾਨ ਵੀ ਪੂਰੀ ਤਰ੍ਹਾਂ ਇਨ੍ਹਾਂ ਜਥਿਆਂ ਉਪਰ ਨਿਗ੍ਹਾ ਟਿਕਾਈ ਬੈਠਾ ਸੀ। ਇਹ ਗੱਲ ਉਸ ਦੇ ਹਜ਼ਮ ਨਹੀਂ ਹੋਈ ਸੀ। ਉਸ ਨੇ ਇਸ ਵਿਚੋਂ ਵੀ ਆਪਣੇ ਆਪ ਨੂੰ ਖਤਰਾ ਮਹਿਸੂਸ ਕੀਤਾ ਸੀ। ਉਸ ਨੇ ਇਹ ਸਮਝਿਆ ਕਿ ਇਸ ਸਭ ਕੁਝ ਦੇ ਪਿੱਛੇ ਭਾਈ ਮਨੀ ਸਿੰਘ ਹੀ ਕੰਮ ਕਰ ਰਿਹਾ ਹੈ, ਕਿਉਂਕਿ ਪੰਥ ਦੇ ਸਭ ਵਿਰੋਧੀ ਧੜਿਆਂ ਨੂੰ ਇਕ ਥਾਂ 'ਤੇ ਇਕੱਠਾ ਕਰਨ ਲਈ ਸਿਰਫ ਭਾਈ ਮਨੀ ਸਿੰਘ ਹੀ ਪਰੇਰ ਸਕਦੇ ਸਨ। ਇਸ ਲਈ ਜ਼ਕਰੀਆ ਖਾਨ ਨੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਸ਼ਹੀਦ ਕਰ ਦਿੱਤਾ ਸੀ। ਭਾਈ ਕਪੂਰ ਸਿੰਘ ਦੀ ਅਗਵਾਈ ਵਿੱਚ ਪੰਥ ਦਾ ਮੁੜ ਤੋਂ ਜਥੇਬੰਦ ਹੋਣਾ ਅਤੇ ਭਾਈ ਸਾਹਿਬ ਦੀ ਸ਼ਹਾਦਤ ਇਕੋ ਹੀ ਸਾਲ (1734ਈ.) ਦੀਆਂ ਘਟਨਾਵਾਂ ਸਨ। ਭਾਈ ਸਾਹਿਬ ਦੀ ਸ਼ਹਾਦਤ ਨਾਲ ਪੰਥ ਉਪਰ ਇਕ ਵਾਰ ਫਿਰ ਸੰਕਟਮਈ ਸਮਾਂ ਆ ਗਿਆ ਸੀ। ਭਾਈ ਸਾਹਿਬ ਦੀ ਸ਼ਹਾਦਤ, ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਦੂਜੀ ਵੱਡੀ ਸੱਟ ਸੀ, ਜਿਹੜੀ ਹਕੂਮਤ ਨੇ ਪੰਥ ਨੂੰ 18 ਸਾਲਾਂ ਬਾਅਦ ਮਾਰੀ ਸੀ। ਪਰ ਇਸ ਸਮੇਂ 1716 ਦੇ ਸਮੇਂ ਵਿੱਚ ਬਹੁਤ ਫਰਕ ਸੀ।

1716 ਵਿੱਚ ਮੁਗਲ ਸਾਮਰਾਜ ਦਿੱਲੀ ਵਿੱਚ ਅਤੇ ਪੰਜਾਬ ਵਿੱਚ ਵੀ ਬਹੁਤ ਮਜ਼ਬੂਤ ਸੀ। ਪਰ 1734ਵਿਆਂ ਵਿੱਚ ਇਹ ਮਜ਼ਬੂਤੀ ਕਮਜ਼ੋਰੀ ਵਿੱਚ ਬਦਲ ਗਈ ਸੀ। ਇਸ ਸਮੇਂ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਸੀ, ਜਿਹੜਾ ਕਿ ਤਾਜ-ਤਖ਼ਤ ਦੇ ਉੱਕਾ ਹੀ ਕਾਬਲ ਨਹੀਂ ਸੀ। ਬਾਦਸ਼ਾਹ ਖੁਦ ਐਸ਼ੋ-ਆਰਾਮ ਦਾ ਭੋਗ-ਬਿਲਾਸੀ ਜੀਵਨ ਜੀਅ ਰਿਹਾ ਸੀ ਅਤੇ ਉਸੇ ਤਰ੍ਹਾਂ ਉਸ ਦੇ ਦਰਬਾਰੀ ਅਤੇ ਅਧਿਕਾਰੀ ਹੋ ਗਏ ਸਨ। ਇਸ ਕਰਕੇ ਹਰ ਥਾਂ 'ਤੇ ਬਗਾਵਤਾਂ ਹੋ ਰਹੀਆਂ ਸਨ। ਦੂਰ ਦੇ ਸੂਬੇ ਆਜ਼ਾਦ ਹੋ ਰਹੇ ਸਨ। ਖੇਤਰੀ ਤਾਕਤਾਂ ਉਭਰ ਰਹੀਆਂ ਸਨ ਅਤੇ ਰਿਸ਼ਵਤਖੋਰੀ ਸਿਖਰ 'ਤੇ ਸੀ। ਸਭ ਤੋਂ ਵੱਡਾ ਖਤਰਾ ਨਾਦਰ ਸ਼ਾਹ ਦਾ ਉਭਰ ਰਿਹਾ ਸੀ। ਉਸ ਨੇ 1732-33 ਵਿੱਚ ਹੀ ਮੁਗਲ ਸਾਮਰਾਜ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਕਾਰਨਾਂ ਕਰਕੇ ਹੀ ਪੰਜਾਬ ਵਿੱਚ ਸਿੰਘਾਂ ਨੂੰ ਜੰਗਲਾਂ, ਮਾਰਥੂਲਾਂ ਵਿਚੋਂ ਆਉਣ ਦਾ ਮੌਕਾ ਮਿਲ ਗਿਆ ਸੀ। ਇਕ ਧਿਰ ਦਾ ਸੰਕਟ ਦੂਜੀ ਧਿਰ ਲਈ ਵਰਦਾਨ ਬਣ ਕੇ ਆਉਂਦਾ ਹੈ। ਮੁਗਲ ਸਾਮਰਾਜ ਦੀ ਇਸ ਅਸਥਿਰਤਾ ਨੇ ਸਿੱਖਾਂ ਨੂੰ ਮੌਕਾ ਦੇ ਦਿੱਤਾ ਸੀ ਮੁੜ ਤੋਂ ਜਥੇਬੰਦ ਹੋਣ ਦਾ।

ਅਜਿਹੇ ਹਾਲਾਤਾਂ ਅੰਦਰ ਪੰਥਕ ਜਥੇ ਵੀ ਕਪੂਰ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਵਿੱਚ ਡਟ ਕੇ ਖਲੋ ਗਏ ਸਨ ਕਿ ਜੇਕਰ ਹਕੂਮਤ ਨੇ ਅੰਮ੍ਰਿਤਸਰ ਉਪਰ ਹਮਲਾ ਕੀਤਾ ਤਾਂ ਉਹ ਦੋ-ਦੋ ਹੱਥ ਜ਼ਰੂਰ ਕਰਨਗੇ। ਸ਼ਾਇਦ ਸਿੰਘਾਂ ਦੀ ਇਸੇ ਦ੍ਰਿੜ੍ਹਤਾ ਨੂੰ ਦੇਖ ਕੇ ਹਕੂਮਤ ਨੇ ਅੰਮ੍ਰਿਤਸਰ ਉਪਰ ਹਮਲਾ ਨਾ ਕੀਤਾ ਪਰ ਸਿੰਘ ਜਥਿਆਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਸੀ। 1739 ਵਿੱਚ ਨਾਦਰ ਸ਼ਾਹ ਦੇ ਹਮਲੇ ਨੇ ਪੰਜਾਬ ਅਤੇ ਦਿੱਲੀ ਵਿੱਚ ਮੁਗਲ ਸਾਮਰਾਜ ਦਾ ਕਚੂਮਰ ਹੀ ਕੱਢ ਦਿੱਤਾ ਸੀ ਅਤੇ ਰਹਿੰਦੀ ਕਸਰ ਪੰਥਕ ਜਥਿਆਂ ਨੇ ਪੂਰੀ ਕਰ ਦਿੱਤੀ ਸੀ, ਜਿਨ੍ਹਾਂ ਨੇ ਨਾਦਰ ਸ਼ਾਹ ਦੇ ਦਿੱਲੀ ਵਿੱਚ ਹੋਣ ਸਮੇਂ, ਪਿੱਛੇ ਲਾਹੌਰ ਅਤੇ ਹੋਰ ਸ਼ਹਿਰਾਂ ਦੇ ਸਰਕਾਰੀ ਅਧਿਕਾਰੀਆਂ ਨੂੰ ਲੁੱਟ ਲਿਆ ਸੀ ਅਤੇ ਜਦੋਂ ਨਾਦਰ ਸ਼ਾਹ ਵਾਪਸ ਆਇਆ ਸੀ ਤਾਂ ਉਸ ਦੀ ਫੌਜ ਨੂੰ ਜੀਅ ਭਰ ਕੇ ਲੁੱਟਿਆ ਸੀ। ਇਹ ਸਮਾਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ, ਖਾਲਸਾਈ ਸੰਘਰਸ਼ ਨੂੰ ਮੁੜ ਤੋਂ ਸ਼ੁਰੂ ਕਰਨ ਦਾ ਸੀ। ਇਹ ਸਮਾਂ ਸਿੰਘ ਜਥਿਆਂ ਲਈ ਐਸਾ ਉਤਸ਼ਾਹਮਈ ਸੀ ਕਿ ਉਨ੍ਹਾਂ ਦੀ ਗਿਣਤੀ ਬਹੁਤ ਵਧ ਗਈ ਸੀ। ਪਹਿਲੇ ਸਾਰੇ ਹਾਲਾਤ ਬਦਲ ਗਏ ਸਨ। ਸਿੰਘ ਜਥੇ ਥਾਂ-ਥਾਂ 'ਤੇ ਧੜਾਧੜ ਕਾਇਮ ਹੋ ਰਹੇ ਸਨ। ਇਤਿਹਾਸਕਾਰਾਂ ਦੇ ਵੇਰਵਿਆਂ ਅਨੁਸਾਰ ਇਸ ਸਮੇਂ 65 ਦੇ ਕਰੀਬ ਅਲੱਗ-ਅਲੱਗ ਜਥੇ ਫਿਰ ਰਹੇ ਸਨ। ਭਾਈ ਕਪੂਰ ਸਿੰਘ ਨੇ ਪੰਥਕ ਸੱਜਣਾਂ ਨਾਲ ਸਲਾਹ-ਮਸ਼ਵਰਾ ਕਰਕੇ ਪੰਥਕ ਸ਼ਕਤੀ ਨੂੰ ਮੁੜ ਤੋਂ ਜਥੇਬੰਦ ਕਰਨ ਲਈ ਅਕਾਲ ਤਖ਼ਤ ਸਾਹਿਬ ਤੇ 1745 ਦੀ ਵਿਸਾਖੀ ਤੇ ਸਰਬੱਤ ਖਾਲਸਾ ਸਮਾਗਮ ਬੁਲਾਇਆ, ਜਿਸ ਵਿੱਚ ਸਾਰੇ ਖਿੰਡੇ-ਪੁੰਡੇ ਪੰਥਕ ਜਥਿਆਂ ਨੂੰ ਫਿਰ ਤੋਂ ਜਥੇਬੰਦ ਕੀਤਾ ਗਿਆ। ਇਸ ਸਮੇਂ ਪੰਥਕ ਸ਼ਕਤੀ ਨੂੰ ਦੋ ਮੁੱਖ ਹਿੱਸਿਆਂ ਵਿੱਚ ਵੰਡਿਆ ਗਿਆ ਸੀ: ਇਕ ਤਰੁਣਾ ਦਲ ਅਤੇ ਦੂਜਾ ਬੁੱਢਾ ਦਲ। ਬੁੱਢਾ ਦਲ ਵਿੱਚ ਵੱਡੀ ਉਮਰ ਦੇ ਸਿੰਘ ਸਨ ਜਿਹੜੇ ਸਿਰਫ ਗੁਰਦੁਆਰਿਆਂ ਵਿੱਚ ਜਾਂ ਖਾਲਸੇ ਦੇ ਡੇਰਿਆਂ ਵਿੱਚ ਰਹਿ ਕੇ ਅੰਦਰਲੀ ਸਾਂਭ-ਸੰਭਾਲ ਕਰਦੇ ਸਨ। ਨੌਜਆਨ ਸਿੰਘ ਨੂੰ 25 ਅਲੱਗ-ਅਲੱਗ ਜਥਿਆਂ ਵਿੱਚ ਜਥੇਬੰਦ ਕੀਤਾ ਗਿਆ। ਸੁਪਰੀਮ ਕਮਾਂਡਰ ਭਾਈ ਕਪੂਰ ਸਿੰਘ ਹੀ ਸੀ ਜਿਸ ਨੂੰ ਖਾਲਸਾ ਪੰਥ ਲਾਹੌਰ ਦੇ ਨਵਾਬ ਦੇ ਬਰਾਬਰ ਹੀ ਆਪਣਾ ਨਵਾਬ ਸਮਝਦਾ ਸੀ। ਇਸ ਕਰਕੇ ਇਸ ਸਮੇਂ ਤੱਕ ਭਾਈ ਕਪੂਰ ਸਿੰਘ ਦੇ ਨਾਂ ਨਾਲ ਨਵਾਬ ਦਾ ਤਖੱਲਸ਼ ਜੁੜ ਗਿਆ ਸੀ।



ਇਸ ਸਮੇਂ ਪੰਥਕ ਸ਼ਕਤੀ ਆਪਣੇ ਪੈਰਾਂ 'ਤੇ ਖੜ੍ਹੀ ਹੋ ਗਈ ਸੀ। ਜ਼ਕਰੀਆ ਖਾਨ ਮਰ ਚੁੱਕਿਆ ਸੀ ਅਤੇ ਉਸ ਦੇ ਬਾਅਦ ਉਸ ਦੇ ਦੋ ਨਾਲਾਇਕ ਪੁੱਤਰਾਂ ਵਿਚਕਾਰ ਘਰੋਗੀ ਯੁੱਧ ਛਿੜ ਗਿਆ ਸੀ ਜਿਹੜਾ ਕਿ 1745 ਤੋਂ ਲੈ ਕੇ 1748 ਤਕ ਚਲਦਾ ਰਿਹਾ। ਇਸ ਸਮੇਂ ਭਾਵੇਂ ਛੋਟੇ ਘੱਲੂਘਾਰੇ ਜੈਸੇ ਸਾਕੇ ਵੀ ਵਾਪਰ ਚੁੱਕੇ ਸਨ ਪਰ ਖਾਲਸੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖਾਲਸਾ ਸਮਾਗਮ ਕਰਨ ਦੀ ਪਰੰਪਰਾ ਨੂੰ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਸਮਾਗਮਾਂ ਵਿੱਚ ਪੰਥ ਸਾਹਮਣੇ ਆਉਣ ਵਾਲੇ ਮਸਲਿਆਂ ਨੂੰ ਵਿਚਾਰਿਆ ਜਾਂਦਾ ਸੀ ਅਤੇ ਕੀਤੇ ਗਏ ਫੈਸਲੇ ਨੂੰ ਗੁਰਮਤੇ ਦੇ ਰੂਪ ਵਿੱਚ ਪਾਸ ਕੀਤਾ ਜਾਂਦਾ ਸੀ। ਇਹ ਗੁਰਮਤਾ ਹਰ ਸਿੱਖ ਲਈ ਮੰਨਣਾ ਜ਼ਰੂਰੀ ਹੁੰਦਾ ਸੀ। ਇਸ ਤਰ੍ਹਾਂ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤਾ ਪੰਥਕ ਰਾਜਨੀਤੀ ਦਾ ਕੇਂਦਰ ਬਣ ਗਏ ਸਨ। ਇਹ ਸਾਰੇ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾਏ ਜਾਂਦੇ ਸਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਾਂਭ-ਸੰਭਾਲ ਕਰਨ ਵਾਲਾ ਅਕਾਲੀ ਜਥਾ ਇਨ੍ਹਾਂ ਸਮਾਗਮਾਂ ਦੀ ਕਾਰਵਾਈ ਨੂੰ ਪੂਰਾ ਕਰਦਾ ਸੀ। ਬੇਸ਼ੱਕ ਪੰਥਕ ਮਰਯਾਦਾ ਅਨੁਸਾਰ ਇਹ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਲਾਵਾ ਕਿਸੇ ਹੋਰ ਥਾਂ 'ਤੇ ਵੀ ਕੀਤੇ ਜਾ ਸਕਦੇ ਸਨ ਪਰ ਪੂਰੀ ਸਿੱਖ ਕੌਮ ਉਪਰ ਇਨ੍ਹਾਂ ਗੁਰਮਤਿਆਂ ਨੂੰ ਲਾਗੂ ਕਰਨ ਲਈ ਇਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਜਾਰੀ ਕਰਨਾ ਜ਼ਰੂਰੀ ਹੁੰਦਾ ਸੀ। ਚੇਤੇ ਰਹੇ ਕਿ ਸਮੂਹ ਪੰਥਕ ਜਥਿਆਂ ਨੇ ਬਾਬਾ ਦੀਪ ਸਿੰਘ ਦੇ ਜਥੇ ਨੂੰ ਹੀ ਸਾਰੇ ਤਖ਼ਤਾਂ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕੰਮ ਸੌਂਪ ਦਿੱਤਾ ਸੀ। ਬਾਬਾ ਦੀਪ ਸਿੰਘ ਖੁਦ ਤਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਹੀ ਰਹਿੰਦੇ ਸਨ ਪਰ ਉਨ੍ਹਾਂ ਦੇ ਜਥੇ ਦੇ ਦੋ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੀ ਰਹਿੰਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਭਾਲ ਕਰਨ ਵਾਲੇ ਜਥੇ ਨੂੰ ਅਕਾਲੀ ਜਥਾ ਕਿਹਾ ਜਾਂਦਾ ਸੀ। ਇਹ ਜਥਾ ਹੀ ਸਾਰੇ ਸਰਬੱਤ ਖਾਲਸਾ ਸਮਾਗਮਾਂ ਦਾ ਪ੍ਰਬੰਧ ਕਰਦਾ ਸੀ। ਸਮੁੱਚੇ ਪੰਥ ਵੱਲੋਂ ਇਨ੍ਹਾਂ ਨੂੰ ਮਾਣਤਾ ਮਿਲੀ ਹੋਈ ਸੀ।

ਸਰਬੱਤ ਖਾਲਸਾ ਸਮਾਗਮਾਂ ਨੂੰ ਇਕ ਬਾਕਾਇਦਾ ਸੰਸਥਾਈ ਰੂਪ ਦੇਣ ਲਈ ਸਾਲ ਵਿੱਚ ਦੋ ਵਾਰ ਬੁਲਾਇਆ ਜਾਂਦਾ ਸੀ। ਇਹ ਦੋਵੇਂ ਮੌਕੇ ਸਨ: ਵਿਸਾਖੀ ਅਤੇ ਦੀਵਾਲੀ ਦੇ ਦਿਵਸ। ਕੁਦਰਤੀ ਤੌਰ 'ਤੇ ਇਹ ਦਿਵਸ ਤਕਰੀਬਨ ਛੇ-ਛੇ ਕੁ ਮਹੀਨਿਆਂ ਬਾਅਦ ਹੀ ਆਉਂਦੇ ਸਨ। ਵਿਸਾਖੀ ਬਿਕਰਮੀ ਸਾਲ ਦਾ ਪਹਿਲਾ ਦਿਨ ਹੁੰਦਾ ਸੀ। ਪੰਜਾਬ ਵਿੱਚ ਬਿਕਰਮੀ ਸਾਲ ਹੀ ਪ੍ਰਚੱਲਤ ਸੀ। ਇਹ ਪੰਜਾਬੀਆਂ ਦਾ ਸਾਲ ਸੀ ਅਤੇ ਵਿਸਾਖੀ ਸਾਲ ਦਾ ਪਹਿਲਾ ਦਿਨ ਸੀ। ਖਾਲਸੇ ਦੀ ਸਾਜਨਾ ਨਾਲ ਜੁੜ ਕੇ ਇਹ ਦਿਵਸ ਖਾਲਸੇ ਦਾ ਰਾਸ਼ਟਰੀ ਦਿਵਸ ਬਣ ਗਿਆ ਸੀ। ਇਸ ਲਈ ਖਾਲਸਾ ਆਪਣੇ ਰਾਸ਼ਟਰੀ ਦਿਵਸ 'ਤੇ ਹੀ ਸਾਲ ਦਾ ਪਹਿਲਾ ਸਰਬੱਤ ਖਾਲਸਾ ਸਮਾਗਮ ਕਰਦਾ ਸੀ। ਵਿਸਾਖੀ ਤੋਂ ਤਕਰੀਬਨ ਛੇ ਕੁ ਮਹੀਨਿਆਂ ਬਾਅਦ ਕੱਤਕ ਦੀ ਅਮਾਵਸ (ਮੱਸਿਆ) ਨੂੰ ਦੀਵਾਲੀ ਦਾ ਦਿਵਸ ਆਉਂਦਾ ਸੀ। ਪੰਜਾਬ ਲਈ ਇਹ ਮੌਸਮੀ ਤਿਉਹਾਰ ਹੁੰਦਾ ਸੀ। ਬੇਸ਼ੱਕ ਵਿਸਾਖੀ ਸੂਰਜ ਦੀ ਚਾਲ ਨਾਲ ਬਦਲਣ ਵਾਲੇ ਮਹੀਨਿਆਂ ਵਿੱਚ ਵਾਪਰਦੀ ਸੀ ਅਤੇ ਦੀਵਾਲੀ ਚੰਦਰਮਾ ਦੀ ਚਾਲ ਨਾਲ ਬਦਲਣ ਵਾਲੇ ਮਹੀਨਿਆਂ ਅਨੁਸਾਰ ਆਉਂਦੀ ਸੀ। ਪੰਜਾਬ ਵਿੱਚ ਇਹ ਦੋਵੇਂ ਤਰ੍ਹਾਂ ਦੇ ਹੀ ਮਹੀਨੇ ਪ੍ਰਚੱਲਤ ਸਨ। ਇਨ੍ਹਾਂ ਦੋਵਾਂ ਮੌਕਿਆਂ 'ਤੇ ਖਾਲਸੇ ਦੇ ਸਮੂਹ ਸਰਗਰਮ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹੁੰਚਦੇ ਸਨ। ਉਹ ਪਹਿਲਾਂ ਅੰਮ੍ਰਿਤਸਰ ਸਰੋਵਰ ਵਿੱਚ ਇਸ਼ਨਾਨ ਕਰਦੇ ਸਨ ਫਿਰ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੁੰਦੇ ਸਨ। ਇਉਂ ਇਹ ਜਥੇ ਤਨੋ-ਮਨੋ ਨਿਰਮਲ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਇਕੱਠੇ ਬੈਠਦੇ ਸਨ। ਇਨ੍ਹਾਂ ਜਥਿਆਂ ਦੇ ਇਕੱਠ ਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਸੀ। ਇਹ ਜਥੇ, ਸਮੂਹ ਸਿੱਖ ਪੰਥ ਦੀ ਨੁਮਾਇੰਦਗੀ ਕਰਦੇ ਸਨ। ਭਾਵੇਂ ਇਕੱਠ ਥੋੜ੍ਹਾ ਹੁੰਦਾ ਸੀ ਤੇ ਭਾਵੇਂ ਜ਼ਿਆਦਾ, ਸਵਾਲ ਇਹ ਨਹੀਂ ਹੁੰਦਾ ਸੀ। ਇਹ ਪੰਥ ਦੀ ਪ੍ਰਤੀਨਿਧਤਾ ਕਰਨ ਵਾਲਾ ਇਕੱਠ ਹੁੰਦਾ ਸੀ। ਇਕੱਠ ਦੀ ਸਫਲਤਾ ਇਸ ਗੱਲੋਂ ਨਹੀਂ ਦੇਖੀ ਜਾਂਦੀ ਸੀ ਕਿ ਇਕੱਠ ਵਿੱਚ ਕਿਤਨੀ ਕੁ ਵੱਡੀ ਗਿਣਤੀ ਵਿੱਚ ਖਾਲਸਾ ਇਕੱਤਰ ਹੋਇਆ ਹੈ। ਬਲਕਿ ਇਸ ਸਮਾਗਮ ਦੀ ਸਫਲਤਾ ਇਸ ਗੱਲ ਵਿੱਚ ਦੇਖੀ ਜਾਂਦੀ ਸੀ ਕਿ ਕੀ ਇਸ ਵਿੱਚ ਸਮੁੱਚੇ ਖਾਲਸਾ ਪੰਥ ਦੀ ਨੁਮਾਇੰਦਗੀ ਹੋ ਗਈ ਹੈ? ਮੰਨ ਲਓ ਕਿ ਅਠਾਰਵੀਂ ਸਦੀ ਵਿੱਚ ਦਲ ਖਾਲਸਾ ਹੀ ਪੰਥ ਦੀ ਨੁਮਾਇਦਾ ਜਮਾਤ ਸੀ। ਇਸ ਦੇ ਗਿਆਰਾਂ ਜਥੇ ਸਨ। ਜਦੋਂ ਸਰਬੱਤ ਖਾਲਸਾ ਸਮਾਗਮ ਬੁਲਾਇਆ ਜਾਂਦਾ ਸੀ ਤਾਂ ਉਮੀਦ ਕੀਤੀ ਜਾਂਦੀ ਸੀ ਕਿ ਦਲ ਖਾਲਸੇ ਦੇ ਇਹ ਗਿਆਰਾਂ ਦੇ ਗਿਆਰਾਂ ਜਥੇ ਹੀ ਆਪਣੇ-ਆਪਣੇ ਨੁਮਾਇੰਦਿਆਂ ਰਾਹੀਂ ਇਕੱਠੇ ਹੋਣ। ਜੇਕਰ ਗਿਆਰਾਂ ਦੇ ਗਿਆਰਾਂ ਜਥਿਆਂ ਦੇ ਨੁਮਾਇੰਦੇ ਇਕੱਠੇ ਹੁੰਦੇ ਸਨ ਤਾਂ ਸਮਾਗਮ ਸਫਲ ਮੰਨਿਆ ਜਾਦਾ ਸੀ। ਇਹ ਜ਼ਰੂਰੀ ਨਹੀਂ ਸੀ ਕਿ ਸਾਰੇ ਜਥੇ ਆਪਣੀ ਪੂਰੀ ਗਿਣਤੀ ਵਿੱਚ ਆਦਮੀਆਂ (ਸਿਪਾਹੀਆਂ) ਨੂੰ ਲੈ ਕੇ ਆਉਣ। ਇਹ ਗੱਲ ਉਨ੍ਹਾਂ ਦੇ ਦੋ-ਚਾਰ, ਦਸ-ਬੀਹ ਜਾਂ 100-50 ਵਿਅਕਤੀਆਂ ਨਾਲ ਵੀ ਪੂਰੀ ਹੋ ਸਕਦੀ ਸੀ। ਕੋਸ਼ਿਸ਼ ਇਹ ਵੀ ਕੀਤੀ ਜਾਂਦੀ ਸੀ ਕਿ ਜੇਕਰ ਕੋਈ ਹੋਰ ਪੰਥਕ ਧੜਾ ਜਾਂ ਸੰਪਰਦਾ ਇਨ੍ਹਾਂ ਗਿਆਰਾਂ ਜਥਿਆਂ ਤੋਂ ਇਲਾਵਾ ਇਸ ਸਰਬੱਤ ਖਾਲਸਾ ਸਮਾਗਮ ਵਿੱਚ ਸ਼ਾਮਲ ਹੋਣਾ ਚਾਹੁੰਦੀ ਹੈ ਤਾਂ ਉਸ ਨੂੰ ਵੀ ਬੁਲਾਇਆ ਜਾਂਦਾ ਸੀ। ਜਿਵੇਂ ਕਿ ਨਿਰਮਲ ਅਤੇ ਉਦਾਸੀ ਸੰਪਰਦਾ ਦੇ ਨੁਮਾਇੰਦੇ ਹੁੰਦੇ ਸਨ। ਇਹ ਸੰਪਰਦਾਵਾਂ ਭਾਵੇਂ ਖਾਲਸਾਈ ਮਰਯਾਦਾ ਨੂੰ ਨਹੀਂ ਮੰਨਦੀਆਂ ਸਨ ਪਰ ਇਹ ਖਾਲਸਾ ਮਰਯਾਦਾ ਦਾ ਸਤਿਕਾਰ ਕਰਦੀਆਂ ਸਨ। ਜੇ ਇਹ ਸਰਬੱਤ ਖਾਲਸਾ ਸਮਾਗਮ ਵਿੱਚ ਪਹੁੰਚ ਕੇ ਆਪਣਾ ਮੱਤ ਪ੍ਰਗਟ ਕਰਨਾ ਚਾਹੁੰਦੀਆਂ ਸਨ ਤਾਂ ਇਸ ਗੱਲ ਤੋਂ ਰੋਕਿਆ ਨਹੀਂ ਜਾਂਦਾ ਸੀ। ਇਸੇ ਤਰ੍ਹਾਂ ਦਲ ਖਾਲਸਾ ਦੇ ਗਿਆਰਾਂ ਜਥਿਆਂ ਤੋਂ ਇਲਾਵਾ ਫੂਲਕੀਆਂ ਮਿਸਲ ਦੇ ਕਈ ਘਰਾਣੇ ਸਨ। ਇਨ੍ਹਾਂ ਨੂੰ ਵੀ ਸੱਦਾ-ਪੱਤਰ ਭੇਜੇ ਜਾਂਦੇ ਸਨ ਅਤੇ ਇਸ ਮਿਸਲ ਦੇ ਬਾਨੀ ਬਾਬਾ ਆਲਾ ਸਿੰਘ ਕਈ ਸਮਾਗਮਾਂ ਵਿੱਚ ਸ਼ਾਮਲ ਵੀ ਹੁੰਦੇ ਰਹਿੰਦੇ ਸਨ ਪਰ ਜੇਕਰ ਇਹ ਸ਼ਾਮਲ ਨਹੀਂ ਵੀ ਸਨ ਹੁੰਦੇ ਤਾਂ ਇਹ ਸਰਬੱਤ ਖਾਲਸੇ ਦੇ ਸਮਾਗਮ ਵੱਲੋਂ ਪਾਸ ਕੀਤੇ ਗਏ ਗੁਰਮਤੇ ਦਾ ਵਿਰੋਧ ਵੀ ਨਹੀਂ ਸੀ ਕਰਦੇ। ਇਹ ਨਿਰਪੱਖ ਰਹਿੰਦੇ ਸਨ। ਇਸ ਲਈ ਸਮੁੱਚੀ ਬਹਿਸ ਦਾ ਭਾਵ ਇਹ ਹੀ ਹੈ ਕਿ ਸਰਬੱਤ ਖਾਲਸਾ ਸਮਾਗਮ ਸਮੁੱਚੇ ਪੰਥ ਦੀ ਨੁਮਾਇੰਦਗੀ ਕਰਦਾ ਸੀ। ਇਸਦਾ ਪਾਸ ਕੀਤਾ ਹੋਇਆ ਗੁਰਮਤਾ ਸਮੁੱਚੇ ਪੰਥ ਦਾ ਗੁਰਮਤਾ ਹੀ ਸਮਝਿਆ ਜਾਂਦਾ ਸੀ। ਇਸ ਗੁਰਮਤੇ ਦੀ ਕੋਈ ਉਲੰਘਣਾ ਨਹੀਂ ਕਰ ਸਕਦਾ ਸੀ।

ਜਿਉਂ ਹੀ ਸਾਰੇ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਬੈਠਦੇ ਸਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਉਸ ਸਮੇਂ ਕੋਈ ਵੀ ਜਥਾ ਜਾਂ ਵਿਅਕਤੀ ਤਕੜਾ-ਮਾੜਾ ਜਾਂ ਅਮੀਰ-ਗਰੀਬ ਜਾਂ ਵੱਡੀ ਫੌਜ ਅਤੇ ਥੋੜ੍ਹੀ ਫੌਜ ਵਾਲਾ ਜਥੇਦਾਰ ਨਹੀਂ ਹੁੰਦਾ ਸੀ। ਬਲਕਿ ਸਭ ਬਰਾਬਰ ਹੁੰਦੇ ਸਨ। ਮਤੇ ਬਾਰੇ ਮੁੱਖ ਵਿਚਾਰ ਪਹਿਲਾਂ ਸਮੂਹ ਜਥਿਆਂ ਦੇ ਨੇਤਾਵਾਂ ਵੱਲੋਂ ਅੰਤਿਮ ਰੂਪ ਵਿੱਚ ਕਰ ਲਈ ਜਾਂਦੀ ਸੀ। ਜਦੋਂ ਸਾਰੇ ਜਥੇ ਕਿਸੇ ਇਕ ਅੰਤਮ ਬਿਆਨ ਉੱਪਰ ਸਹਿਮਤ ਹੋ ਜਾਂਦੇ ਸਨ ਤਾਂ ਇਸ ਮਤੇ ਨੂੰ ਸਮੁੱਚੀ ਕੌਮ ਦੀ ਪ੍ਰਵਾਨਗੀ ਲੈਣ ਵਾਸਤੇ ਹਾਜ਼ਰ ਇਕੱਠ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਪੜ੍ਹ ਕੇ ਸੁਣਾਇਆ ਜਾਂਦਾ ਸੀ। ਫਿਰ ਹਾਜ਼ਰ ਇਕੱਠ ਤੋਂ ਪੁੱਛਿਆ ਜਾਂਦਾ ਸੀ ਕਿ ਕੀ ਇਹ ਮਤਾ ਤੁਹਾਨੂੰ ਸਭ ਨੂੰ ਮਨਜ਼ੂਰ ਹੈ? ਜੇ ਹਾਂ ਹੁੰਦੀ ਤਾਂ ਹਾਜ਼ਰ ਇਕੱਠ ਹੱਥ ਖੜੇ ਕਰਕੇ ਆਪਣੀ ਮਨਜ਼ੂਰੀ ਦੇ ਦਿੰਦਾ ਸੀ। ਫਿਰ ਜੈਕਾਰੇ ਬੁਲਾਏ ਜਾਂਦੇ ਸਨ। ਜੋ ਸਰਬੱਤ ਖਾਲਸੇ ਦੀ ਮਨਜ਼ੂਰੀ ਦੇ ਪ੍ਰਤੀਕ ਹੁੰਦੇ ਸਨ। ਜੇਕਰ ਇਕੱਠ ਵਿਚੋਂ ਕੋਈ ਵਿਰੋਧੀ ਆਵਾਜ਼ ਆਉਂਦੀ ਸੀ ਤਾਂ ਉਸ ਨੂੰ ਸੁਣਿਆ ਜਾਂਦਾ ਸੀ। ਉਸ ਨੂੰ ਵਿਚਾਰ ਕੇ ਜੇ ਕੁਝ ਤਬਦੀਲੀ ਦੀ ਗੁੰਜ਼ਾਇਸ਼ ਹੁੰਦੀ ਸੀ ਤਾਂ ਕਰ ਲਈ ਜਾਂਦੀ ਸੀ ਨਹੀਂ ਤਾਂ ਉਸ ਵਿਰੋਧੀ ਰਾਇ ਨੂੰ ਸਮਝਾ-ਬੁਝਾ ਕੇ ਸਹਿਮਤ ਕਰ ਲਿਆ ਜਾਂਦਾ ਸੀ। ਪਰ ਗੁਰਮਤੇ ਦਾ ਪਾਸ ਹੋਣਾ ਸਰਬਸੰਮਤੀ ਨਾਲ ਹੀ ਜ਼ਰੂਰੀ ਸੀ।

ਪਾਸ ਹੋਣ ਦੀ ਸੂਰਤ ਵਿੱਚ ਜਥੇਦਾਰ ਸਾਹਿਬ ਸਮੂਹ ਪੰਥਕ ਇਕੱਠ ਨੂੰ ਦੱਸਦਾ ਸੀ ਕਿ ਖਾਲਸਾ ਜੀ ਨੇ ਇਸ ਮਤੇ ਨੂੰ ਪ੍ਰਵਾਨ ਕਰ ਲਿਆ ਹੈ। ਇਸ ਲਈ ਹੁਣ ਇਹ ਗੁਰਮਤਾ ਬਣ ਗਿਆ ਹੈ। ਗੁਰਮਤੇ ਦਾ ਭਾਵ ਹੁੰਦਾ ਸੀ ਕਿ ਹੁਣ ਇਹ ਗੁਰੂ ਦਾ ਆਪਣਾ ਫੈਸਲਾ ਹੋ ਗਿਆ ਹੈ। ਫਿਰ ਇਸ ਗੁਰਮਤੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੁਮੱਚੀ ਸਿੱਖ ਕੌਮ ਦੇ ਨਾਂ ਜਾਰੀ ਕਰ ਦਿੱਤਾ ਜਾਂਦਾ ਸੀ। ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੁੰਦਾ ਸੀ। ਇਉਂ ਇਕ ਤਿਆਰ ਕੀਤਾ ਗਿਆ ਮਤਾ ਆਪਣੀਆਂ ਦੋ ਸਥਿਤੀਆਂ-ਮਤਾ ਅਤੇ ਗੁਰਮਤਾ ਵਿਚੋਂ ਦੀ ਗੁਜ਼ਰਦਾ ਹੋਇਆ ਹੁਕਮਨਾਮੇ ਦੇ ਰੂਪ ਵਿੱਚ ਲਾਗੂ ਹੋ ਜਾਂਦਾ ਸੀ।

ਸਰਬੱਤ ਖਾਲਸੇ ਦਾ ਇਹ ਗੁਰਮਤਾ ਕੌਮੀ ਪੱਧਰ ਦੇ ਕਿਸੇ ਵੀ ਮਸਲੇ ਨਾਲ ਸਬੰਧਤ ਹੋ ਸਕਦਾ ਸੀ। ਜਿਵੇਂ ਕਿ ਪੰਥ ਨੇ ਆਪਣੀ ਜਥੇਬੰਦਕ ਬਣਤਰ ਕਿਸ ਤਰ੍ਹਾਂ ਦੀ ਬਣਾ ਕੇ ਰੱਖਣੀ ਹੈ; ਪੰਥ ਨੇ ਆਪਣੇ ਸ਼ਰੀਕਾਂ ਪ੍ਰਤੀ ਕਿਹੋ-ਜਿਹੀ ਨੀਤੀ ਅਪਨਾਉਣੀ ਹੈ; ਰਾਖੀ ਪ੍ਰਬੰਧ ਹੇਠ ਖਾਲਸੇ ਨੇ ਕਿਹੋ-ਜਿਹੀ ਨੀਤੀ ਅਪਣਾਉਣੀ ਹੈ; ਰਾਜ-ਭਾਗ ਪ੍ਰਾਪਤ ਕਰਨ ਦੀ ਸੂਰਤ ਵਿੱਚ ਪੰਥਕ ਨੇਤਾਵਾਂ ਨੇ ਆਪਣੇ ਵਲੋਂ ਜਾਰੀ ਕੀਤੇ ਜਾਣ ਵਾਲੇ ਸਿੱਕਿਆਂ ਅਤੇ ਮੋਹਰਾਂ ਉਪਰ ਇਬਾਰਤ ਕਿਹੋ-ਜਿਹੀ ਰੱਖਣੀ ਹੈ; ਆਪਣੇ ਗੁਰਧਾਮਾਂ ਵਿੱਚ ਇਕਸਾਰ ਮਰਯਾਦਾ ਕਿਹੋ-ਜਿਹੀ ਰੱਖਣੀਂ ਹੈ ਆਦਿ। ਜੇਕਰ ਪੰਥਕ ਜਥਿਆਂ ਦਾ ਕੋਈ ਆਪਸੀ ਝਗੜਾ ਇਸ ਹੱਦ ਤੱਕ ਵੱਧ ਗਿਆ ਹੋਵੇ ਕਿ ਉਸ ਨਾਲ ਸਮੁੱਚੀ ਕੌਮ ਪ੍ਰਭਾਵਤ ਹੁੰਦੀ ਹੋਵੇ ਤਾਂ ਉਸ ਦਾ ਝਗੜਾ ਵੀ ਸਰਬੱਤ ਖਾਲਸੇ ਵੱਲੋਂ ਨਿਬੇੜਿਆ ਜਾਂਦਾ ਸੀ। ਉਕਤ ਤੋਂ ਇਲਾਵਾ ਕੋਈ ਵੀ ਐਸਾ ਮਸਲਾ ਜਿਹੜਾ ਸਮੁੱਚੀ ਕੌਮ ਨੂੰ ਪ੍ਰਭਾਵਤ ਕਰਦਾ ਹੋਵੇ, ਸਰਬੱਤ ਖਾਲਸੇ ਵੱਲੋਂ ਗੁਰਮਤੇ ਦੇ ਰੂਪ ਵਿੱਚ ਨਜਿੱਠਿਆ ਜਾਂਦਾ ਸੀ ਕਿਉਂਕਿ ਸਰਬੱਤ ਖਾਲਸਾ, ਖਾਲਸਾ ਪੰਥ ਦੀ ਰਾਸ਼ਟਰ ਪੱਧਰ ਦੀ ਸਭਾ ਸੀ, ਇਸ ਲਈ ਇਸ ਵਿੱਚ ਖਾਲਸੇ ਦੇ ਕੌਮੀ ਮਸਲਿਆਂ ਨੂੰ ਹੀ ਨਜਿੱਠਿਆ ਜਾਂਦਾ ਸੀ।

(ਚਲਦਾ)

# ਸੈਕਰਾਮੈਂਟੋ 'ਚ ਜੱਲ੍ਹਿਆਂਵਾਲੇ ਬਾਗ ਦੀ ਸ਼ਤਾਬਦੀ ਨੂੰ ਸਮਰਪਿਤ 'ਮੇਲਾ ਗ਼ਦਰੀ ਬਾਬਿਆਂ ਦਾ' ਸਤੰਬਰ ਦੇ ਪਹਿਲੇ ਹਫ਼ਤੇ

**ਸੈਕਰਾਮੈਂਟੋ/ਏਟੀ ਨਿਊਜ਼ :**
"ਸਮਾਂ ਆਵਸੀ ਅੱਖੀਆਂ ਵੇਖ ਲੈਸਨ,
ਭਾਰਤ ਇਨ੍ਹਾਂ ਨੂੰ ਕਰੂ ਪ੍ਰਵਾਨ ਕਿਉਂ ਨਾ।"
ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਿਆਨ ਸਿੰਘ ਬਿਲਗਾ ਸਕੱਤਰ ਅਤੇ ਸੁਰਿੰਦਰ ਸਿੰਘ ਬਿੰਦਰਾ ਪ੍ਰਧਾਨ ਨੇ ਜਾਣਕਾਰੀ ਦਿੱਤੀ ਹੈ ਕਿ ਆਰਗੇਨਾਈਜੇਸ਼ਨ ਨੇ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਉਜਾਗਰ ਕਰਨ ਅਤੇ ਉਨ੍ਹਾਂ ਦੇ ਸ਼ਾਨਾਮੱਤੇ ਇਤਿਹਾਸ ਨੂੰ ਸਾਂਭਣ ਦੇ ਉਪਰਾਲੇ ਤਹਿਤ ਅਮਰੀਕਾ ਦੀ ਧਰਤੀ 'ਤੇ ਮੇਲੇ ਮਨਾਉਣ ਦੀ ਪਿਰਤ ਪਾਈ ਹੈ।




ਇਸ ਸਾਲ ਜੱਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਨੂੰ ਸੌ ਸਾਲ ਹੋ ਗਏ ਹਨ। ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਨੇ (ਯੁਗਾਂਤਰ ਆਸ਼ਰਮ) ਗ਼ਦਰ ਮੈਮੋਰੀਅਲ ਵਿਚ ਸੈਮੀਨਾਰ ਕਰਵਾ ਕੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਸੀ। ਇਸ ਸਾਲ ਹਰ ਸਾਲ ਦੀ ਤਰ੍ਹਾਂ ਹੋਣ ਵਾਲਾ 'ਮੇਲਾ ਗਦਰੀ ਬਾਬਿਆਂ ਦਾ' ਜੋ ਸਤੰਬਰ ਦੇ ਪਹਿਲੇ ਹਫ਼ਤੇ ਸੈਕਰਾਮੈਂਟੋ ਵਿਚ ਹੋਵੇਗਾ, ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੀ ਆਜ਼ਾਦੀ ਦਾ ਇਤਿਹਾਸ ਗ਼ਦਰ ਪਾਰਟੀ ਦੇ ਸੂਰਬੀਰਾਂ ਨੇ ਆਪਣੇ ਖ਼ੂਨ ਨਾਲ ਲਿਖਿਆ ਹੋਇਆ ਹੈ ਪਰ ਆਜ਼ਾਦੀ ਆਉਣ ਤੋਂ ਬਾਅਦ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾ ਵਿਸਾਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਕੈਨੇਡਾ ਦੀ ਸਰਕਾਰ ਨੇ ਲੰਮੇ ਸਮੇਂ ਬਾਅਦ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਕੀਤੇ ਦੁਰਵਿਵਹਾਰ ਦੀ ਮਾਫੀ ਮੰਗ ਲਈ ਹੈ ਪਰ ਹਾਲੇ ਤੱਕ ਭਾਰਤ ਸਰਕਾਰ ਕਦੇ ਵੀ ਜਲ੍ਹਿਆਂਵਾਲਾ ਬਾਗ ਦੇ ਘਿਨਾਉਣੇ ਜੁਰਮ ਦੀ ਮੁਆਫ਼ੀ ਮੰਗਣ ਲਈ ਬਰਤਾਨਵੀ ਸਰਕਾਰ 'ਤੇ ਜ਼ੋਰ ਨਹੀਂ ਪਾਇਆ। ਇਸ ਕਰ ਕੇ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਮੇਲੇ ਵਿਚ ਪੂਰੇ ਜ਼ੋਰ ਸ਼ੋਰ ਨਾਲ ਬਰਤਾਨਵੀ ਸਰਕਾਰ ਤੋਂ ਮੁਆਫ਼ੀ ਮੰਗਵਾਉਣ ਲਈ ਆਵਾਜ਼ ਬੁਲੰਦ ਕੀਤੀ ਜਾਵੇਗੀ।

# ਪੰਜਾਬ ਭਵਨ ਸਰੀ ਵੱਲੋਂ ਯੰਗਿਸਤਾਨ ਕੈਲਗਰੀ ਦੇ ਸਹਿਯੋਗ ਨਾਲ 'ਕੈਨੇਡੀਅਨ ਪੰਜਾਬੀ ਬਾਲ ਕਵਿਤਾ ਉਤਸਵ' ਦਾ ਆਯੋਜਨ



**ਸਰੀ/ਰਾਜ ਗੋਗਨਾ :** ਪਿਛਲੇ ਕੁਝ ਸਮੇਂ ਤੋਂ ਕੈਨੇਡੀਅਨ ਪੰਜਾਬੀ ਮਾਪਿਆਂ ਦੀ ਇੱਕ ਚਿੰਤਾ ਸੁਣਨ, ਪੜ੍ਹਨ ਨੂੰ ਮਿਲਦੀ ਆ ਰਹੀ ਹੈ ਕਿ ਨਵੀਂ ਪੰਜਾਬੀ ਪੀੜ੍ਹੀ ਆਪਣੀ ਬੋਲੀ, ਸਾਹਿਤ ਅਤੇ ਸਭਿਆਚਾਰ ਤੋਂ ਟੁੱਟਦੀ ਜਾ ਰਹੀ ਹੈ। ਇਸੇ ਫਿਕਰ ਨੂੰ ਸਮਝਦਿਆਂ ਪੰਜਾਬ ਭਵਨ ਸਰੀ ਵੱਲੋਂ ਯੰਗਿਸਤਾਨ ਕੈਲਗਰੀ ਦੇ ਸਹਿਯੋਗ ਨਾਲ ਇੱਕ ਵਿਲੱਖਣ ਪੇਸ਼ਕਾਰੀ 'ਕੈਨੇਡੀਅਨ ਪੰਜਾਬੀ ਬਾਲ ਕਵਿਤਾ ਉਤਸਵ' ਦਾ ਆਯੋਜਨ ਕੀਤਾ ਗਿਆ। ਪ੍ਰਬੰਧਕਾਂ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਪੰਜਾਬੀ ਕਵਿਤਾ, ਗੀਤ ਜ਼ੁਬਾਨ ਉੱਤੇ ਆਉਣਗੇ ਤਾਂ ਬੱਚਿਆਂ ਦਾ ਪੰਜਾਬੀ ਪੜ੍ਹਨ ਅਤੇ ਲਿਖਣ ਨੂੰ ਵੀ ਜੀਅ ਕਰੇਗਾ। ਇਸ ਪ੍ਰੋਗਰਾਮ ਦੌਰਾਨ ਕੈਨੇਡਾ ਦੇ ਅੱਡ ਅੱਡ ਸ਼ਹਿਰਾਂ ਤੋਂ ਆਏ ਬੱਚਿਆਂ ਦੀ ਉਤਮ ਪੇਸ਼ਕਾਰੀ ਦੇਖ, ਸੁਣ ਕੇ ਹੈਰਾਨੀ ਅਤੇ ਮਾਣ ਮਹਿਸੂਸ ਹੋ ਰਿਹਾ ਸੀ। ਅੰਗਰੇਜ਼ੀ ਪੜ੍ਹਨ, ਬੋਲਣ ਵਾਲੇ ਬੱਚਿਆਂ ਦੇ ਮੂੰਹੋਂ ਝਰਨਿਆਂ ਵਾਂਗ ਫੁੱਟਦੇ ਪੰਜਾਬੀ ਕਵਿਤਾਵਾਂ ਦੇ ਸ਼ਬਦ ਵਿਸਮਾਦੀ ਮਾਹੌਲ ਸਿਰਜ ਰਹੇ ਸਨ। 2 ਤੋਂ 12 ਗਰੇਡ ਤਕ ਦੇ ਬੱਚਿਆਂ ਦੇ ਮੂੰਹੋਂ ਸ਼ਿਵ ਕੁਮਾਰ, ਸੁਰਜੀਤ ਪਾਤਰ, ਬੁੱਲੇ ਸ਼ਾਹ, ਬਾਬੂ ਰਜਬ ਅਲੀ, ਗੁਰਭਜਨ ਗਿੱਲ, ਗੁਰਮਿੰਦਰ ਸਿੱਧੂ, ਕਵਿੰਦਰ ਚਾਂਦ ਦੀਆਂ ਰਚਨਾਵਾਂ ਦੀ ਅਲੌਕਿਕ ਪੇਸ਼ਕਾਰੀ ਨੇ ਖਚਾਖਚ ਭਰੇ ਹਾਲ ਵਿੱਚ ਸਰੋਤਿਆਂ ਨੂੰ ਮੰਤਰ ਮੁਗਧ ਕਰੀ ਰੱਖਿਆ। ਪੰਜਾਬ ਭਵਨ ਸਰੀ (ਕੈਨੇਡਾ ) ਦੇ ਬਾਨੀ ਸ੍ਰੀ ਸੁੱਖੀ ਬਾਠ ਨੇ ਕਿਹਾ ਕਿ ਇਹਨਾਂ ਬੱਚਿਆਂ ਦੀ ਲਗਨ ਦੇਖ ਕੇ ਇਹ ਗੱਲ ਬੜੇ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਸਾਡੀ ਨਵੀਂ ਕੈਨੇਡੀਅਨ ਪੰਜਾਬੀ ਪੀੜ੍ਹੀ ਹੀ ਚਾਲੂ ਪ੍ਰਦੂਸ਼ਿਤ ਗਾਇਕੀ ਤੇ ਗੀਤਕਾਰੀ ਦਾ ਬਦਲ ਪੇਸ਼ ਕਰੇਗੀ। ਪੰਜਾਬ ਭਵਨ ਸਰੀ ਇਹ ਮਹਿਸੂਸ ਕਰਦਾ ਹੈ ਕਿ ਇਸ ਸ਼ੁਰੂਆਤ ਨੂੰ ਇੱਕ ਲਹਿਰ ਦੇ ਰੂਪ ਵਿਚ ਵਿਕਸਿਤ ਕੀਤਾ ਜਾਵੇ ਕਿਉਂਕਿ ਇਹੋ ਸਾਡੀਆਂ ਪੰਜਾਬੀ ਮਾਪਿਆਂ ਦੀਆਂ ਨਵੀਂ ਪੀੜ੍ਹੀ ਬਾਰੇ ਚਿੰਤਾਵਾਂ ਦਾ ਸਦੀਵੀ ਹੱਲ ਹੋ ਸਕਦਾ ਹੈ। ਸੁੱਖੀ ਬਾਠ ਨੇ ਅੱਜ ਦੇ ਆਯੋਜਨ ਨੂੰ ਇਤਿਹਾਸਕ ਦੱਸਦਿਆਂ ਇਸ ਨੂੰ ਤਪਦੇ ਮਨਾਂ ਲਈ ਠੰਡੀ ਪੌਣ ਦਾ ਇੱਕ ਬੁੱਲਾ ਦੱਸਿਆ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਹੋਰ ਵੀ ਵੱਡੇ ਪੱਧਰ 'ਤੇ ਉਲੀਕਣ ਦਾ ਵਾਅਦਾ ਕੀਤਾ।

# ਜੀਐਚਜੀ. ਅਕੈਡਮੀ ਦੇ ਗਿਆਰ੍ਹਵੇਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ 'ਤੇ ਲੱਗੀਆਂ ਰੌਣਕਾਂ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਜੀਐਚਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਗਿਆਰਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਡਾ. ਦਲਜਿੰਦਰ ਸਿੰਘ ਜੌਹਲ ਦੀ ਅਗਵਾਈ ਵਿਚ ਫਰਿਜ਼ਨੋ ਦੇ ਸੈਂਟਰਲ ਹਾਈ ਸਕੂਲ 'ਚ ਕਰਵਾਇਆ ਗਿਆ। ਇਸ ਤੋਂ ਪਹਿਲਾਂ ਅਕੈਡਮੀ ਵੱਲੋਂ ਦੋ ਹਫਤੇ ਦੇ ਕੈਂਪ ਵਿਚ 600 ਤੋਂ ਵੱਧ ਬੱਚਿਆਂ ਨੂੰ ਮੁਫਤ ਗਿੱਧੇ ਅਤੇ ਭੰਗੜੇ ਦੀ ਸਿਖਲਾਈ ਮਾਹਰ ਕੋਚਾਂ ਰਾਹੀਂ ਦਿੱਤੀ ਗਈ। ਬੱਚਿਆਂ ਨੇ ਦੋ ਹਫ਼ਤੇ ਤਕ ਘਰ ਦੀ ਚਾਰ ਦਿਵਾਰੀ 'ਚੋਂ ਬਾਹਰ ਨਿਕਲ ਕੇ ਆਪਣੇ ਵਿਰਾਸਤੀ ਗਿੱਧੇ ਅਤੇ ਭੰਗੜੇ ਨੂੰ ਸਿੱਖਿਆ, ਨਾਲ ਹੀ ਉਨ੍ਹਾਂ ਦੇ ਮਾਪਿਆਂ ਨੇ ਵੀ ਇਸ ਸੁਭ ਕਾਰਜ ਲਈ ਭਾਰੀ ਉਤਸ਼ਾਹ ਦਿਖਾਇਆ।
ਕੈਂਪ ਦੇ ਆਖਰੀ ਦਿਨ ਇਥੇ ਸਿੱਖਿਅਤ ਬੱਚਿਆਂ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਸਟੇਜ ਤੋਂ ਖ਼ੂਬਸੂਰਤ ਪ੍ਰਦਰਸ਼ਨ ਕੀਤਾ। ਇਸੇ ਦੌਰਾਨ




ਅੰਤਰ-ਰਾਸ਼ਟਰੀ ਪੱਧਰ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿਚ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਕਨੇਡਾ ਤੋਂ ਵੀ ਭੰਗੜੇ ਦੀਆਂ ਟੀਮਾਂ ਨੇ ਕਲਾ ਦੇ ਜੌਹਰ ਦਿਖਾਏ। ਤਰਨਜੀਤ ਕਲੇਰ ਦੁਆਰਾ ਤਿਆਰ 'ਮਾਂਵਾਂ ਦਾ ਗਿੱਧਾ' ਦੇ ਇਕ ਗਰੁੱਪ ਨੇ ਸ਼ਾਨਦਾਰ ਪੇਸ਼ਕਾਰੀ ਕੀਤੀ, ਜਦਕਿ ਫਰਿਜ਼ਨੋ ਦੇ ਬਾਬਿਆਂ ਵੱਲੋਂ ਨੌਜਵਾਨਾਂ ਅਤੇ ਬੱਚਿਆਂ ਨਾਲ ਰਲ ਪਾਏ 'ਮਲਵਈ ਗਿੱਧੇ' ਨੇ ਸਟੇਜ 'ਤੇ ਹਾਜ਼ਰੀਨ ਦਾ ਖ਼ੂਬ ਮਨੋਰੰਜਨ ਕੀਤਾ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਸ਼ਾਇਰਾਨਾ ਅੰਦਾਜ਼ ਵਿਚ ਬਾ-ਖ਼ੂਬੀ ਕੀਤਾ, ਜਦਕਿ ਗੁਰਦੀਪ ਸ਼ੇਰਗਿੱਲ ਅਤੇ ਜਸਪ੍ਰੀਤ ਸਿੱਧੂ ਨੇ ਬਤੌਰ ਸਹਾਇਕ ਉਨ੍ਹਾਂ ਦੀ ਸਮੇਂ-ਸਮੇਂ ਮਦਦ ਕੀਤੀ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਭ ਬੱਚਿਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

# ਨੌਰਥ ਸਿਆਟਲ 'ਚ ਤੀਆਂ ਦਾ ਮੇਲਾ ਰਿਕਾਰਡ ਤੋੜ ਭਰਿਆ

**ਸਿਆਟਲ : ਗੁਰਚਰਨ ਸਿੰਘ ਢਿੱਲੋਂ**, ਨਾਰਥ ਸਿਆਟਲ ਦੇ ਐਵਰੇਟ ਸ਼ਹਿਰ ਵਿਚ 'ਮੇਲਾ ਮੇਲਣਾਂ ਦਾ' ਪਿਛਲੇ ਸਾਲ ਤੋਂ ਵੀ 'ਤੀਆਂ ਦਾ ਮੇਲਾ' ਆਪਣੇ ਹੀ ਰੀਕਾਰਡ ਤੋੜ ਗਿਅ ਅਤੇ ਅਮਿੱਟ ਯਾਦਾਂ ਛੱਡ ਗਿਆ। ਇਸ ਸਮਾਗਮ ਵਿਚ 400 ਤੋਂ ਵੱਧ ਪੰਜਾਬੀ ਬੱਚੀਆਂ, ਅਣਖੀਲੀਆਂ ਮੁਟਿਆਰਾਂ ਅਤੇ ਬਜ਼ੁਰਗ ਮਾਤਾਾਂ ਨੇ ਬੜੇ ਉਲਾਸ ਅਤੇ ਉਮੰਗਾਂ ਭਰੇ ਮਾਹੌਲ ਵਿਚ ਗੀਤ ਸੰਗੀਤ, ਗਾਣੇ, ਗਿੱਧਾ, ਭੰਗੜਾ, ਬੋਲੀਆਂ, ਚੁਟਕਲੇ ਅਤੇ ਨਾਟਕਾਂ ਦਾ ਭਰਪੂਰ ਆਨੰਦ ਮਾਣਿਆ। ਖਚਾ-ਖਚ ਭਰੇ ਰੋਇਲ ਹਾਲ ਵਿਚ ਕੱਪੜਿਆਂ, ਗਹਿਣਿਆਂ, ਮਹਿੰਦੀ ਤੇ ਖਾਣ ਪੀਣ ਦੇ ਸਟਾਲ ਵੀ ਲੱਗੇ ਹੋਏ ਸਨ। ਇਸ ਵਿਚ ਕੈਂਟ, ਰੈਨਟਨ, ਐਬਰਨ ਤੇ ਸਿਆਟਲ ਸ਼ਹਿਰਾਂ ਦੀਆਂ ਮੇਲਣਾਂ ਨੇ ਵੀ ਸ਼ਿਰਕਤ ਕੀਤੀ।



# ਅਮਰੀਕਾ 'ਚ ਸਿੱਖਾਂ ਦੀ ਦਸਤਾਰ ਬਾਰੇ ਜਾਣਕਾਰੀ ਵਧਾਉਣ ਲਈ ਕਾਮੇਡੀ ਵੀਡੀਉ ਵਾਈਰਲ

**ਵਾਸ਼ਿੰਗਟਨ/ਰਾਜ ਗੋਗਨਾ :**
ਅਮਰੀਕਨਾਂ ਨੂੰ ਸਿੱਖਾਂ ਅਤੇ ਉਨ੍ਹਾਂ ਦੀ ਦਸਤਾਰ ਬਾਰੇ ਜਾਣਕਾਰੀ ਦੇਣ ਵਾਲੀ ਇਕ ਕਾਮੇਡੀ ਵੀਡੀਉ ਵਾਇਰਲ ਹੋ ਗਈ ਹੈ ਅਤੇ ਇਹ ਸੋਸ਼ਲ ਮੀਡੀਆ 'ਤੇ ਇਕ ਸਨਸਨੀ ਬਣ ਗਈ ਹੈ। ਅਮਰੀਕਾ 'ਚ ਅੱਜ-ਕੱਲ੍ਹ ਦੇ ਸਮਾਜਿਕ ਅਤੇ ਰਾਜਨੀਤਿਕ ਵੰਡ ਵਾਲੇ ਮਾਹੌਲ ਵਿਚ ਨੈਸ਼ਨਲ ਸਿੱਖ ਕੈਂਪੇਨ ਨੇ ਹਾਲੀਵੁੱਡ ਦੀ ਨਾਮਵਰ ਫੰਨੀ ਔਰ ਡਾਈ ਨਾਮੀ ਕੰਪਨੀ ਨਾਲ ਮਿਲ ਕੇ ਇਕ ਹਾਸਰਸ ਵੀਡੀਉ ਰਿਲੀਜ਼ ਕੀਤੀ ਹੈ ਜੋ ਕਿ ਧਿਆਨ ਦਾ ਕੇਂਦਰ ਬਣੀ ਹੋਈ ਹੈ। ਵੀਡੀਉ ਲਾਂਚ ਦੇ 4 ਹਫਤਿਆਂ ਦੇ ਅੰਦਰ ਅੱਧੇ ਲੱਖ ਦੇ ਨੇੜੇ ਦਰਸ਼ਕਾਂ, ਖ਼ਾਸ ਕਰਕੇ ਨੌਜਵਾਨਾਂ ਵੱਲੋਂ ਦੇਖੀ ਜਾ ਚੁੱਕੀ ਹੈ ਅਤੇ ਹਰ ਰੋਜ਼ ਗਿਣਤੀ ਵਧ ਰਹੀ ਹੈ। ਹਾਸੇ ਨਾਲ ਭਰਪੂਰ ਵੀਡੀਉ "ਡਾਇਵਰਸਿਟੀ ਡੇ" ਵਿੱਚ ਇੱਕ ਸਿੱਖ ਡਾਇਰੈਕਟਰ ਅਤੇ ਦੋ ਸਿੱਖ ਅਦਾਕਾਰ, ਬੱਬੂ ਅਤੇ ਸੈਂਡੀ ਗਿੱਲ ਸ਼ਾਮਲ ਹਨ। ਇੱਕ ਐਚਆਰ ਟਰੇਨਿੰਗ ਦੌਰਾਨ ਭੇਦਭਾਵ ਨੂੰ ਸੰਬੋਧਤ ਹੁੰਦੇ ਹੋਏ ਆਧੁਨਿਕ ਕਾਰਜ ਸਥਾਨ ਵਿਚ ਲੋਕਾਂ ਦੀਆਂ ਪ੍ਰੰਪਰਾਵਾਂ ਖ਼ਾਸ ਕਰਕੇ ਪੱਗ ਬਾਰੇ ਗੱਲ ਕਰਦਿਆਂ ਦਿਖਾਇਆ ਗਿਆ ਹੈ। ਇਕ ਹਾਸੇ-ਮਜ਼ਾਕ ਵਾਲੇ ਢੰਗ ਨਾਲ ਸਿੱਖਾਂ ਅਤੇ ਉਹਨਾਂ ਦੇ ਧਾਰਮਿਕ ਵਿਸ਼ਵਾਸਾਂ ਬਾਰੇ ਤੱਥ ਉਜਾਗਰ ਕਰਦੀ ਇਹ ਵੀਡੀਉ ਦਰਸ਼ਕਾਂ



ਵੱਲੋਂ ਪਸੰਦ ਕੀਤੀ ਜਾ ਰਹੀ ਹੈ। "ਨੈਸ਼ਨਲ ਸਿੱਖ ਕੈਂਪ" ਦੇ ਕਾਰਜਕਾਰੀ ਡਾਇਰੈਕਟਰ ਅੰਜਲੀਨ ਕੌਰ ਨੇ ਕਿਹਾ, ਕਿਸਿੱਖ ਦੀ ਪੱਗ ਧਾਰਮਿਕ ਅਤੇ ਲਿੰਗ ਸਮਾਨਤਾ ਦਾ ਪ੍ਰਤੀਕ ਹੈ ਅਤੇ ਸਾਰੇ ਲੋਕਾਂ ਲਈ ਬੇਇਨਸਾਫ਼ੀ ਲਈ ਖੜ੍ਹੇ ਹੋਣ ਦੀ ਘੋਸ਼ਣਾ ਹੈ। ਸਿੱਖ ਧਰਮ ਦੇ ਇਸ ਸਭ ਤੋਂ ਮਹੱਤਵਪੂਰਨ ਗੁਣ ਦੀ ਅਣਜਾਣਤਾ ਕਰਕੇ, ਸਿੱਖਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਨਕਾਰਾਤਮਕ ਅਤੇ ਕਦੇ-ਕਦਾਈਂ ਹਿੰਸਾ ਵਾਲੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ।ਉਹਨਾਂ ਨੇ ਅੱਗੇ ਕਿਹਾ, ਕਿ "ਫੰਨੀ ਔਰ ਡਾਈ ਦੀ ਸ਼ਾਨਦਾਰ ਟੀਮ ਦੇ ਨਾਲ ਮਿਲ ਕੇ ਕੰਮ ਕਰਨਾ ਸਾਡੇ ਲਈ ਜ਼ਰੂਰੀ ਸੀ, ਤਾਂ ਕਿ ਅਸੀਂ ਅਮਰੀਕਾ ਦੇ ਨੌਜਵਾਨਾਂ ਨੂੰ ਸਿੱਖਿਆ ਦੇ ਕੇ ਸਿੱਖ ਧਰਮ ਬਾਰੇ ਅਗਿਆਨਤਾ ਨੂੰ ਖ਼ਤਮ ਕਰਨ ਦੇ ਕਦਮ ਚੁੱਕ ਸਕੀਏ।"
ਐਨਐਸਸੀ ਦੇ ਸੰਸਥਾਪਕ ਡਾ. ਰਾਜਵੰਤ ਸਿੰਘ ਨੇ ਕਿਹਾ, ਕਿ "ਇਹ ਵੀਡੀਉ ਬਹੁਤ ਸਫਲ ਹੋਈ ਹੈ ਅਤੇ ਫੇਸਬੁੱਕ, ਟਵਿੱਟਰ ਅਤੇ ਯੂਟਿਊਬ 'ਤੇ 400,000 ਤੋਂ ਵੱਧ ਲੋਕਾਂ ਦੇ ਕੁਮੈਂਟ ਆਏ ਹਨ। ਵੀਡੀਉ ਨੇ ਉੱਚ ਕੋਟੀ ਦੇ ਰਾਜਨੀਤਿਕ ਅਤੇ ਸਮਾਜਿਕ ਅਦਾਰੇ ਅਤੇ ਹਸਤੀਆਂ ਕੋਲੋਂ ਸਮਰਥਨ ਹਾਸਿਲ ਕੀਤਾ ਹੈ। ਅਮਰੀਕਨ ਸਿਵਲ ਅਧਿਕਾਰ ਸਮੂਹਾਂ ਜਿਵੇਂ ਐਂਟੀ-ਡੀਨੋਮੀਨੇਸ਼ਨ ਲੀਗ, ਸੈਂਟਰ ਫਾਰ ਅਮਰੀਕਨ ਪ੍ਰੋਗ੍ਰੈਸ, ਰੌਕ ਦਿ ਵੋਟ, ਦਿ ਵੂਮੈਨ ਮਾਰਚ ਅਤੇ ਦੋਹਾਂ ਰਾਜਨੀਤਿਕ ਪਾਰਟੀ ਦੇ ਅਧਿਕਾਰੀਆਂ ਤੋਂ ਵੀ ਸਹਾਇਤਾ ਪ੍ਰਾਪਤ ਕੀਤੀ ਗਈ ਹੈ।" ਉਨ੍ਹਾਂ ਕਿਹਾ, ਕਿ "ਅਸੀਂ ਨਤੀਜਿਆਂ ਤੋਂ ਬਹੁਤ ਪ੍ਰਸੰਨ ਹਾਂ ਅਤੇ ਨੌਜਵਾਨਾਂ 'ਚ ਸੰਦੇਸ਼ ਨੂੰ ਫੈਲਾਉਣ ਅਤੇ ਸਾਡੇ ਬੱਚਿਆਂ ਅਤੇ ਨੌਜਵਾਨਾਂ ਲਈ ਇਕ ਬਿਹਤਰ ਵਾਤਾਵਰਣ ਪੈਦਾ ਕਰਨ ਵਿਚ ਮਦਦ ਕਰਨ ਲਈ ਇਹ ਕਰਨਾ ਅਤਿ ਜ਼ਰੂਰੀ ਹੈ।"
ਬ੍ਰੈੱਡ ਜੇਨਕਿੰਸ, ਪ੍ਰੋਡਕਸ਼ਨਜ਼ ਦੇ ਸੰਸਥਾਪਕ ਅਤੇ ਵ੍ਹਾਈਟ ਹਾਊਸ ਦੇ ਸਾਬਕਾ ਐਸੋਸੀਏਟ ਨਿਰਦੇਸ਼ਕ ਨੇ ਵੀ ਕਿਹਾ ਕਿ ਵੀਡੀਉ ਅਸਲ ਵਿਚ ਅਮਰੀਕਾ 'ਚ ਅਗਿਆਨਤਾ ਨੂੰ ਖ਼ਤਮ ਕਰਨ ਵਿਚ ਮਦਦ ਕਰਦੀ ਹੈ ਅਤੇ ਸਾਡੇ ਸਾਰਿਆਂ ਲਈ ਇੱਕ ਵਧੀਆ ਮਾਹੌਲ ਬਣਾਉਂਦੀ ਹੈ।ਇਸ ਕੰਪਨੀ ਨੂੰ ਵਾਲ ਮਾਰਟ, ਐਮਜ਼ਾਨ ਅਤੇ ਕਰੂਗਰ ਵਰਗੀਆਂ ਵੱਡੀਆਂ ਕੰਪਨੀਆਂ ਵੀ ਆਪਣਾ ਸੰਦੇਸ਼ ਲੋਕਾਂ ਤਕ ਪਹੁੰਚਾਉਣ ਲਈ ਵਰਤ ਰਹੀਆਂ ਹਨ। ਅਮਰੀਕਨ ਸਿੱਖਾਂ ਨੂੰ ਦਸਤਾਰ ਕਰਕੇ ਕਈ ਵਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸੇ ਲਈ ਨੈਸ਼ਨਲ ਸਿੱਖ ਕੈਂਪੇਨ ਵਲੋਂ ਕਈ ਕਦਮ ਚੁੱਕੇ ਗਏ ਹਨ। ਪਹਿਲਾਂ ਸਾਲ 2017 ਵਿਚ ਸਿੱਖ ਧਰਮ ਬਾਰੇ ਟੀਵੀ 'ਤੇ ਇਸ਼ਤਿਹਾਰ ਚਲਾਏ ਗਏ ਸਨ। ਇਸ ਸਾਲ ਗੁਰੂ ਨਾਨਕ ਸਾਹਿਬ 'ਤੇ ਵੀ ਇਕ ਫਿਲਮ ਅਮਰੀਕਾ ਦੇ 200 ਟੀਵੀ ਸ਼ਟੇਸ਼ਨਾਂ 'ਚ ਚਲਾਉਣ ਦੀ ਯੋਜਨਾ ਹੈ ਅਤੇ ਹੁਣ ਇਸ ਵੀਡੀਉ ਰਾਹੀਂ ਨੌਜਵਾਨ ਵਰਗ ਤਕ ਪਹੁੰਚਣ ਦਾ ਕਦਮ ਚੁੱਕਿਆ ਗਿਆ ਹੈ। ਇਹ ਸਾਰਾ ਕੁਝ "ਅਸੀਂ ਸਿੱਖ ਹਾਂ" ਦੀ ਮੁਹਿੰਮ ਤਹਿਤ ਕੀਤਾ ਜਾ ਰਿਹਾ ਹੈ।

## ਸਿੱਖ ਕਤਲੇਆਮ ਦੇ ਦੋਸ਼ਾਂ ਵਿੱਚ ਸਜ਼ਾ ਕੱਟ ਰਹੇ ਯਾਦਵ ਨੂੰ ਨਾ ਮਿਲੀ ਰਾਹਤ

**ਨਵੀਂ ਦਿੱਲੀ/ਏਟੀ. ਨਿਊਜ਼ :**
ਸੰਨ 1984 ਸਿੱਖ ਕਤਲੇਆਮ ਦੇ ਦੋਸ਼ਾਂ ਵਿੱਚ ਸਜ਼ਾ ਕੱਟ ਰਹੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਸਾਥੀ ਮਹਿੰਦਰ ਯਾਦਵ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ। ਸਿਖਰਲੀ ਅਦਾਲਤ ਨੇ ਯਾਦਵ ਦੀ ਜ਼ਮਾਨਤ ਅਰਜ਼ੀ ਨੂੰ ਸਿੱਖ ਕਤਲੇਆਮ ਦੇ ਇੱਕ ਹੋਰ ਕੇਸ (ਜਿਸ ਵਿਚ ਉਹ ਸ਼ਾਮਲ ਹੈ) ਨਾਲ ਜੋੜ ਦਿੱਤਾ ਹੈ। ਹਾਈ ਕੋਰਟ ਨੇ ਦਿੱਲੀ ਛਾਉਣੀ ਅੰਦਰ ਸਿੱਖਾਂ ਦੇ ਸਮੂਹਿਕ ਕਤਲੇਆਮ ਵਿਚ ਸੱਜਣ ਕੁਮਾਰ ਅਤੇ ਪੰਜ ਹੋਰ ਦੋਸ਼ੀਆਂ ਨੂੰ 18 ਦਸੰਬਰ 2018 ਨੂੰ ਸਜ਼ਾਵਾਂ ਸੁਣਾਈਆਂ ਸਨ।

ਕਹਾਣੀ

# ਨਿਰਮੋਹੇ

**ਸੁਖਵੀਰ ਘੁਮਾਣ ਦਿੜ੍ਹਬਾ**
(ਸੰਪਰਕ : 9815590209
Sukhvirghuman5@gmail.com)

ਸੱਤਰਵਿਆਂ ਨੂੰ ਢੁੱਕੀ ਤਾਈ ਪ੍ਰਸਿੰਨੀ ਹੁਣ ਤਾਂ ਬਸ ਮੰਜੇ ਜੋਗੀ ਹੀ ਰਹਿ ਗਈ ਸੀ। ਤੁਰਨ ਫਿਰਨ ਤੋਂ ਲਾਚਾਰ 'ਤੇ ਬੇਵਸ ਹੋਈ ਵਿਚਾਰੀ ਸਾਰਾ ਦਿਨ ਮੰਜੇ 'ਤੇ ਪਈ ਚੰਦ ਸੂਰਜਾਂ ਨਾਲ ਬਾਤਾਂ ਪਾਉਂਦੀ ਰਹਿੰਦੀ। ਇਕੱਲੇਪਣ ਦੇ ਸੰਤਾਪ ਦਾ ਝੋਰਾ ਹੱਡਾਂ ਦੀ ਚੀਸ ਵਿੱਚ



ਬਦਲ ਜਾਂਦਾ । ਅਜੇ ਵੀ ਪਤਾ ਨੀ ਕਿਹੜੀਆਂ ਆਸਾਂ ਦੀ ਤੰਦ ਬਾਕੀ ਬਚੀ ਹੋਈ ਸੀ, ਜੋ ਤਾਈ ਨੂੰ ਲੰਬੀ ਉਮਰ ਭੋਗਣ ਦੀਆਂ ਅਸੀਸਾਂ ਦੇ ਰਹੀ ਸੀ। ਤਾਈ ਦੇ ਦੋਵੇਂ ਮੁੰਡਿਆਂ 'ਚੋਂ ਵੱਡਾ ਤਾਂ ਕਦੋਂ ਦਾ ਪਰਦੇਸੀ ਹੋ ਗਿਆ ਸੀ ਅਤੇ ਹੁਣ ਛੋਟਾ ਮੁੰਡਾ ਵੀ ਹਰ ਰੋਜ਼ ਉੱਡਜੂ-ਉੱਡਜੂ ਕਰਦਾ ਰਹਿੰਦਾ। ਛੋਟੀ ਨੂੰਹ ਵੀ ਉਸ ਨੂੰ ਮੂੰਹ ਪਾਣੀ ਨਾ ਧਰਦੀ। ਤਾਈ ਦੇ ਘਰਵਾਲਾ ਤਾਇਆ ਗੱਜਣ ਸਿਉਂ ਤਾਂ ਦਿਨ ਚੜ੍ਹਦੇ ਹੀ ਸੱਥਾਂ ਵਿੱਚ ਜਾ ਬਹਿੰਦਾ। ਇਸ ਘਰ ਦੀਆਂ ਕੰਧਾਂ ਤਾਈ ਨੂੰ ਵੱਢ-ਵੱਢ ਖਾਣ ਨੂੰ ਆਉਂਦੀਆਂ ਪਰ ਮੰਜੇ 'ਤੇ ਪਈ ਇਹ ਹੱਡਾਂ ਦੀ ਮੁੱਠੀ ਸਾਰਾ ਦਿਨ ਸੁਪਨਿਆਂ ਦੇ ਮਹਿਲ ਬਣਾਉਂਦੀ ਰਹਿੰਦੀ ਅਤੇ ਰਾਤਾਂ ਨੂੰ ਟਿਮਟਮਾਉਂਦੇ ਤਾਰਿਆਂ ਨੂੰ ਉਲਾਂਭੇ ਜਿਹੇ ਦਿੰਦੀ ਰਹਿੰਦੀ । ਹੁਣ ਕੁਝ ਦਿਨਾਂ ਤੋਂ ਉਹ ਸਾਰਾ ਦਿਨ ਸਾਹਮਣੇ ਵਾਲੀ ਕੰਧ ਵਿਚਲੇ ਮਘੋਰੇ ਵੱਲ ਟਿਕ -ਟਿਕੀ ਜਿਹੀ ਲਾ ਕੇ ਦੇਖੀ ਜਾ ਰਹੀ ਸੀ। ਜਿੱਥੇ ਕਈ ਦਿਨਾਂ ਤੋਂ ਇੱਕ ਚਿੜੀ ਤੀਲਾ-ਤੀਲਾ ਚੁਣ ਆਪਣਾ ਆਲ੍ਹਣਾ ਬਣਾ ਰਹੀ ਸੀ। ਦਿਨ ਚੜ੍ਹਨ ਤੋਂ ਸੂਰਜ ਦੇ ਛਿਪਣ ਤਕ ਇਹ ਚਿੜੀ ਆਪਣਾ ਆਲ੍ਹਣਾ ਬਣਾਉਣ ਵਿਚ ਹੀ ਰੁੱਝੀ ਰਹਿੰਦੀ। ਤਾਈ ਦੇ ਦੇਖਦੇ-ਦੇਖਦੇ ਉਸ ਦੀਆਂ ਅੱਖਾਂ ਸਾਹਮਣੇ ਕੱਝ ਹੀ ਦਿਨਾਂ ਵਿਚ ਤੀਲਾ-ਤੀਲਾ ਜੋੜ ਕੇ ਬਣਾਇਆ ਇਹ ਆਲ੍ਹਣਾ, ਪਤਾ ਹੀ ਨਹੀਂ ਲੱਗਿਆ ਕਦੋਂ ਇਸ ਚਿੜੀ ਦਾ ਹੱਸਦਾ-ਵੱਸਦਾ ਘਰ ਬਣ ਗਿਆ। ਫਿਰ ਥੋੜੇ ਦਿਨਾਂ ਪਿੱਛੋਂ ਚਿੜੀ ਦੇ ਇਸ ਆਲ੍ਹਣੇ 'ਚ ਇੱਕ ਨਵੀਂ ਰੌਣਕ ਪਰਤ ਆਈ। ਆਲ੍ਹਣੇ ਵਿੱਚੋਂ ਚਿੜੀ ਦੇ ਬੋਟਾਂ ਦੀਆਂ ਚੀਂ-ਚੀਂ ਕਰਦੀਆਂ ਭੁੱਖੀਆਂ ਚੁੰਝਾਂ ਬਾਹਰ ਝਾਕਣ ਲੱਗੀਆਂ। ਚਿੜੀ ਸਾਰਾ ਦਿਨ ਆਪਣੇ ਬੋਟਾਂ ਲਈ ਚੋਗਾ ਲਿਆਉਦੀ ਰਹਿੰਦੀ ਅਤੇ ਉਨ੍ਹਾਂ ਦੀ ਚੁੰਝ 'ਚ ਚੁੰਝ ਫਸਾ ਕੇ ਉਨ੍ਹਾਂ ਨੂੰ ਖਵਾਉਂਦੀ ਰਹਿੰਦੀ । ਦਿਨ ਲੰਘਦਿਆਂ ਨੂੰ ਕੀ ਲੱਗਦਾ ਸੀ, ਕੁਝ ਦਿਨਾਂ ਵਿਚ ਬੋਟ ਜੁਆਨ ਹੋ ਗਏ ਅਤੇ ਹੁਣ ਤਾਂ ਇਨ੍ਹਾਂ ਦੇ ਸਰੀਰਾਂ 'ਤੇ ਖੰਭ ਵੀ ਉੱਗ ਆਏ ਸਨ, ਖੰਭ ਕੀ ਆਏ ਬਸ, ਇਹ ਨੀਲੇ ਆਸਮਾਨਾਂ 'ਚ ਉਡਾਰੀਆਂ ਮਾਰਨ ਦੇ ਸੁਪਨੇ ਦੇਖਣ ਲੱਗੇ। ਇੱਕ ਦਿਨ ਤਾਈ ਪ੍ਰਸਿੰਨੀ ਤਾਂ ਦੇਖਦੀ ਹੀ ਰਹਿ ਗਈ ਜਦੋਂ ਇਹ ਬੋਟ ਫੁ....ਰ..ਰ ਕਰਕੇ ਉਸ ਦੀਆਂ ਅੱਖਾਂ ਸਾਹਮਣੇ ਉਡਾਰੀ ਮਾਰ ਗਏ। ਤਾਈ ਪ੍ਰਸਿੰਨੀ ਹੁਣ ਸਾਰਾ ਦਿਨ ਕੰਧ ਦੇ ਉਸ ਸੁੰਨਮ-ਸੁੰਨੇ ਮਘੋਰੇ ਵੱਲ ਟਿਕ-ਟਿਕੀ ਲਗਾ ਕੇ ਵੇਖਦੀ ਰਹਿੰਦੀ, ਜਿੱਥੇ ਕਦੇ ਚਿੜੀ ਦਾ ਛੋਟਾ ਜਿਹਾ ਪਰਿਵਾਰ ਵੱਸਦਾ ਸੀ। "ਕਿਵੇਂ ਛੱਡ ਕੇ ਤੁਰ ਗਏ ਚੰਦਰੇ, ਰੀਝਾਂ ਨਾਲ ਵਸਾਇਆ ਘਰ", ਤਾਈ ਸਾਰਾ ਦਿਨ ਚਿੜੀ ਦੇ ਆਲ੍ਹਣੇ 'ਚੋਂ ਉੱਡ ਚੁੱਕੇ ਬੱਚਿਆਂ ਬਾਰੇ ਸੋਚ-ਸੋਚ ਕੇ ਕਹਿੰਦੀ ਰਹਿੰਦੀ। ਬੜਾ ਇੰਤਜ਼ਾਰ ਰਿਹਾ ਤਾਈ ਨੂੰ , ਚਿੜੀ ਦੇ ਬੋਟਾਂ ਦੇ ਉਸ ਆਲ੍ਹਣੇ ਵਿੱਚ ਮੁੜ ਪਰਤ ਆਉਣ ਦਾ ਪਰ ਤਾਈ ਦੀ ਇਹ ਆਸ ਕਦੇ ਵੀ ਪੂਰੀ ਨਾ ਹੋਈ। ਫਿਰ ਤਾਈ ਨੂੰ ਉਸ ਚਿੜੀ 'ਤੇ ਗੁੱਸਾ ਵੀ ਆਉਂਦਾ ਤੇ ਮਨ ਹੀ ਮਨ ਬੁੜ-ਬੁੜਾਉਂਦੀ ਕਹਿੰਦੀ, "ਦੱਸ ਚੰਦਰੀਏ! ਜੇ ਤੇਰੇ ਜਿਗਰ ਦੇ ਟੋਟਿਆਂ ਨੇ ਇੱਥੇ ਰਹਿਣਾ ਈ ਨਹੀਂ ਸੀ, ਤਾਂ ਸਾਰਾ-ਸਾਰਾ ਦਿਨ ਕਿਉਂ ਖਪਦੀ ਫਿਰਦੀ ਸੀ, ਤੂੰ ਤਾਂ ਜਾਣਦੀ ਸੀ, ਕਿ ਵੱਡੇ ਹੋ ਕੇ ਮੇਰੇ ਬੱਚੇ ਇਸ ਆਲ੍ਹਣੇ 'ਚ ਨਹੀਂ ਰਹਿਣਗੇ। ਦੱਸ ਫਿਰ ਕਿਹੜੀ ਗੱਲੋਂ ਸਾਰਾ ਦਿਨ ਜਫਰ ਜਾਲਦੀ ਫਿਰਦੀ ਰਹਿੰਦੀ ਸੀ"। ਇਹ ਸੋਚ ਕੇ ਤਾਈ ਪ੍ਰਸਿੰਨੀ ਨੇ ਵੱਡਾ ਸਾਰਾ ਹਉਕਾ ਲਿਆ ਤੇ ਉਸ ਨੂੰ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਅੱਖਾਂ ਵਿਚਲਾ ਨੀਰ ਤ੍ਰਿਪ-ਤ੍ਰਿਪ ਕਰਕੇ ਉਸ ਦੀਆਂ ਝੁਰੜੀਆਂ ਵਾਲੇ ਚਿਹਰੇ ਨੂੰ ਗਿੱਲਾ ਕਰ ਗਿਆ। ਬੀਤੇ ਵੇਲਿਆਂ ਦੀ ਯਾਦ ਤਾਈ ਦੇ ਕਲੇਜੇ ਖੋਹ ਜਿਹੀ ਪਾ ਜਾਂਦੀ। ਹੁਣ ਉਹ ਸਾਰਾ ਦਿਨ ਬੈਠੀ ਕਦੇ ਚਿੜੀ ਦੇ ਆਲ੍ਹਣੇ ਵੱਲ ਅਤੇ ਕਦੇ ਆਪਣੇ ਘਰ ਦੇ ਵੱਡੇ ਵਿਹੜੇ ਵੱਲ ਦੇਖ-ਦੇਖ ਕੇ ਝੂਰਦੀ ਰਹਿੰਦੀ। ਫਿਰ ਉਸ ਨੂੰ ਯਾਦ ਆਉਂਦਾ, ਕਿ ਕਿਵੇਂ ਇੱਕ ਦਿਨ ਉਸ ਦਾ ਵੱਡਾ ਮੁੰਡਾ ਉਸ ਦੀਆਂ ਅੱਖਾਂ ਸਾਹਮਣੇ ਪਰਿਵਾਰ ਸਮੇਤ ਵਿਦੇਸ਼ ਉਡਾਰੀ ਮਾਰ ਗਿਆ ਸੀ। "ਚੰਦਰੇ ਨਿਰਮੋਹੇ ਨੇ ਮੈਨੂੰ ਮੁੜ ਕੇ ਕਦੇ ਯਾਦ ਨਾ ਕੀਤਾ", ਇਹ ਸੋਚ ਕੇ ਉਸ ਦੀ ਧਾਹ ਨਿਕਲ ਜਾਂਦੀ। ਉਹ ਆਪਣੇ ਨਿਰਾਸ਼ ਹੋਏ ਮਨ ਨੂੰ ਬਥੇਰਾ ਸਮਝਾਉਂਦੀ, ਪਰ ਫਿਰ ਮੱਲੋ-ਮੱਲੀ ਉਸ ਦੇ ਖਿਆਲਾਂ ਦੀ ਤੰਦ ਚਿੜੀ ਦੇ ਉਸ ਸੁੰਞੇ ਹੋ ਚੁੱਕੇ ਆਲ੍ਹਣੇ ਨਾਲ ਜਾ ਜੁੜਦੀ ਜਿੱਥੇ ਕਦੇ ਚਿੜੀ ਦਾ ਛੋਟਾ ਜਿਹਾ ਪਰਿਵਾਰ ਵੱਸਦਾ ਸੀ। ਭਾਵੇਂ ਚਿੜੀ ਦੇ ਬੱਚੇ ਤਾਂ ਕਦੋਂ ਦੇ ਖੁੱਲ੍ਹੇ ਆਸਮਾਨਾਂ ਵਿਚ ਉਡਾਰੀ ਮਾਰ ਚੁੱਕੇ ਸਨ ਪਰ ਬੱਚਿਆਂ ਦੀ ਆਲ੍ਹਣਿਆਂ ਨਾਲੋਂ ਟੁੱਟ ਚੁੱਕੀ ਸਾਂਝ ਅਜੇ ਵੀ ਤਾਈ ਕਲੇਜੇ ਨੂੰ ਖੋਹ ਪਾ ਰਹੀ ਸੀ। ਚਿੜੀ ਦੇ ਬੱਚੇ ਆਲ੍ਹਣਿਆਂ ਤੋਂ ਨਿਰਮੋਹੇ ਹੋ ਕੇ ਪੇਟ ਦੀ ਖਾਤਰ ਲੰਮੀਆਂ ਉਡਾਰੀਆਂ ਮਾਰ ਚੁੱਕੇ ਸਨ।

## ਹੱਡ ਬੀਤੀ-ਜਗ ਬੀਤੀ

# ਅਣਜਾਣ ਰਿਸ਼ਤਾ

ਲੇਖਕ : ਜਗਜੀਤ ਸਿੰਘ ਡੱਲ
(9855985137/8646017000)



ਗੱਲ ਉਸ ਟੈਮ ਦੀ ਆ ਜਦੋਂ ਮੈਂ 9ਵੀਂ ਕਲਾਸ ਵਿਚ ਪੜ੍ਹਦਾ ਸੀ, ਆਪਣੇ ਪਿੰਡ ਤੋਂ 5 ਕਿਲੋਮੀਟਰ ਦੂਰ, ਸਵੇਰ ਤੋਂ ਘਰੋਂ ਜਾਣਾ ਪਰ ਅੱਧੀ ਛੁੱਟੀ ਵੇਲੇ ਭੁੱਖ ਲੱਗ ਜਾਣੀ, ਕਦੇ ਨਾ ਵੀ ਲੱਗਣੀ। ਅਸੀਂ ਅੱਡੇ 'ਤੇ ਬਣੇ ਸਮੋਸੇ ਖਾ ਲੈਣੇ ਪਰ ਇੱਕ ਦਿਨ ਭੁੱਖ ਵੀ ਬਹੁਤ ਲੱਗੀ ਪੈਸੇ ਵੀ ਕੋਲ ਨਾ ਸਮੋਸੇ ਖਾਣ ਨੂੰ। ਉਸ ਟੈਮ ਪੈਸੇ ਘਰੋਂ ਰੋਜ਼ ਨਹੀਂ ਮਿਲਦੇ ਸੀ, ਫਾਲਤੂ ਖਾਣ ਨੂੰ। ਬੱਸ ਦਾ ਕਿਰਾਇਆ ਨਾ ਲੱਗਣਾ ਕਦੇ ਤਾਂ ਉਹਨਾਂ ਦੇ ਸਮੋਸੇ ਖਾ ਲੈਂਦੇ ਸੀ। ਪਰ ਉਸ ਦਿਨ ਦੀ ਭੁੱਖ ਅੱਜ ਵੀ ਯਾਦ ਆ, ਸਕੂਲ ਗਰਮੀਆਂ ਦੀਆਂ ਛੁੱਟੀਆਂ ਦੇਣ ਵਾਲਾ ਸੀ ਕੱਲ੍ਹ ਹੀ। ਆਪਣੇ ਦੋਸਤ ਨੂੰ ਪੈਸੇ ਪੁੱਛੇ ਤਾਂ ਕਿਸੇ ਨੇ ਹਾਂ ਨਾ ਭਰੀ। ਸਾਰੇ ਮੁੰਡੇ-ਕੁੜੀਆਂ ਬੱਸ ਅੱਡੇ 'ਤੇ ਖੜ੍ਹੇ ਸੀ। ਫਿਰ ਨਾਲ ਹੀ ਬਣੀ ਸਮੋਸੇ ਵਾਲੇ ਬਾਬੇ ਦੀ ਦੁਕਾਨ 'ਤੇ ਗਿਆ, ਤਾਂ ਬਾਬੇ ਨੂੰ ਹੁਦਾਰ ਸਮੋਸੇ ਦੇਣ ਲਈ ਕਿਹਾ। ਬਾਬਾ ਵੀ ਨਾਂਹ ਨੁੱਕਰ ਕਰਨ ਲੱਗਾ, ਦਿਲ ਬਾਹਲਾ ਦੁਖੀ ਹੋਇਆ। ਬਾਬਾ ਵੀ ਸੱਚਾ ਸੀ, ਕੁਛ ਸਟੂਡੈਂਟ ਹੁਦਾਰ ਕਰਕੇ ਬਾਬੇ ਦੇ ਪੈਸੇ ਵਾਪਿਸ ਨਹੀਂ ਕਰਦੇ ਸੀ। ਇਹ ਸਾਰਾ ਕੁਛ ਕੁੜੀਆਂ ਵਿਚ ਖਲੋਤੀ ਅਮਨ ਦੇਖ ਰਹੀ ਸੀ, ਜੋ ਮੇਰੇ ਗੁਆਂਢ ਪਿੰਡ ਦੀ ਸੀ ਅਤੇ ਮੇਰੇ ਨਾਲ ਹੀ ਪੜ੍ਹਦੀ ਸੀ। ਕਦੇ ਬੋਲ ਚਾਲ ਨਹੀਂ ਸੀ ਹੋਇਆ ਉਸ ਨਾਲ। ਜਦੋਂ ਉਸ ਨੇ ਮੈਨੂੰ ਇਸ ਤਰਾਂ ਤਰਲੋ-ਮੱਛੀ ਹੁੰਦੇ ਨੂੰ ਦੇਖਿਆ, ਤਾਂ ਮੈਨੂੰ ਇਕ ਪਾਸੇ ਕਰਕੇ ਆਪਣੇ ਬੈਗ ਵਿਚੋਂ ਕੱਢ ਕੇ 5 ਰੁਪਏ ਦੇਣ ਲੱਗੀ। ਮੈਂ ਕਿਹਾ, "ਨਹੀਂ ਜੀ ਤੁਸੀਂ ਰਹਿਣ ਦੋ।" ਕਹਿਣ ਲੱਗੀ, "ਜਗਜੀਤ ਵੀਰ ਕੱਲ੍ਹ ਨੂੰ ਵਾਪਿਸ ਕਰ ਦਿਓ, ਤੁਹਾਨੂੰ ਭੁੱਖ ਲੱਗੀ, ਤੁਸੀਂ ਸਮੋਸੇ ਖਾ ਲੋ।" ਪਰ ਦਿਲ ਨਹੀਂ ਮੰਨਦਾ ਸੀ ਇੱਕ ਅਣਜਾਣ ਕੁੜੀ ਤੋਂ ਇਸ ਤਰ੍ਹਾਂ ਪੈਸੇ ਲੈਣੇ ਪਰ ਉਸ ਨੇ ਵੀਰਾ-ਵੀਰਾ ਕਰ ਕੇ ਪੈਸੇ ਮੇਰੀ ਜੇਬ੍ਹ ਵਿਚ ਪਾ ਦਿੱਤੇ, ਆਪ ਫਿਰ ਬੱਸ ਦੀ ਉਡੀਕ ਕਰਨ ਲੱਗੀ। ਮੈਂ ਭੁੱਖ ਨੂੰ ਸ਼ਾਂਤ ਕਰਨ ਲਈ ਸਮੋਸੇ ਖਾਧੇ ਅਤੇ ਪਿੰਡ ਨੂੰ ਜਾਣ ਵਾਲੀ ਬੱਸ ਬੈਠ ਗਿਆ। ਅਮਨ ਅੱਗੇ ਸੀ ਦੂਰ ਥੋੜ੍ਹੀ ਅਤੇ ਮੈਂ ਪਿਛਲੀ ਬਾਰੀ ਕੋਲ ਖੜ੍ਹ ਗਿਆ। ਜਦੋਂ ਬੱਸ ਕੰਡਕਟਰ ਨੇ ਅਮਨ ਤੋਂ ਟਿਕਟ ਮੰਗੀ ਤਾਂ ਉਸ ਨੇ ਕਿਹਾ ਕੱਲ੍ਹ ਨੂੰ ਮਿਲ ਜਾਊ ਵੀਰੇ ਪਰ ਬੱਸ ਵਾਲਾ ਬਹੁਤ ਕੰਜੂਸ ਸੀ। ਉਸ ਨੇ ਅਮਨ ਦੀ ਕਾਫੀ ਬੇਇੱਜ਼ਤੀ ਕੀਤੀ ਅਤੇ ਉਸ ਨੂੰ ਬੱਸ ਵਿਚੋਂ ਥੱਲੇ ਉਤਰਨ ਨੂੰ ਕਹਿ ਰਿਹਾ ਸੀ। ਜਦੋਂ ਰੌਲਾ ਮੈਂ ਸੁਣਿਆ ਤਾਂ ਸਵਾਰੀਆਂ ਦੀ ਭੀੜ ਨੂੰ ਪਿੱਛੇ ਕਰਦਾ ਹੋਇਆ ਮੈਂ ਕੰਡਕਟਰ ਦੇ ਕੋਲ ਪੁੱਜਾ ਅਤੇ ਅਮਨ ਦੀ ਅਗਵਾਹੀ ਭਰਨ ਲੱਗਾ। ਉਸ ਨੇ ਨਹੀਂ ਸੁਣੀ ਸਾਡੀ। ਰੌਲਾ-ਰੱਪਾ ਸੁਣ ਕੇ ਮੇਰੇ ਪਿੰਡ ਦੇ ਅੰਕਲ ਨੇ ਸਾਡੀ ਟਿਕਟ ਦੇ ਦਿੱਤੀ ਪਰ ਅਮਨ ਦੀ ਸਵਾਰੀਆਂ ਵਿਚ ਬੇਇੱਜ਼ਤੀ ਇਹ ਸਭ ਮੇਰੇ ਲਈ ਬੇਸ਼ਰਮੀ ਸੀ, ਉਸ ਦੇ ਕਿਰਾਏ ਦੇ ਪੈਸੇ ਮੈਂ ਵਰਤ ਲਏ, ਕਸੂਰ ਮੇਰਾ ਸੀ। ਚਲੋ ਉਹ ਆਪਣੇ ਪਿੰਡ ਉੱਤਰ ਗਈ, ਮੈਂ ਉਸ ਦੇ ਪੈਸਿਆਂ ਦਾ ਇੰਤਜ਼ਾਮ ਕਰਕੇ ਅਗਲੇ ਦਿਨ ਸਕੂਲ ਗਿਆ ਪਰ ਅਮਨ ਨਹੀਂ ਆਈ ਸਕੂਲ। ਫਿਰ ਛੁੱਟੀਆਂ ਪੈ ਗਈਆਂ ਪਰ ਉਹ ਸਕੂਲ ਸ਼ੁਰੂ ਹੋਣ ਤੋਂ ਬਾਅਦ ਵੀ ਨਹੀਂ ਆਈ। ਮੈਂ ਹਰ ਰੋਜ਼ ਉਸ ਦੇ ਦਿੱਤੇ ਪੈਸੇ ਆਪਣੇ ਨਾਲ ਲੈ ਕੇ ਜਾਣੇ ਪਰ ਉਹ ਕਦੇ ਸਕੂਲ ਨਹੀਂ ਆਈ। ਮੈਂ ਆਪਣੇ-ਆਪ ਨੂੰ ਉਸ ਦਾ ਕਸੂਰਵਾਰ ਸਮਝਦਾ ਸੀ। ਸ਼ਾਇਦ ਉਹ ਉਸ ਦਿਨ ਦੀ ਬੇਇੱਜ਼ਤੀ ਤੋਂ ਘਬਰਾ ਕੇ ਸਕੂਲ ਨਹੀਂ ਆਈ ਪਰ ਉਹੀ ਸੱਚ ਸੀ। ਕਿਸੇ ਨੇ ਉਸ ਦੇ ਪਿੰਡ ਤੋਂ ਮੈਨੂੰ ਦੱਸਿਆ ਸੀ। ਇਹ ਘਟਨਾ ਮੇਰੇ ਲਈ ਸਬਕ ਬਣ ਗਈ। ਉਸ ਦੀ ਪੜ੍ਹਾਈ ਉੱਥੇ ਹੀ ਛੁੱਟ ਗਈ, ਇੰਨੀ ਜ਼ਿੱਦੀ ਸੀ ਅਮਨ। ਕਈ ਸਾਲ ਬੀਤ ਗਏ, ਕਦੇ ਮੱਥੇ ਨਹੀਂ ਲੱਗੀ। ਫਿਰ ਇੱਕ ਦਿਨ ਮੈਂ ਆਪਣੇ ਕਿਸੇ ਦੋਸਤ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਲੈਣ ਗਿਆ ਤਾਂ ਮੈਨੂੰ ਅਮਨ ਦਾ ਭੁਲੇਖਾ ਜਿਹਾ ਪਿਆ। ਕਾਫੀ ਦੇਰ ਤੋਂ ਉਸ ਵੱਲ ਦੇਖ ਰਿਹਾ ਸੀ ਪਰ ਉਸ ਨੇ ਨਹੀਂ ਦੇਖਿਆ ਮੇਰੇ ਵੱਲੇ, ਨਾਲ ਉਸ ਦੇ ਦੋ ਬੱਚੇ ਅਤੇ ਉਸ ਦਾ ਘਰਵਾਲਾ ਸੀ। ਮੈਂ ਹਿੰਮਤ ਜਿਹੀ ਕਰਕੇ ਉਸ ਦੇ ਕੋਲ ਖੜ੍ਹ ਗਿਆ ਜਾ ਕੇ, ਹੁਣ ਤਾਂ ਕਾਫੀ ਬੇਪਛਾਣ ਹੋ ਗਈ ਸੀ। ਜਦੋਂ ਮੈਂ ਕਿਹਾ, "ਦੀਦੀ ਤੁਸੀਂ ਅਮਨ ਹੋ?" ਤਾਂ ਇੱਕ ਦਮ ਮੇਰੇ ਵੱਲੇ ਦੇਖ ਕੇ ਕਹਿਣ ਲੱਗੀ, "ਜਗਜੀਤ ਵੀਰੇ ਤੁਸੀਂ?" ਹੱਥ ਵਿਚ ਫੜਿਆ ਬੱਚਾ ਛੱਡ ਕੇ ਗਲ ਨਾਲ ਲੱਗ ਗਈ। ਇਸ ਤਰ੍ਹਾਂ ਤਾਂ ਕਦੇ ਸਕੇ ਭੈਣ-ਭਰਾ ਵੀ ਨਹੀਂ ਮਿਲੇ ਸੀ ਅਸੀਂ। ਮੈਂ ਉਸ ਦਿਨ ਲਏ ਪੈਸੇ ਉਸ ਨੂੰ ਵਾਪਿਸ ਕਰਨ ਲੱਗਾ ਤਾਂ ਕਮਲੀ ਉੱਚੀ ਉੱਚੀ ਰੋਣ ਲੱਗ ਪਈ। ਕਹਿਣ ਲੱਗੀ, "ਵੀਰੇ ਪੈਸੇ ਕੀ ਕਰਨੇ ਮੈਂ, ਤੁਸੀਂ ਮਿਲ ਗਏ ਇਹ ਹੀ ਬਹੁਤ ਆ।" ਮੈਂ ਵੀ ਆਪਣੀਆਂ ਅੱਖਾਂ ਵਿਚ ਹੰਝੂ ਭਰੇ, "ਕਿੰਨੀ ਵੱਡੀ ਕੁਰਬਾਨੀ ਆ ਤੇਰੀ ਮੇਰੇ ਲਈ, ਇਹ ਤੂੰ ਜਾਣਦੀ ਆ। ਇੱਕ 5 ਰੁਪਏ ਪਿੱਛੇ ਆਪਣੀ ਪੜ੍ਹਾਈ ਹੀ ਛੱਡ ਦਿੱਤੀ ਤੂੰ।" ਮੇਰੇ ਅੱਥਰੂ ਪੂੰਝਦੀ ਨੇ ਕਿਹਾ, "ਵੀਰੇ ਤੇਰੀ ਭੈਣ ਭੁੱਖੀ ਨਹੀਂ ਮਰ ਗਈ, ਸਗੋਂ ਵਿਦੇਸ਼ ਵਿਚ ਰਹਿ ਕੇ ਬਹੁਤ ਕੁਝ ਕਮਾ ਰਹੀ ਆ, ਬਹੁਤ ਸੁਖੀ ਆ।" ਮੇਰੇ ਹੱਥ ਉਸ ਦੇ ਅੱਜ ਵੀ 5 ਰੁਪਏ ਉਸ ਦੀ ਅਮਾਨਤ ਹਨ ਪਰ ਉਸ ਭੈਣ ਨੂੰ ਅੱਜ ਤਕ ਨਹੀਂ ਭੁੱਲ ਪਾਇਆ। ਅੱਜ ਉਹ ਇਸ ਦੁਨੀਆ ਵਿਚ ਨਹੀਂ ਹੈ, ਕਿਸੇ ਹਾਦਸੇ ਵਿਚ ਉਸ ਦੀ ਮੌਤ ਹੋ ਗਈ ਸੀ ਬਾਹਰ ਹੀ...।

# ਮਾਂ-ਬੋਲੀ ਦਾ ਮਾਣ ਸਤਿਕਾਰ ਜ਼ਰੂਰੀ

**ਸੁਖਰਾਜ ਸਿੱਧੂ, ਬਠਿੰਡਾ**
95017-32888

ਪੰਜਾਬੀ ਲੋਕ ਦਿਨੋਂ-ਦਿਨ ਆਪਣੀ ਮਾਂ-ਬੋਲੀ ਪੰਜਾਬੀ ਨੂੰ ਮਨਾਂ ਵਿਚੋਂ ਵਿਸਾਰਦੇ ਜਾ ਰਹੇ ਹਨ, ਜੋ ਇਕ ਬਹੁਤ ਵੱਡੀ ਸਮੱਸਿਆ ਬਣ ਸਕਦੀ ਹੈ। ਬਹੁਤ ਸਾਰੇ ਲੋਕ ਮੈਨੂੰ ਅਜਿਹੇ ਮਿਲਦੇ ਹਨ ਜੋ ਪੰਜਾਬੀ ਬੋਲਣ ਵਿੱਚ ਆਪਣੀ ਬੇਇੱਜ਼ਤੀ ਮਹਿਸੂਸ ਕਰਦੇ ਹਨ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਪੰਜਾਬੀ ਬੋਲੀ ਵਿਚ ਜੰਮਿਆ-ਪਲਿਆ ਹਾਂ ਤੇ ਮੈਨੂੰ ਆਪਣੀ ਮਾਤ ਭਾਸ਼ਾ ਵਿਚ ਗੱਲ ਕਰਨ 'ਤੇ ਕੋਈ ਬੇਇੱਜ਼ਤੀ ਮਹਿਸੂਸ ਨਹੀਂ ਹੁੰਦੀ, ਸਗੋਂ ਮੈਨੂੰ ਮਾਣ ਮਹਿਸੂਸ ਹੁੰਦਾ ਹੈ। ਪੰਜਾਬੀ ਬਹੁਤ ਹੀ ਪਿਆਰੀ ਬੋਲੀ ਹੈ, ਜੋ ਸਾਨੂੰ ਮਾਣ ਮਰਿਆਦਾ ਵਿੱਚ ਰਹਿਣਾ ਸਿਖਾਉਂਦੀ ਹੈ। ਸਭ ਨਾਲ ਮਿਲ ਕੇ ਰਹਿਣਾ ਤੇ ਸਭ ਦੀ ਇੱਜ਼ਤ ਕਰਨਾ, ਵੱਡਿਆਂ ਦਾ ਸਤਿਕਾਰ ਕਰਨਾ ਅਤੇ ਸਬਰ ਸੰਤੋਖ ਰੱਖਣਾ, ਇਹ ਸਾਰੇ ਪੰਜਾਬੀ ਭਾਸ਼ਾ ਦੇ ਗਹਿਣੇ ਹਨ। ਪਹਿਲਾਂ ਲੋਕ ਆਪਸ ਵਿਚ ਮਿਲ ਕਿ ਰਹਿੰਦੇ ਸਨ, ਸਭ ਦੀ ਇੱਜ਼ਤ ਕਰਦੇ ਸਨ ਪਰ ਜਿਵੇਂ-ਜਿਵੇਂ ਅਸੀਂ ਆਪਣੀ ਮਾਤ ਭਾਸ਼ਾ ਤੋਂ ਦੂਰ ਹੁੰਦੇ ਜਾ ਰਹੇ ਹਾਂ, ਉਵੇਂ-ਉਵੇਂ ਦਾ ਅਸੀਂ ਮਾਣ ਮਰਿਆਦਾ, ਪਿਆਰ ਇੱਜ਼ਤ ਸਭ ਕੁਝ ਭੁੱਲਦੇ ਜਾ ਰਹੇ ਹਾਂ। ਸਾਨੂੰ ਪੰਜਾਬੀ ਭਰਾਵਾਂ ਨੂੰ ਆਪਣੀ ਮਾਤਰ ਭਾਸ਼ਾ ਦੇ ਵਿਕਾਸ ਬਾਰੇ ਸੋਚਣਾ ਚਾਹੀਦਾ ਹੈ ਤਾਂ ਕਿ ਕਿਸੇ ਵੀ ਪੰਜਾਬੀ ਨੂੰ ਪੰਜਾਬੀ ਬੋਲਣ ਵੇਲੇ ਬੇਇੱਜ਼ਤੀ ਮਹਿਸੂਸ ਨਾ ਹੋਵੇ, ਸਗੋਂ ਉਸ ਨੂੰ ਪੰਜਾਬੀ ਵਿੱਚ ਗੱਲਬਾਤ ਕਰਨ 'ਤੇ ਮਾਣ ਮਹਿਸੂਸ ਹੋਵੇ। ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪੰਜਾਬੀ ਭਾਸ਼ਾ ਬੋਲਣ ਤੇ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਮਾਤਰ ਭਾਸ਼ਾ ਤੋਂ ਦੂਰੀ ਨਾ ਬਣਾਉਣ ਤੇ ਉਨ੍ਹਾਂ ਨੂੰ ਪੰਜਾਬੀ ਪੜ੍ਹਨ ਤੇ ਬੋਲਣ ਵਿਚ ਉਨ੍ਹਾਂ ਨੂੰ ਸ਼ਰਮ ਮਹਿਸੂਸ ਨਾ ਹੋਵੇ, ਸਗੋਂ ਉਨ੍ਹਾਂ ਨੂੰ ਪੰਜਾਬੀ ਬੋਲਣ 'ਤੇ ਮਾਣ ਮਹਿਸੂਸ ਹੋਵੇ ਤੇ ਪੰਜਾਬੀ ਭਾਸ਼ਾ ਦੀ ਹੋਂਦ ਬਣੀ ਰਹੇ। ਹਰ ਇੱਕ ਪੰਜਾਬੀ ਨੂੰ ਪੰਜਾਬੀ ਭਾਸ਼ਾ ਉਤੇ ਮਾਣ ਹੋਣਾ ਚਾਹੀਦਾ ਹੈ।



# ਵੱਡੇ ਅਪਰਾਧੀ ਬਣੇ ਭਾਰਤੀ ਸਿਆਸਤਦਾਨ

## ਲੋਕ ਸਭਾ ਚੋਣਾਂ ਵਿਚ ਵੋਟਰਾਂ ਨੇ ਸਾਫ ਅਕਸ ਵਾਲੇ ਆਗੂਆਂ ਨੂੰ ਨਕਾਰਿਆ

**ਨਵੀਂ ਦਿੱਲੀ/ਏਟੀ ਨਿਊਜ਼ :** ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮ ਦੇ ਹਵਾਲੇ ਨਾਲ ਛਪੀ ਰਿਪੋਰਟ ਮੁਤਾਬਕ 2019 ਦੀਆਂ ਲੋਕ ਸਭਾ ਚੋਣਾਂ ਵਿਚ ਲੋਕਾਂ ਨੇ ਸਾਫ ਅਕਸ ਵਾਲੇ ਉਮੀਦਵਾਰਾਂ ਨੂੰ ਨਕਾਰ ਦਿੱਤਾ, ਜਦਕਿ ਅਪਰਾਧੀ ਪਿਛੋਕੜ ਵਾਲੇ ਆਗੂਆਂ 'ਤੇ ਵਿਸ਼ਵਾਸ ਜਤਾਇਆ। ਅੰਕੜਿਆਂ ਮੁਤਾਬਕ ਫੌਜਦਾਰੀ ਕੇਸਾਂ ਵਾਲੇ 233 ਸਾਂਸਦਾਂ ਤੋਂ ਹਾਰਨ ਵਾਲੇ 115 ਉਮੀਦਵਾਰਾਂ ਵਿਰੁੱਧ ਕੋਈ ਕੇਸ ਨਹੀਂ ਸੀ। 341 (69 ਫੀਸਦੀ) 50 ਫੀਸਦੀ ਜਾਂ ਵੱਧ ਵੋਟਾਂ ਲੈ ਕੇ ਜਿੱਤੇ, ਜਦਕਿ 201 (37 ਫੀਸਦੀ) 50 ਫੀਸਦੀ ਤੋਂ ਘੱਟ ਵੋਟਾਂ ਲੈ ਕੇ ਜਿੱਤੇ। ਭਾਜਪਾ ਦੇ 303 ਜੇਤੂਆਂ ਵਿਚੋਂ 79 ਨੇ 50 ਫੀਸਦੀ ਤੋਂ ਘੱਟ ਵੋਟਾਂ ਲੈ ਕੇ ਜਿੱਤ ਦਰਜ ਕੀਤੀ, ਜਦਕਿ 224 (74 ਫੀਸਦੀ) ਸਾਂਸਦਾਂ ਨੂੰ 50 ਫੀਸਦੀ ਤੋਂ ਵੱਧ ਵੋਟਾਂ ਮਿਲੀਆਂ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ 225 ਦੁਬਾਰਾ ਚੁਣੇ ਗਏ ਸਾਂਸਦਾਂ ਵਿਚੋਂ 160 (71 ਫੀਸਦੀ) ਨੇ 50 ਫੀਸਦੀ ਤੋਂ ਵੱਧ ਵੋਟਾਂ ਲੈ ਕੇ ਜਿੱਤ ਹਾਸਲ ਕੀਤੀ। ਦੂਜੇ ਪਾਸੇ ਕਾਂਗਰਸ ਦੇ 52 ਜੇਤੂਆਂ ਵਿਚੋਂ 34 ਨੇ 50 ਫੀਸਦੀ ਤੋਂ ਘੱਟ ਤੇ 18 ਨੇ 50 ਫੀਸਦੀ ਤੋਂ ਵੱਧ ਵੋਟਾਂ ਹਾਸਲ ਕੀਤੀਆਂ। ਜਿਨ੍ਹਾਂ 233 ਜੇਤੂ ਉਮੀਦਵਾਰਾਂ ਨੇ ਆਪਣੇ ਖਿਲਾਫ ਫੌਜਦਾਰੀ ਕੇਸ ਦਰਜ ਹੋਣ ਦੀ ਜਾਣਕਾਰੀ ਦਿੱਤੀ, ਉਨ੍ਹਾਂ ਵਿਚ 115 ਨੇ ਸਾਫ ਅਕਸ ਵਾਲੇ ਵਿਰੋਧੀਆਂ ਨੂੰ ਹਰਾ ਦਿੱਤਾ।






# ਪਾਠਕਾਂ ਦਾ ਨਜ਼ਰੀਆ

# ਨਿੱਤਨੇਮੀ ਕਿਰਤੀ ਬਾਰੇ ਮੇਰਾ ਸੁਨੇਹਾ

**ਡਾ. ਗਿਆਨ ਸਿੰਘ**

ਅਪ੍ਰੈਲ-2019 ਦੇ ਪਹਿਲੇ ਹਫ਼ਤੇ ਦੀ ਗੱਲ ਹੈ, ਮੈਂ ਅਤੇ ਮੇਰੀ ਪਤਨੀ ਪਟਿਆਲੇ ਆਪਣੇ ਘਰ ਤੋਂ ਇਨਵਾਇਰਨਮੈਂਟ ਪਾਰਕ ਵਿੱਚ ਸੈਰ ਕਰਨ ਲਈ ਜਾ ਰਹੇ ਸੀ। ਅਸੀਂ ਹਾਲੇ 21 ਨੰਬਰ ਰੇਲਵੇ ਫਾਟਕ ਤੋਂ ਥੋੜ੍ਹਾ ਹੀ ਅੱਗੇ ਗਏ ਸੀ ਤਾਂ ਇੱਕ ਔਰਤ ਦੀਆਂ ਸਰੀਰਕ ਹਰਕਤਾਂ ਦੇਖਣ ਤੋਂ ਇਹ ਲੱਗਦਾ ਸੀ ਕਿ ਉਹ ਆਪਣਿਆਂ ਜਾਂ ਬਿਗਾਨਿਆਂ ਵੱਲੋਂ ਬਹੁਤ ਹੀ ਜ਼ਿਆਦਾ ਦੁਰਕਾਰੀ ਅਤੇ ਸਤਾਈ ਹੋਈ ਆਪਣਾ ਦਿਮਾਗੀ ਤਵਾਜਨ ਖੋਈ ਬੈਠੀ ਹੈ। ਸਾਡੇ ਦੋਨਾਂ ਦੇ ਦਿਮਾਗ ਵਿੱਚ ਆਇਆ ਕਿ ਇਸ ਔਰਤ ਦੀ ਸਹਾਇਤਾ ਕੀਤੀ ਜਾਵੇ, ਪਰ ਉਸ ਔਰਤ ਦੀਆਂ ਸਰੀਰਕ ਅਤੇ ਬੋਲਣ ਦੀ ਹਰਕਤਾਂ ਦੇਖਕੇ ਸਾਡੇ ਇਕੱਲਿਆਂ ਦਾ ਹੌਸਲਾ ਨਹੀਂ ਪੈ ਰਿਹਾ ਸੀ। ਸਾਨੂੰ ਇਹ ਲੱਗਦਾ ਸੀ ਕਿ ਉਸ ਨਾਲ ਗੱਲਬਾਤ ਕਰਨ ਉੱਤੇ ਵੀ ਉਹ ਭੜਕ ਸਕਦੀ ਹੈ, ਪਰ ਮਾਨਵੀ ਫਰਜ਼ ਉਸ ਦੀ ਸਹਾਇਤਾ ਕਰਨ ਤੋਂ ਪਿੱਛੇ ਵੀ ਨਹੀਂ ਹਟਣ ਦੇ ਰਹੇ ਸਨ। ਉਸ ਸਮੇਂ ਥੋੜ੍ਹੇ ਜਿਹੇ ਹੀ ਵਕਫ਼ੇ ਨਾਲ ਤਿੰਨ ਨਿੱਤਨੇਮੀ ਮਿਲੇ ਜਿਨ੍ਹਾਂ ਤੋਂ ਅਸੀਂ ਇਸ ਸੰਬੰਧ ਵਿੱਚ ਸਹਾਇਤਾ ਮੰਗੀ। ਪਹਿਲੇ ਨਿੱਤਨੇਮੀ ਦੇ ਪਹਿਨੇ ਚਿੰਨ੍ਹ ਉਸਦੇ ਆਪਣੇ ਧਰਮ ਵਿੱਚ ਪਰਪੱਕ ਹੋਣ ਦਾ ਸੁਨੇਹਾ ਦਿੰਦੇ ਸਨ। ਸਾਨੂੰ ਲੱਗਿਆ ਕਿ ਇਹ ਧਾਰਮਿਕ ਆਦਮੀ ਇਸ ਲੋੜਵੰਦ ਔਰਤ ਦੀ ਸਹਾਇਤਾ ਲਈ ਬਿਨਾ ਕਿਸੇ ਹੀਲ-ਹੁੱਜਤ ਦੇ ਸਾਡੇ ਨਾਲ ਮਦਦ ਕਰੇਗਾ। ਜਦੋਂ ਉਸ ਧਾਰਮਿਕ ਦਿਖਾਈ ਦਿੰਦੇ ਆਦਮੀ ਨੂੰ ਸਾਰੀ ਗੱਲ ਦੱਸ ਕੇ ਉਸ ਤੋਂ ਸਾਡੇ ਨਾਲ ਖੜ੍ਹਨ ਦੀ ਮਦਦ ਮੰਗੀ ਤਾਂ ਉਸ ਦੇ ਜਵਾਬ ਨੇ ਸਾਨੂੰ ਤੰਗ ਕੀਤਾ। ਉਸਨੇ ਕਿਹਾ ਕਿ ਪਿੱਛੇ ਇਸ ਔਰਤ ਦਾ ਪਤੀ ਆਉਂਦਾ ਹੈ, ਉਹ ਆਪ ਹੀ ਇਸ ਨੂੰ ਸਮਝਾ ਕੇ ਵਾਪਸ ਆਪਣੇ ਘਰ ਲੈ ਜਾਵੇਗਾ। ਜਦੋਂ ਅਸੀਂ ਉੱਥੋਂ ਦੂਰ ਤਕ ਨਿਗਾਹ ਮਾਰੀ ਤਾਂ ਉਸ ਦੇ ਔਰਤ ਦੇ ਪਤੀ ਦੇ ਆਉਣ ਦੀ ਗੱਲ ਤਾਂ ਦੂਰ ਰਹੀ, ਉੱਥੇ ਤਾਂ ਦੂਰ ਤਕ ਇੱਕ ਵੀ ਆਦਮੀ ਦਿਖਾਈ ਨਹੀਂ ਦੇ ਰਿਹਾ ਸੀ। ਜਦੋਂ ਉਸ ਧਾਰਮਿਕ ਬੰਦੇ ਨੂੰ ਇਸ ਬਾਰੇ ਦੱਸਦੇ ਹੋਏ ਉਸ ਤੋਂ ਦੁਬਾਰਾ ਮਦਦ ਮੰਗੀ ਗਈ ਤਾਂ ਉਸ ਨੇ ਸਾਫ਼ ਜਵਾਬ ਦਿੰਦੇ ਹੋਏ ਕਿਹਾ ਕਿ ਉਹ ਇਸ ਸੰਬੰਧ ਵਿਚ ਕੁਝ ਵੀ ਨਹੀਂ ਕਰ ਸਕਦਾ ਕਿਉਂਕਿ ਉਹ ਆਪਣੇ ਧਾਰਮਿਕ ਨਿੱਤਨੇਮ ਕਰਨ ਤੋਂ ਕਿਸੇ ਵੀ ਤਰ੍ਹਾਂ ਪਛੜ ਕੇ ਰੱਬ ਦੀ ਨਰਾਜ਼ਗੀ ਮੁੱਲ ਨਹੀਂ ਲੈ ਸਕਦਾ। ਇਸ ਦੇ ਨਾਲ ਹੀ ਉਹ ਉੱਥੋਂ ਤੇਜ਼ੀ ਨਾਲ ਆਪਣੀ ਮੰਜ਼ਲ ਵੱਲ ਵਧ ਗਿਆ। ਜਦੋਂ ਉਸ ਵਿਅਕਤੀ ਤੋਂ ਸਹਾਇਤਾ ਮੰਗਣ ਲਈ ਅਸੀਂ ਉਸ ਨੂੰ ਰੋਕਿਆ ਸੀ ਤਾਂ ਉਹ ਸਾਇਕਲ ਉੱਪਰ ਅਹਿਸਤਾ ਜਿਹਾ ਆ ਰਿਹਾ ਸੀ, ਪਰ ਹੁਣ ਉਹ ਆਪਣੇ ਸਾਇਕਲ ਉੱਪਰ ਬੈਠਦੇ ਸਾਰ ਹੀ ਆਪਣਾ ਸਾਰਾ ਜ਼ੋਰ ਲਾ ਕੇ ਭਜਾ ਰਿਹਾ ਸੀ।

ਉਸ ਦੇ ਉੱਥੋਂ ਭੱਜਦੇ ਸਾਰ ਹੀ ਸਾਨੂੰ ਇੱਕ ਹੋਰ ਦੰਪਤੀ ਸਕੂਟਰ ਉੱਪਰ ਆਉਂਦੀ ਦਿਖਾਈ ਦਿੱਤੀ। ਜਦੋਂ ਅਸੀਂ ਉਨ੍ਹਾਂ ਨੂੰ ਹੱਥ ਦਾ ਇਸ਼ਾਰਾ ਕਰਕੇ ਰੁਕਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਆਪਣਾ ਸਕੂਟਰ ਰੋਕਿਆ। ਅਸੀਂ ਉਨ੍ਹਾਂ ਨੂੰ ਉਸ ਔਰਤ ਬਾਰੇ ਸਾਰੀ ਗੱਲ ਦੱਸਦੇ ਸਹਾਇਤਾ ਲਈ ਬੇਨਤੀ ਕੀਤੀ। ਉਨ੍ਹਾਂ ਦੀ ਗੱਲਬਾਤ ਤੋਂ ਪਤਾ ਲੱਗਿਆ ਕਿ ਉਹ ਦੋਵੇਂ ਕਿਸੇ ਜਗ੍ਹਾ ਨੌਕਰੀ ਕਰਦੇ ਹਨ। ਉਨ੍ਹਾਂ ਦਾ ਜਵਾਬ ਸੀ ਕਿ ਉਹ ਕਿਸੇ ਵੀ ਤਰ੍ਹਾਂ ਦੀ ਮਦਦ ਨਹੀਂ ਕਰ ਸਕਦੇ ਕਿਉਂਕਿ ਉਹ ਆਪਣੀ ਨੌਕਰੀ ਦਾ ਨਿੱਤਨੇਮ ਕਰਨ ਜਾ ਰਹੇ ਹਨ। ਉਨ੍ਹਾਂ ਨੇ ਉਸ ਔਰਤ ਦੀ ਮਦਦ ਕਰਨ ਲਈ ਸਿਰਫ਼ ਜਵਾਬ ਹੀ ਨਹੀਂ ਦਿੱਤਾ ਸਗੋਂ ਜਾਂਦੇ ਜਾਂਦੇ ਸਾਨੂੰ ਵੀ ਨਸੀਹਤ ਦਿੱਤੀ ਕਿ ਉਨ੍ਹਾਂ ਨੂੰ ਅਸੀਂ ਨੌਕਰੀ ਕਰਨ ਵਾਲੇ ਲਗਦੇ ਹਾਂ ਜਿਸ ਕਰਕੇ ਸਾਨੂੰ ਵੀ ਇਸ ਸੰਬੰਧ ਵਿਚ ਆਪਣਾ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ। ਇਸ ਦੇ ਬਾਵਜੂਦ ਅਸੀਂ ਆਪਣਾ ਹੌਸਲਾ ਨਹੀਂ ਹਾਰਿਆ ਸੀ। ਉਸ ਸਮੇਂ ਸਾਨੂੰ ਇੱਕ ਬੰਦਾ ਸਾਡੇ ਵੱਲ ਆਉਂਦਾ ਦਿਖਾਈ ਦਿੱਤਾ। ਜਦੋਂ ਅਸੀਂ ਉਸਨੂੰ ਸਾਰੀ ਗੱਲ ਦੱਸਦੇ ਹੋਏ ਮਦਦ ਮੰਗੀ ਤਾਂ ਉਸਨੇ ਆਪਣੀ ਪਿੱਠ ਉੱਪਰੋਂ ਪਲਾਸਟਿਕ ਦੇ ਕੱਪੜੇ ਦੀ ਬਣਾਈ ਹੋਈ ਝੋਲੀ ਲਾਹ ਕੇ ਥੱਲੇ ਰੱਖੀ ਅਤੇ ਸਾਡੇ ਨਾਲ ਮਦਦ ਲਈ ਅੱਗੇ ਆ ਗਿਆ। ਇੰਨਾ ਕਰਨ ਨਾਲ ਹੀ ਸਾਡਾ ਹੌਸਲਾ ਵਧ ਗਿਆ। ਜਦੋਂ ਅਸੀਂ ਉਸ ਬੰਦੇ ਦੇ ਉੱਥੋਂ ਜਾਣ ਤੋਂ ਪਹਿਲਾਂ ਉਸ ਦੇ ਕੰਮਕਾਜ ਬਾਰੇ ਪੁੱਛਿਆ ਤਾਂ ਉਸ ਦੇ ਨਿੱਤਨੇਮੀ ਕਿਰਤੀ ਹੋਣ ਦਾ ਪਤਾ ਲੱਗਿਆ। ਉਸ ਬੰਦੇ ਨੇ ਦੱਸਿਆ ਕਿ ਉਹ ਸਵੇਰੇ ਪੰਜ ਕੁ ਵਜੇ ਪੁਰਾਣੀਆਂ ਲੀਰਾਂ, ਪਲਾਸਟਿਕ/ਕੱਚ ਦੀਆਂ ਬੋਤਲਾਂ ਅਤੇ ਲੋਕਾਂ ਦੁਆਰਾ ਸੜਕਾਂ ਦੇ ਆਸੇ-ਪਾਸੇ ਸਿੱਟੀਆਂ ਹੋਰ ਵਸਤਾਂ, ਜੋ ਵਿਕ ਸਕਦੀਆਂ ਹਨ, ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ ਅਤੇ ਇਹ ਕੰਮ ਨੌਂ ਕੁ ਵਜੇ ਤਕ ਕਰਦਾ ਹੈ ਅਤੇ ਉਸ ਨੂੰ ਤਕਰੀਬਨ 200 ਰੁਪਏ ਰੋਜ਼ਾਨਾ ਦੀ ਆਮਦਨ ਹੋ ਜਾਂਦੀ ਹੈ। ਉਸ ਤੋਂ ਬਾਅਦ ਉਹ ਕਿਸੇ ਦੀ ਦੁਕਾਨ ਉੱਪਰ ਨੌਕਰੀ ਕਰਦਾ ਹੈ, ਜੋ ਰਾਤ ਦੇ ਨੌਂ ਅਤੇ ਕਦੇ ਕਦੇ ਦਸ ਵਜੇ ਤਕ ਚੱਲਦੀ ਹੈ। ਦੁਕਾਨ ਦੀ ਨੌਕਰੀ ਤੋਂ ਉਸ ਨੂੰ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨੇ ਅਤੇ ਰੋਜ਼ਾਨਾ ਦੋ ਵਾਰ ਚਾਹ ਦਾ ਕੱਪ ਵੀ ਮਿਲ ਜਾਂਦਾ ਹੈ। ਇਹ ਉਸ ਵੱਡੇ ਕੱਦ ਇਨਸਾਨ ਦਾ ਨਿੱਤਨੇਮ ਹੈ।

ਅੱਜ ਦੇ ਨਿੱਜਵਾਦੀ ਅਤੇ ਪਦਾਰਥਵਾਦੀ ਸਮੇਂ ਵਿੱਚ ਉਸ ਨਿੱਤਨੇਮੀ ਕਿਰਤੀ ਦੇ ਸਬਰ-ਸੰਤੋਖ ਅਤੇ ਦੂਜਿਆਂ ਲੋੜਵੰਦਾਂ ਦੀ ਸਹਾਇਤਾ ਕਰਨ ਦੀ ਭਾਵਨਾ ਅੱਗੇ ਸਾਡਾ ਦੋਵਾਂ ਜਾਣਿਆਂ ਦਾ ਸਿਰ ਉਸਦੇ ਸਤਿਕਾਰ ਵਿੱਚ ਝੁਕ ਗਿਆ। ਸਾਡੇ ਸਮਾਜ ਵਿਚ ਵੱਖ ਵੱਖ ਤਰ੍ਹਾਂ ਦੇ ਇਨਸਾਨ ਰਹਿੰਦੇ ਹਨ, ਪਰ ਜੇਕਰ ਸਮਾਜ ਵਿਚੋਂ ਕਿਰਤੀਆਂ ਨੂੰ ਕੱਢ ਲਿਆ ਜਾਵੇ ਤਾਂ ਸਾਰੇ ਪਾਸੇ ਹਨੇਰਾ ਹੋ ਜਾਵੇਗਾ। ਇਹ ਕਿਰਤੀ ਹੀ ਹਨ, ਜਿਨ੍ਹਾਂ ਸਦਕਾ ਸਾਡੀ ਜ਼ਿੰਦਗੀ ਚੱਲਦੀ ਰਹਿੰਦੀ ਹੈ। ਸਾਡੇ ਸਮਾਜ ਵਿਚ ਕੁਝ ਅਮਰਵੇਲ-ਨੁਮਾ ਬੰਦੇ ਵੀ ਹਨ ਜੋ ਦੂਜਿਆਂ ਦਾ ਖ਼ੂਨ ਚੂਸਕੇ ਅੱਤ ਦੇ ਅਮੀਰ ਹੁੰਦੇ ਰਹਿੰਦੇ ਹਨ। ਜਿੱਥੇ ਸਰਕਾਰ ਅਤੇ ਸਮਾਜ ਦੇ ਸੋਚਣ ਦਾ ਵੇਲਾ ਹੈ ਕਿ ਨਿੱਤਨੇਮੀ ਕਿਰਤੀਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵੱਲ ਧਿਆਨ ਦੇਣ, ਉੱਥੇ ਇਨਾਂ ਨਿੱਤਨੇਮ ਕਿਰਤੀਆਂ ਨੂੰ ਵੀ ਆਪਣੇ ਹੱਕਾਂ ਲਈ ਲੋਕਤੰਤਰਿਕ ਅਤੇ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਉਹਦਾ ਕੋਈ ਨਾ ਨਹੀਂ ਹੈ, ਉਹਦਾ ਕੋਈ ਥਾਂ ਨਹੀਂ ਹੈ।
ਉਹ ਇੱਕ ਕਿਰਤੀ ਹੈ, ਉਹ ਮਹਾਨ ਇਨਸਾਨ ਹੈ।

## ਆਓ ਸੋਸ਼ਲ ਮੀਡੀਆ ’ਤੇ ਮੁਹੱਬਤ ਭਰੀਆਂ ਮਹਿਕਾਂ ਵੰਡੀਏ

**ਅੰਮ੍ਰਿਤਪਾਲ ਸਿੰਘ**
(+91 8847634854)

ਹਰ ਦਿਨ ਸੋਸ਼ਲ ਮੀਡੀਆ ‘ਤੇ ਬਹੁ-ਗਿਣਤੀ ਵਿਚ ਉਹ ਪੋਸਟਾਂ ਦੇਖਣ ਨੂੰ ਮਿਲਦੀਆਂ ਹਨ, ਜਿਨ੍ਹਾਂ ਵਿਚ ਇਕ ਧਰਮ ਦੇ ਪੈਰੋਕਾਰ ਵੱਲੋਂ ਦੂਜੇ ਧਰਮ ਨੂੰ ਬੁਰਾ ਭਲਾ ਬੋਲਿਆ ਜਾਂਦਾ ਹੈ ਤੇ ਦੂਜੇ ਧਰਮ ਦੇ ਪੈਰੋਕਾਰਾਂ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸੋਸ਼ਲ ਮੀਡੀਆ ‘ਤੇ ਧਰਮੀ ਪੋਸਟ ਯੁੱਧ ਕੀਤੇ ਜਾਂਦੇ ਹਨ, ਜਿਸ ਦੇ ਸਿੱਟੇ ਵੱਜੋਂ ਸਾਡੇ ਆਲੇ-ਦੁਆਲੇ ਬੇਹਿਸਾਬ ਨਫਰਤ ਵਧਦੀ ਹੈ। ਹਰ ਇਕ ਧਰਮ ਆਪਣੀ ਖਾਸੀਅਤ ਰੱਖਦਾ ਹੈ। ਵੇਖਣ ਵਿਚ ਮਿਲਦਾ ਹੈ ਕਿ ਜਦ ਵੀ ਇਕ ਧਿਰ ਵੱਲੋਂ ਦੂਜੀ ਧਿਰ ਦੇ ਖਿਲਾਫ ਪੋਸਟ ਪਾਈ ਜਾਂਦੀ ਹੈ ਤਾਂ ਫਿਰ ਦੂਜੀ ਧਿਰ ਵੱਲੋਂ ਵੀ ਪਹਿਲੀ ਧਿਰ ਦੇ ਖਿਲਾਫ ਹੋਰ ਮੰਦਭਾਗੀ ਪੋਸਟ ਪਾਈ ਜਾਂਦੀ ਹੈ। ਇਹ ਵਰਤਾਰਾ ਹੌਲੀ-ਹੌਲੀ ਧਰਮੀ ਪੋਸਟ ਯੁੱਧ ਵਿਚ ਤਬਦੀਲ ਹੋ ਜਾਂਦਾ ਹੈ। ਇਸ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਅਸੀਂ ਆਪੋ-ਆਪਣੇ ਸੱਚੇ ਧਰਮੀ ਲੋਕਾਂ ਲਈ ਨਫਰਤ ਦੇ ਕੰਡੇ ਬੀਜ ਦਿੰਦੇ ਹਾਂ ਜੋ ਅੱਗੇ ਕਿਸੇ ਸਮੇਂ ਵਿਚ ਘਾਤਕ ਸਾਬਤ ਹੋ ਸਕਦੇ ਹਨ। ਸਭ ਧਰਮਾਂ ਦਾ ਮਕਸਦ ਮਨੁੱਖਤਾ ਦੀ ਸੇਵਾ ਤੇ ਮਨੁੱਖਤਾ ਵਿਚ ਪਿਆਰ ਤੇ ਨੈਤਿਕਤਾ ਪੈਦਾ ਕਰਨਾ ਸੀ ਤੇ ਹੈ। ਕੁਝ ਅਖੌਤੀ ਧਰਮੀ ਅਖਵਾਉਣ ਵਾਲੇ ਲੋਕ ਇਸ ਤੋ ਉਲਟ ਮਨੁੱਖਤਾ ਵਿਚ ਨਫਰਤ ਪੈਦਾ ਕਰ ਰਹੇ ਹਨ। ਇਸ ਕਾਰਨ ਸੂਝਵਾਨ ਇਨਸਾਨ ਧਰਮਾਂ ਦੀ ਆਪਸੀ ਬਹਿਸ ਤੋਂ ਦੁਖੀ ਹੋ ਜਾਂਦੇ ਹਨ। ਚੰਗਾ ਹੋਵੇ ਜੇ ਇਨਸਾਨ ਇਕ ਇਨਸਾਨੀਅਤ ਨੂੰ ਮੁੱਖ ਰੱਖਦੇ ਹੋਏ ਚੰਗੇ ਸਮਾਜ ਸੁਧਾਰਕ ਕੰਮ ਕਰਨ। ਆਮ ਇਨਸਾਨ ਕਈ ਵਾਰ ਪੱਕੇ ਧਰਮੀ ਨਾ ਹੋ ਕੇ ਵੀ, ਕੱਟੜ ਧਰਮੀ ਲੋਕਾਂ ਨਾਲੋਂ ਵਧੇਰੇ ਚੰਗੇ ਕੰਮ ਕਰ ਜਾਂਦੇ ਹਨ। ਸਾਨੂੰ ਸੋਸ਼ਲ ਮੀਡੀਆ ‘ਤੇ ਜੇਕਰ ਖੁੱਲ੍ਹ ਕੇ ਬੋਲਣ ਦੀ ਅਜ਼ਾਦੀ ਹੈ, ਤਾਂ ਕੋਸ਼ਿਸ਼ ਕਰੀਏ ਕਿ ਪਿਆਰ, ਮੁਹੱਬਤਾਂ, ਹਮਦਰਦੀ ਨਾਲ ਭਰਪੂਰ ਅਪਣੱਤ ਭਰੀਆਂ ਪੋਸਟਾਂ ਅਪਲੋਡ ਕਰ ਮੁਹੱਬਤ ਦੀਆਂ ਮਹਿਕਾਂ ਵੰਡੀਏ। ਹਰ ਧਰਮ, ਵਰਗ, ਜਾਤ ਦਾ ਸਤਿਕਾਰ ਕਰੀਏ ਤਾਂ ਜੋ ਅਸੀ ਇਨ੍ਹਾਂ ਬੇਮਤਲਬੀ ਮੁੱਦਿਆਂ ਤੋਂ ਉਪਰ ਉੱਠ ਕੇ ਆਪਣੇ ਸਮਾਜ ਨੂੰ ਵਿਕਾਸ ਦੇ ਰਸਤੇ ‘ਤੇ ਹੋਰ ਤੇਜ਼ ਗਤੀ ਨਾਲ ਲੈ ਕੇ ਜਾ ਸਕੀਏ।

## ਸਿੱਧੂ ਦੀਆਂ ਸਿੱਧੀਆਂ ਵਿਅਰਥ ?

ਬੰਦਾ ਹੋਏ ਜਲੇਬੀ ਦੇ ਵਾਂਗ ‘ਸਿੱਧਾ’
ਓਹੀ ਸਿਆਸਤ ਦੇ ਲਈ ਦਰਕਾਰ ਹੋਵੇ।
‘ਬੌਸ’ ਕਹੇ ਜੇ ਦਿਨ ਨੂੰ ਰਾਤ ਕਹਿ ਦੇ
ਮੰਨ ਹੁਕਮ ਉਹ ਕਹਿਣ ਲਈ ਤਿਆਰ ਹੋਵੇ।
ਬੰਦ ਕਮਰੇ ਵਿਚ ਜੱਫੀਆਂ ਪਾਏ ਜਿਹਨੂੰ
ਲੋਕਾਂ ਸਾਹਮਣੇ ਕਰਦਾ ‘ਤਕਰਾਰ’ ਹੋਵੇ ।
ਸੰਹੁ ਚੁੱਕ ਕੇ ਧਰਮ ਦੀ ਕਰੇ ਵਾਅਦੇ
ਮੁੱਕਰ ਜਾਣ ਲਈ ਪੂਰਾ ਮੱਕਾਰ ਹੋਵੇ ।
ਖੇਡਣ ਜਾਣੇ ਨਾ ‘ਮੈਚ ਫਰੈਂਡਲੀ’ ਵੀ
ਸਿੱਧੂ ਵਾਂਗ ਜੋ ‘ਸਿੱਧੀਆਂ’ ਛੱਡਦਾ ਏ ।
ਰਹਿ ਜਾਂਦਾ ਏ ਆਪਣੇ ਆਪ ਜੋਗਾ
ਕਿਸੇ ਨਾਲ਼ ਨਾ ਬਹੁਤਾ ਚਿਰ ਕੱਢਦਾ ਏ !

-ਤਰਲੋਚਨ ਸਿੰਘ ‘ਦੁਪਾਲ ਪੁਰ’
001-408-915-1268

## ਸਿੱਧੂ ਨੇ ਲੋਕਾਂ ਦੀ ਸੇਵਾ ਦੀ ਬਜਾਏ ਕਾਮੇਡੀ ਤੇ ਹੀ ਧਿਆਨ ਦਿੱਤਾ : ਪਵਨ ਦੀਵਾਨ

**ਨਿਊਯਾਰਕ/ਰਾਜ ਗੋਗਨਾ :**
ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਕੈਬਨਿਟ ਤੋਂ ਅਸਤੀਫੇ ਨੂੰ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਪਵਨ ਦੀਵਾਨ ਨੇ ਸੂਬੇ ਦੇ ਹਿੱਤ ਚ ਦੱਸਦਿਆਂ ਇਸ ਦਾ ਸਵਾਗਤ ਕੀਤਾ ਹੈ। ਉਨ੍ਹਾਂ ਮੁਤਾਬਕ ਸਿੱਧੂ ਨੇ ਬਤੌਰ ਮੰਤਰੀ ਕਰੀਬ ਢਾਈ ਸਾਲਾਂ ਦੇ ਕਾਰਜਕਾਲ ਦੌਰਾਨ ਲੋਕਾਂ ਦੀ ਸੇਵਾ ਕਰਨ ਦੇ ਉਲਟ ਸਿਰਫ਼ ਕਾਮੇਡੀ ‘ਤੇ ਹੀ ਧਿਆਨ ਦਿੱਤਾ ਸੀ। ਦੀਵਾਨ ਨੇ ਇਸ ਪੱਤਰਕਾਰ ਨਾਲ ਪੰਜਾਬ ਦੇ ਲੁਧਿਆਣਾ ਤੋਂ ਫੋਨ ਉਤੇ ਗੱਲ ਕਰਦਿਆਂ ਕਿਹਾ ਕਿ ਮੰਤਰੀਆਂ ਨੂੰ ਵਿਭਾਗਾਂ ਦੀ ਜ਼ਿੰਮੇਵਾਰੀ ਸੌਂਪਣਾ ਮੁੱਖ ਮੰਤਰੀ ਦਾ ਵਿਸ਼ੇਸ਼ ਅਧਿਕਾਰ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਤੋਂ ਸਥਾਨਕ ਸਰਕਾਰਾਂ ਤੇ ਸੱਭਿਆਚਾਰ ਅਤੇ ਸੈਰਸਪਾਟਾ ਵਿਭਾਗ ਵਾਪਸ ਲੈ ਕੇ ਬਹੁਤ ਹੀ ਚੰਗਾ ਫੈਸਲਾ ਲਿਆ ਹੈ। ਪਵਨ ਦੀਵਾਨ ਨੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਅੰਦਰ ਸੈਰ ਸਪਾਟਾ ਖੇਤਰ ‘ਚ ਵਿਕਾਸ ਨੂੰ ਲੈ ਕੇ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਇਸ ਮੌਕੇ ਪਵਨ ਦੀਵਾਨ ਨਾਲ ਸਹਿਮਤੀ ਪ੍ਰਗਟਾਉਣ ਵਾਲਿਆਂ ਵਿਚ ਸਤਵਿੰਦਰ ਜਵੱਦੀ, ਪਰਮਿੰਦਰ ਸਿੰਘ ਤੱਗੜ, ਅਵਤਾਰ ਸਿੰਘ ਕੰਡਾ, ਰੋਹਿਤ ਪਾਹਵਾ, ਬਲਜੀਤ ਅਹੂਜਾ, ਇੰਦਰਜੀਤ ਕਪੂਰ, ਰਜਨੀਸ਼ ਚੋਪੜਾ, ਕਮਲ ਸ਼ਰਮਾ, ਨਰਿੰਦਰ ਸੂਰਾ, ਬਹਾਦਰ ਸਿੰਘ ਰਿਆਤ, ਡਾ ਉਂਕਾਰ ਚੰਦ ਸ਼ਰਮਾ, ਮਨੀ ਖੇਵਾ, ਆਜ਼ਾਦ ਸ਼ਰਮਾ, ਸਾਧੂ ਰਾਮ ਸਿੰਘ , ਹਰੀ ਰਾਮ, ਚਰਨਜੀਤ ਸਿੰਘ ਵੀ ਮੌਜੂਦ ਰਹੇ।



## ਤਾਏ ਦੀ ਕੜਾਹ ਖਾਣ ਦੀ ਰੀਝ ਪੂਰੀ ਨਾ ਹੋਈ

**ਜਨਮੇਜਾ ਸਿੰਘ ਜੌਹਲ**

ਤਾਏ ਦਾ ਕਈ ਦਿਨਾਂ ਤੋਂ ਕੜਾਹ ਖਾਣ ਨੂੰ ਬੜਾ ਚਿੱਤ ਕਰਦਾ ਸੀ ਪਰ ਵੱਸ ਨਹੀਂ ਸੀ ਚੱਲਦਾ। ਤਾਈ ਨੂੰ ਕਹਿਣ ਦੀ ਹਿੰਮਤ ਨਹੀਂ ਸੀ। ਡਰ ਸੀ ਕਿ ਤਾਏ ਦਾ ਕੜਾਹ ਹੀ ਨਾ ਬਣ ਜਾਵੇ। ਨਿੱਕਾ ਹੁੰਦਾ ਤਾਇਆ ਗੁਰਦੁਆਰੇ ਦੇ ਭਾਈ ਜੀ ਤੋਂ ਹਮੇਸ਼ਾ ਹੀ ਝੂਠ ਬੋਲ ਕੇ ਦੋ ਵਾਰੀ ਦੇਗ ਲੈ ਲੈਂਦਾ ਸੀ। ਭਾਵੇਂ ਭਾਈ ਜੀ ਨੂੰ ਪਤਾ ਵੀ ਹੁੰਦਾ ਸੀ, ਫੇਰ ਵੀ ਉਹ ਨਿੱਕੇ ਜਿਹੇ ਤਾਏ ਨੂੰ ਖੁਸ਼ ਰੱਖਦਾ। ਇਕ ਦਿਨ ਤਾਈ ਦੇ ਪੇਕੀਂ ਵਿਆਹ ਆ ਗਿਆ। ਤਾਈ ਨੇ ਹੁਕਮ ਚਾੜ੍ਹਤਾ ਕੇ ਉਸ ਨੇ ਪੇਕੀਂ ਕੰਮ ਕਰਾਉਣਾ ਹੈ, ਇਸ ਲਈ ਉਹ ਦੋ ਦਿਨ ਪਹਿਲੋਂ ਹੀ ਚੱਲੀ ਹੈ। ਤਾਏ ਨੂੰ ਦੋ ਦਿਨ ਬਾਅਦ ਪਹੁੰਚਣ ਦੀ ਸਖਤ ਹਦਾਇਤ ਵੀ ਦੇ ਦਿੱਤੀ। ਤਾਏ ਨੂੰ ਪਹਿਲੀ ਵਾਰੀ ਘਰ ਦਾ ਮਾਲਕ ਹੋਣ ਦਾ ਅਹਿਸਾਸ ਹੋਇਆ। ਤਾਏ ਨੇ ਮੱਘੇ ਵੀ ਕੱਢੇ ਤੇ ਅਦਿੱਖ ਤਾਈ ਨੂੰ ਦਬਕੇ ਵੀ ਮਾਰੇ। ਅਚਾਨਕ ਤਾਏ ਨੂੰ ਖਿਆਲ ਆਇਆ ਕਿ ਕਿਉਂ ਨਾ ਕੜਾਹ ਹੀ ਬਣਾ ਲਿਆ ਜਾਵੇ। ਲਓ ਜੀ ਸ਼ੁਰੂ ਹੋ ਗਈ ਕਾਰਵਾਈ, ਸੇਰ ਆਟਾ, ਚਾਰ ਛਟਾਕਾਂ ਮਿੱਠਾ, ਪਾਈਆ ਘਿਉ ਤੇ ਦੋ ਗੜਵੀਆਂ ਪਾਣੀ ਦੀਆਂ ਪਾ ਕੇ ਰਿੱਝਣਾ ਧਰ ‘ਤਾ। ਕੜਛੀ ਮਾਰ ਮਾਰ ਤਾਏ ਦੇ ਮੋਢੇ ਦੁਖਣ ਲੱਗ ਗਏ ਪਰ ਕੜਾਹ ਤਾਂ ਤਰੀ ਵਾਲਾ ਬਣੀ ਜਾਵੇ। ਤਾਏ ਨੂੰ ਪਤਾ ਨਹੀਂ ਕੀ ਸੁੱਝਿਆ, ਉਹਨੇ ਦੋ ਕੜਛੀਆਂ ਅਰਾਰੋਟ ਦੀਆਂ ਵਿਚ ਪਾ ਦਿੱਤੀਆਂ। ਮਾਲ ਗਾੜ੍ਹਾ ਹੋਣ ਲੱਗ ਪਿਆ। ਤਾਇਆ ਖੁਸ਼ੀ ਵਿਚ ਹੇਕ ਜਿਹੀ ਲਾਉਣ ਲੱਗ ਪਿਆ। ਹਾਲੇ ਇਹ ਸਿਲਸਲਾ ਚੱਲਦਾ ਹੀ ਸੀ ਕਿ ਉਸ ਨੇ ਬਾਰੀ ਵਿਚੋਂ ਸੈਕਲ ‘ਤੇ ਬਾਪੂ ਆਉਂਦਾ ਵੇਖ ਲਿਆ। ਲਓ ਜੀ ਫੌਜੀ ਕਾਰਵਾਈ ਵਾਂਗ ਤਾਏ ਨੇ ਅੱਗ ਬੁਝਾਈ, ਪੂਰੇ ਪਤੀਲੇ ਨੂੰ ਇਕ ਪਲਾਸਟਿਕ ਦੇ ਲ਼ਫਾਫੇ ਵਿਚ ਉਲੱਦ ਕੇ ਰਸੋਟੀ ਵਿਚ ਹੀ ਲੁਕੋ ਦਿੱਤਾ। ਫਟਾਫਟ ਸਫਾਈ ਜਿਹੀ ਕਰ ਦਿੱਤੀ ਤੇ ਬਾਹਰ ਵਿਹੜੇ ਵਿਚ ਬਾਪੂ ਦੇ ਅੰਦਰ ਵੜਦੇ ਨੂੰ ਨਲਕਾ ਗੇੜ ਕੇ ਨਹਾਉਣ ਲੱਗ ਪਿਆ।

*ਕਵਿਤਾ*

## ਪਾਣੀ ਦੀ ਕਹਾਣੀ

**ਕੇਵਲ ਸਿੰਘ ਧਰਮਪੁਰਾ**
(98788-01561)



ਨਿਰਮਲ-ਨਿਰਮਲ
ਕਲਵਲ -ਕਲਵਲ
ਓਹ ਪਾਣੀ ਤੇਰੀ ਕਹਾਣੀ
ਹੁਣ ਮੁੱਕ ਦੀ ਜਾਂਦੀ ਹਾਣੀ

ਧਰਤੀ ਹੇਠੋਂ ਮੁੱਕਣ ਵਾਲਾ
ਧਰਤੀ ਉਤੋਂ ਸੁੱਕਣ ਵਾਲਾ
ਫੇਰ ਜਿੰਦਗੀ ਵੀ ਮਰਜਾਣੀ
ਓਹ ਪਾਣੀ ਤੇਰੀ ਕਹਾਣੀ
ਹੁਣ ਮੁੱਕ ਦੀ ਜਾਂਦੀ ਹਾਣੀ

ਝੋਨਾ ਖਾ ਗਿਆ ਆਬ ਤੈਨੂੰ
ਲਗਦਾ ਨੀ ਸਾਂਭੂ ਪੰਜਾਬ ਤੈਨੂੰ
ਨਾ ਕਿਸੇ ਨੇ ਤੇਰੀ ਕੀਮਤ ਜਾਣੀ
ਓਹ ਪਾਣੀ ਤੇਰੀ ਕਹਾਣੀ
ਹੁਣ ਮੁੱਕ ਦੀ ਜਾਂਦੀ ਹਾਣੀ

ਲੋਭੀ ਲਾਲਚੀ ਹੋਗੇ ਬੰਦੇ
ਸਵਾਰਥ ਲੱਦੀਂ ਫਿਰਦੇ ਕੰਧੇ
ਅਜੇ ਨਾ ਮੁੱਕੀ ਸਾਡੀ ਸੋਚ ਪੁਰਾਣੀ
ਓਹ ਪਾਣੀ ਤੇਰੀ ਕਹਾਣੀ
ਹੁਣ ਮੁੱਕ ਦੀ ਜਾਂਦੀ ਹਾਣੀ

ਐਡੀ ਵੀ ਕੋਈ ਗੱਲ ਨਹੀਂ
ਕਿ ਹੈ ਵੀ ਕੋਈ ਹੱਲ ਨਹੀਂ
ਬਚਾ ਸਕਦੇ ਹਾਂ ਜੇ ਹੋਵੇ ਠਾਣੀ
ਨਿਰਮਲ-ਨਿਰਮਲ
ਕਲਵਲ -ਕਲਵਲ
ਓਹ ਪਾਣੀ ਤੇਰੀ ਕਹਾਣੀ
ਹੁਣ ਮੁੱਕ ਦੀ ਜਾਂਦੀ ਹਾਣੀ

## ਰੂਸੀ ਬਾਕਸਰ ਦੀ ਬਾਕਸਿੰਗ ਮੈਚ ਤੋਂ ਬਾਅਦ ਮੌਤ

**ਮੈਰੀਲੈਂਡ/ਰਾਜ ਗੋਗਨਾ :**
ਮੈਰੀਲੈਂਡ ਅਮਰੀਕਾ ਵਿਚ ਬਾਕਸਿੰਗ ਦੇ ਲਾਇਟ ਵੇਟ ਮੈਚ ਸਮੇਂ ਦਿਮਾਗ ‘ਚ ਸੱਟ ਲੱਗਣ ਕਾਰਨ ਰੂਸ ਦੇ ਨੌਜਵਾਨ ਮੁੱਕੇਬਾਜ਼ ਮੈਕਸਿਮ ਦਾਦਵੇਵ ਦੀ ਮੌਤ ਹੋ ਗਈ ਹੈ। ਉਹ 28 ਸਾਲ ਦਾ ਸੀ। ਰੂਸੀ ਮੁੱਕੇਬਾਜ਼ੀ ਫੈਡਰੇਸ਼ਨ ਦਾ ਕਹਿਣਾ ਹੈ ਕਿ ਬਾਕਸਿੰਗ ਮੈਚ ਦੇ ਆਖਰੀ ਬਾਉਟ ਦੇ ਨਤੀਜੇ ਸਮੇਂ ਦਾਦਵੇਵ ਦੀ ਮੌਤ ਹੋਈ। ਦਾਦਵੇਵ ਮੈਡਰਿਡ ਵਿਚ ਐੱਮਜੀਐਮ ਦੇ ਨੈਸ਼ਨਲ ਹਾਰਬਰ ਦੇ ਥੀਏਟਰ ਵਿਚ ਸੁਬਰੇਲ ਮਟਿਆਸ ਨਾਲ ਇਹ ਬਾਕਸਿੰਗ ਮੈਚ ਖੇਡਿਆ ਸੀ।ਦਾਦਵੇਵ ਨੂੰ ਮੈਚ ਤੋਂ ਥੋੜ੍ਹੀ ਦੇਰ ਬਾਅਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਜੋ ਕਿ 11 ਵੇਂ ਰਾਊਂਡ ਤੋਂ ਬਾਅਦ ਉਸ ਦੇ ਕਹਿਣ ‘ਤੇ ਹੀ ਰੋਕਿਆ ਗਿਆ ਸੀ, ਜਦੋਂ ਸੁਬਰੇਲ ਨੇ ਉਸ ਦੇ ਸਿਰ ਵਿੱਚ ਕਈ ਪੰਚ ਮਾਰੇ ਸਨ। ਇਸ ਮੈਚ ਦੀ ਕੈਮਰਿਆਂ ਦੀ ਫੁਟੇਜ਼ ਤੋਂ ਪਤਾ ਲਗਦਾ ਹੈ ਕਿ ਦਾਦਵੇਵ ਨੇ ਆਪਣਾ ਸਿਰ ਝੁਕਾਇਆ ਸੀ ਅਤੇ ਮੈਚ ਰੋਕਣ ਲਈ ਬੇਨਤੀ ਕੀਤੀ ਸੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਸਾਹਿਬ ਦਾ ਦਰਸ਼ਨ ਵਿਸਮਾਦੀ ਪੂੰਜੀ

**ਡਾ. ਰਵਿੰਦਰ ਸਿੰਘ**

ਵਿਸਮਾਦ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਵਰਤਿਆ ਗਿਆ ਅਜਿਹਾ ਵਿਸ਼ਾਲ ਅਰਥਾਂ ਵਾਲਾ ਸੰਕਲਪਮੁਖੀ ਸ਼ਬਦ ਹੈ, ਜਿਹੜਾ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈ ਕੇ ਨਿਰਵਿਰੋਧ ਵਿਚਰਨ ਦੀ ਸੂਝ ਅਤੇ ਸਮਰੱਥਾ ਨਾਲ ਭਰਪੂਰ ਜੀਵਨ-ਜਾਚ ਨੂੰ ਸਮੋਈ ਬੈਠਾ ਹੈ। ਵਿਸਮਾਦ ਦੇ ਕੋਸ਼ਗਤ ਅਰਥ ਹਨ : ਅਸਚਰਜ ਰੂਪ, ਹੈਰਾਨ, ਉਹ ਅੰਦਰਲੀ ਅਵਸਥਾ ਜਦੋਂ ਝਲਕਾਰੇ ਜਾਂ ਸਾਧਨ ਹੇਠ ਮਨ ਦੀ ਗਤੀ ਰਹਿ ਜਾਵੇ ਤੇ ਆਤਮਾ ਆਪੇ ਵਿਚ ਆਪੇ ਦਾ ਰਸ ਲੈ ਆਵੇ। ਜਦੋਂ ਸ਼ਬਦ ਵਿਸਮਾਦ ਦਾ ਵਿਸ-ਮਾਦ ਦੋ ਸ਼ਬਦਾਂ ਵਜੋਂ ਅੰਗ ਨਿਖੇੜ ਕਰਦੇ ਹਾਂ ਤਾਂ 'ਵਿਸ' ਦਾ ਅਰਥ ਹੈ ਧਸਣਾ, ਫੈਲਣਾ, ਅਰਾਮ ਕਰਨਾ, ਭੋਗਣਾ, ਮੂਰਛਿਤ ਹੋਣਾ, ਵਾਸ ਕਰਨਾ ਅਤੇ 'ਮਾਦ' ਤੋਂ ਭਾਵ ਹੈ ਅਹੰਕਾਰ, ਨਸ਼ੇ ਦੀ ਮਸਤੀ, ਖ਼ੁਮਾਰੀ, ਖ਼ੁਸ਼ੀ, ਆਨੰਦ। ਇਸ ਸ਼ਬਦ ਦੇ ਅਰਥ ਦਵੰਦਮਈ ਪ੍ਰਤੀਤ ਹੁੰਦੇ ਹਨ। ਪਹਿਲਾ ਇਹ ਵਿਕਾਸੀ ਅਰਥ ਦਿੰਦਾ ਹੈ ਅਤੇ ਦੂਜਾ ਵਿਗਾਸੀ ਹੈ। ਵਿਕਾਸ ਅਤੇ ਵਿਗਾਸ ਦੇ ਅਰਥਾਂ ਵਿੱਚ ਵੱਡਾ ਅੰਤਰ ਹੈ। ਤਕਨੀਕ ਅਤੇ ਪ੍ਰਕਿਰਤੀ ਦੀ ਨਿੱਜੀ ਹਿੱਤਾਂ ਲਈ ਵਰਤੋਂ, ਵਿਕਾਸੀ ਜੀਵਨ ਦ੍ਰਿਸ਼ਟੀ ਵੱਲ ਵਧਣਾ ਹੈ ਅਤੇ ਮਨੁੱਖ ਅਤੇ ਪ੍ਰਕਿਰਤੀ ਨਾਲ ਸਹਿਚਾਰ ਸਿਰਜ ਕੇ ਇਸ ਦੀ ਦੂਜੇ (ਪਰ,ਅਦਰ) ਅਤੇ ਸੰਸਾਰਕ ਖੇੜੇ ਲਈ ਵਰਤੋਂ ਵਿਗਾਸੀ ਜੀਵਨ ਦ੍ਰਿਸ਼ਟੀ ਵੱਲ ਵਧਣਾ ਹੈ। ਇੱਕ ਦੀ ਪਹਿਲ 'ਮੈਂ' ਹੈ ਅਤੇ ਦੂਜੇ ਦੀ ਪਹਿਲ 'ਤੂੰ' ਹੈ। ਇੱਕ ਵਰਤਮਾਨ ਨੂੰ ਲਾਹਾ ਮੰਨਦਾ ਹੈ, ਦੂਜਾ ਅਤੀਤ, ਵਰਤਮਾਨ ਅਤੇ ਭਵਿੱਖ ਨੂੰ ਸਾਹਮਣੇ ਰੱਖਦਾ ਹੈ। ਵਿਸਮਾਦ ਦਵੈਤ ਨਕਾਰਦਾ ਹੈ ਅਤੇ ਅਦਵੈਤ ਨੂੰ ਅਪਣਾਉਂਦਾ ਹੈ। ਵਿਲੱਖਣਤਾ ਨੂੰ ਸਵੀਕਾਰ ਕਰਨਾ ਹੀ ਵਿਸਮਾਦ ਪੈਦਾ ਕਰਦਾ ਹੈ। ਵਿਸਮਾਦ ਮਨੁੱਖ ਨੂੰ ਹੰਕਾਰੀ ਨਹੀਂ 'ਸੇਵਕ' ਬਣਾਉਂਦਾ ਹੈ। ਵਿਸਮਾਦੀ ਮਨੁੱਖ ਹਰੇਕ ਵਸਤ ਨੂੰ ਸੰਜਮ ਨਾਲ ਵਰਤਦਾ ਹੈ ਅਤੇ ਵੱਡੇ-ਵੱਡੇ ਸੰਕਟ ਆ ਜਾਣ 'ਤੇ ਵੀ ਸਦਾਚਾਰਕ ਅਤੇ ਇਖ਼ਲਾਕੀ ਜੀਵਨ ਕੀਮਤਾਂ ਤੋਂ ਨਹੀਂ ਡਿੱਗਦਾ।

ਵਿਸਮਾਦੀ ਪੂੰਜੀ ਤੋਂ ਭਾਵ ਅਜਿਹੀ ਪੂੰਜੀ ਤੋਂ ਹੈ ਜਿਹੜੀ ਮਾਨਵਤਾ ਦੇ ਕਲਿਆਣ, ਆਨੰਦ ਅਤੇ ਖੇੜੇ ਲਈ ਵਰਤੀ ਜਾਵੇ। ਇਸ ਪੂੰਜੀ ਦਾ ਮੰਤਵ ਸੱਤਾ ਸ਼ਕਤੀ 'ਤੇ ਕਾਬਜ਼ ਹੋਣ ਦੀ ਥਾਂ 'ਨਿਆਂ' ਅਤੇ 'ਵਿਸਮਾਦ' ਸਿਰਜਣਾ ਹੋਵੇਗਾ ਕਿਉਂਕਿ ਪੂੰਜੀਵਾਦੀ ਸਮਾਜਿਕ ਵਿਵਸਥਾ ਵਿੱਚ ਨਿਆਂ ਸੱਤਾਧਾਰੀ ਧਿਰ ਦੇ ਹੱਕ ਵਿੱਚ ਹੀ ਭੁਗਤਦਾ ਹੈ। ਵਿਸਮਾਦੀ ਪੂੰਜੀ ਸਿਰਜਣ ਲਈ ਉਦਾਰ ਕਿਰਦਾਰ ਵਾਲਾ ਨਵਾਂ ਮਨੁੱਖ ਸਿਰਜਣਾ ਪਵੇਗਾ ਜਿਸ ਦਾ ਧੁਰਾ ਗਿਆਨ ਹੋਵੇਗਾ। ਇਹ ਗਿਆਨ ਇਕ-ਧਰੁਵੀ ਨਹੀਂ ਸਗੋਂ ਇੱਕ ਵਿੱਚ ਅਨੇਕ ਨੂੰ ਮਹਿਸੂਸ ਕਰਨ ਵਾਲਾ ਹੋਵੇਗਾ। ਇਹ ਮਨੁੱਖ ਸਮਾਜਿਕ ਧਰਮਾਂ ਤੋਂ ਮੁਕਤ ਹੋਵੇ। ਉਹ ਹਿੰਦੂ, ਮੁਸਲਮਾਨ, ਸਿੱਖ ਅਤੇ ਈਸਾਈ ਨਹੀਂ ਹੋਣਾ ਚਾਹੀਦਾ ਕਿਉਂਕਿ ਵਿਸਮਾਦੀ ਮਨੁੱਖ ਅਤੇ ਸਮਾਜਿਕ ਵਿਵਸਥਾ ਉਸਾਰਨ ਲਈ ਇਹ ਸਵੀਕਾਰਨਾ ਪਵੇਗਾ ਕਿ ਅਸੀਂ ਹਾਲੇ ਤਕ ਜੀਵਨ ਦੇ ਸੱਚ ਨੂੰ ਨਹੀਂ ਜਾਣ ਸਕੇ। ਸਾਡੇ ਵਿਸ਼ਵਾਸ, ਧਾਰਨਾਵਾਂ ਅਤੇ ਦਾਅਵੇ ਸੀਮਤ ਹਨ। ਵਿਸਮਾਦੀ ਮਨੁੱਖ ਸਿਰਜਣ ਲਈ ਸਭ ਤੋਂ ਮਹੱਤਵਪੂਰਨ ਵਿਅਕਤੀ ਨੂੰ ਉੱਚੇ ਕਿਰਦਾਰ ਵਾਲਾ ਬਣਾਉਣਾ ਹੈ। ਇਹ ਮਨੁੱਖ ਤਾਂ ਹੀ ਸਿਰਜਿਆ ਜਾ ਸਕੇਗਾ ਜੇ ਗੁਰੂ ਨਾਨਕ ਦੇਵ ਜੀ ਦੁਆਰਾ ਆਸਾ ਦੀ ਵਾਰ ਵਿੱਚ ਅੰਕਿਤ ਸ਼ਬਦ ਅਨੁਸਾਰ ਵਿਲੱਖਣਤਾਵਾਂ ਦੇ ਮਹੱਤਵ ਨੂੰ




ਜਾਣ ਸਕਾਂਗੇ:

ਵਿਸਮਾਦੁ ਜੀਅ ਵਿਸਮਾਦੁ ਭੇਦ।।
ਵਿਸਮਾਦੁ ਰੂਪ ਵਿਸਮਾਦੁ ਰੰਗ।।

ਵਿਸਮਾਦੀ ਸਮਾਜਿਕ ਵਿਵਸਥਾ ਦੀ ਸਿਰਜਣਾ ਵਿਸਮਾਦੀ ਮਨੁੱਖ ਦੇ ਯਤਨਾਂ ਸਦਕਾ ਵਿਸਮਾਦੀ ਪੂੰਜੀ ਸਿਰਜ ਕੇ ਕੀਤੀ ਜਾ ਸਕਦੀ ਹੈ। ਇਹ ਵਿਵਸਥਾ ਆਨੰਦਮਈ ਅਰਥ-ਵਿਵਸਥਾ ਹੋ ਸਕਦੀ ਹੈ, ਕਿਉਂਕਿ ਇਸ ਵਿੱਚ ਵਸਤਾਂ ਨੂੰ ਅਹਿਮੀਅਤ ਨਹੀਂ ਦਿੱਤੀ ਜਾਵੇਗੀ ਸਗੋਂ ਮਾਨਵੀ ਅਤੇ ਪ੍ਰਕਿਰਤਕ ਪਸਾਰੇ ਦਾ ਮਹੱਤਵ ਹੋਵੇਗਾ। ਇਸ ਵਿਚ ਮਨੁੱਖੀ ਕਲਿਆਣ ਅੱਵਲ ਹੋਵੇਗਾ ਅਤੇ ਲਾਭ ਦੋਇਮ ਹੋਵੇਗਾ। ਅਜਿਹੀਆਂ ਸੰਸਥਾਵਾਂ ਸਿਰਜੀਆਂ ਜਾਣਗੀਆਂ ਜਿਹੜੀਆਂ ਜੀਵਨ ਦੇ ਸੱਚ ਨੂੰ ਸਮਝਦੀਆਂ ਹੋਣ, ਮਾਨਵ ਨੂੰ ਉਸ ਦੇ ਧਰਤੀ ਉਪਰ ਜੀਵਨ ਦੇ ਅਰਥ ਸਮਝਾ ਸਕਣ, ਪ੍ਰਕਿਰਤੀ ਅਤੇ ਮਨੁੱਖ ਦੇ ਰਿਸ਼ਤੇ ਨੂੰ ਦਵੰਦਮਈ ਬਣਾਉਣ ਦੀ ਥਾਂ ਸਹਿਚਾਰੀ ਬਣਾ ਸਕਣ, ਸੰਗੀਤ ਅਤੇ ਸ਼ਾਇਰੀ ਦਾ ਮਾਨਵੀ ਜੀਵਨ ਵਿੱਚ ਮਹੱਤਵ ਦੱਸ ਸਕਣ, ਵਿਕਾਰਾਂ ਦੀ ਸਿਰਫ਼ ਵਿਨਾਸ਼ੀ ਪ੍ਰਕਿਰਤੀ ਨੂੰ ਦੱਸਣ ਦੀ ਥਾਂ ਇਸ ਦੀ ਸਿਰਜਣਾਤਮਕ ਮਹੱਤਤਾ ਦਾ ਪਸਾਰ ਕਰ ਸਕਣ ਤਾਂ ਜੋ ਲਾਲਸਾ ਰਹਿਤ ਅਤੇ ਜੀਵਨ ਨੂੰ ਆਨੰਦਮਈ ਬਣਾਉਣ ਵਾਲਾ ਸਮਾਜ ਸਿਰਜਿਆ ਜਾ ਸਕੇ।

ਪੂੰਜੀ ਅਤੇ ਨਿੱਜਤਵ ਦੇ ਇਰਦ-ਗਿਰਦ ਘੁੰਮਦੇ ਸਮਾਜਿਕ ਪਸਾਰੇ ਵਿੱਚ ਅਜਿਹਾ ਵਾਪਰਨਾ ਮੁਸ਼ਕਿਲ ਹੈ, ਅਸਲੀਅਤ ਵਿੱਚ ਇਹ ਸੁਫ਼ਨੇ ਵਾਂਗ ਹੀ ਜਾਪਦਾ ਹੈ ਕਿਉਂਕਿ ਅਜੋਕਾ ਮਨੁੱਖ ਰੱਬੀ, ਪ੍ਰਕਿਰਤਕ ਅਤੇ ਸਵਰਗ-ਨਰਕ ਦੇ ਡਰ ਤੋਂ ਮੁਕਤ ਹੋ ਗਿਆ ਹੈ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਉਸ ਨੂੰ ਰਿਸ਼ਤਿਆਂ ਅਤੇ ਹੋਰ ਮਨੁੱਖਾਂ ਦੀ ਕੋਈ ਜ਼ਰੂਰਤ ਨਹੀਂ ਹੈ। ਇਹ ਗੱਲ ਨਿਰਾਸ਼ ਹੋਣ ਵਾਲੀ ਵੀ ਨਹੀਂ ਸਗੋਂ ਮਹੱਤਵ ਵਾਲੀ ਹੈ ਕਿਉਂਕਿ ਅਜੋਕਾ ਮਨੁੱਖ ਪਿਛਲੇ ਮਨੁੱਖ ਨਾਲੋਂ ਵਧੇਰੇ ਚੇਤੰਨ ਹੈ, ਉਹ ਗਿਆਨ ਨਾਲ ਜੁੜਿਆ ਹੋਇਆ ਹੈ ਪਰ ਇਹ ਸਾਰਥਕ ਹੋਣ ਦੀ ਥਾਂ ਨਿਰਾਰਥਕ ਹੈ। ਉਹ ਸਿਰਫ਼ ਪੂੰਜੀਵਾਦੀ ਜੀਵਨ ਕੀਮਤਾਂ ਦੇ ਚੱਕਰਵਿਊ ਵਿਚ ਫਸਿਆ ਲਾਲਸਾਮਈ ਜੀਵਨ ਜਿਉਣ ਲਈ ਮਜਬੂਰ ਹੈ, ਜਿਸ ਤੋਂ ਉਹ ਦੁਖੀ ਅਤੇ ਪ੍ਰੇਸ਼ਾਨ ਹੈ, ਅਜਿਹੀ ਅਵਸਥਾ ਵਿਚ ਉਸ ਨੂੰ ਜੀਵਨ ਜਿਉਣ ਲਈ ਕੋਈ ਵਿਸ਼ਵਾਸਪਾਤਰ ਅਤੇ ਜੀਵਨ ਨੂੰ ਆਨੰਦਮਈ ਬਣਾਉਣ ਵਾਲੀ ਦ੍ਰਿਸ਼ਟੀ ਮਿਲੇਗੀ ਤਾਂ ਉਹ ਉਸ ਨੂੰ ਅਪਣਾਵੇਗਾ। ਲੋੜ ਸਿਰਫ਼ ਇਮਾਨਦਾਰ ਕੋਸ਼ਿਸ਼ਾਂ ਨਾਲ ਵਿਸਮਾਦੀ ਸਮਾਜਿਕ ਵਿਵਸਥਾ ਸਿਰਜਣ ਲਈ ਜੁਟ ਜਾਣ ਦੀ ਹੈ। ਬਿਨਾ ਸ਼ੱਕ ਇਸ ਦੀਆਂ ਅਸੀਮ ਸੀਮਤਾਈਆਂ ਹੋ ਸਕਦੀਆਂ ਹਨ ਪਰ ਇਸ ਸਥਿਤੀ ਵਿਚ ਇਹ ਸੰਕਲਪ ਸੰਭਾਵਨਾਵਾਂ ਭਰਪੂਰ ਹੈ।

# ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਫਿਲਾਸਫੀ

**ਬੰਸੀ ਸਿੰਘ**

ਗੁਰੂ ਨਾਨਕ ਦੇਵ ਦੀ ਅਗੰਮੀ ਬਾਣੀ ਦਾ ਇਕ ਇਕ ਅੱਖਰ ਰਤਨ ਹੈ, ਜੋ ਉਨ੍ਹਾਂ ਨੇ ਇਸ ਰੱਬੀ ਤੋਹਫੇ ਦੀ ਬਖਸ਼ੀਸ਼ ਸਾਡੇ 'ਤੇ ਕੀਤੀ ਹੈ।

ਉਨ੍ਹਾਂ ਦੇ ਜੀਵਨ ਦੀ ਫਿਲਾਸਫੀ ਦੱਸਦੀ ਹੈ ਕਿ ਰੱਬ ਹਰ ਜੀਵ ਦੇ ਅੰਦਰ ਵਸਦਾ ਹੈ ਤੇ ਰੱਬ ਨੂੰ ਢੂੰਡਣ ਬਾਹਰ ਫਿਰਨ ਦੀ ਲੋੜ ਨਹੀਂ:-

-ਕਾਹੇ ਰੇ ਬਨ ਖੋਜਣ ਜਾਇ।।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।।

ਗੁਰੂ ਜੀ ਦੀ ਰੂਹਾਨੀ ਫਿਲਾਸਫੀ ਇਹ ਹੈ ਕਿ ਮਨੁੱਖ ਨੂੰ ਜੱਗ ਵਿੱਚ ਕਮਲ ਫੁੱਲ ਦੀ ਤਰ੍ਹਾਂ ਰਹਿਣਾ ਚਾਹੀਦਾ ਹੈ- ਜੜ੍ਹਾਂ ਭਾਵੇਂ ਪਾਣੀ ਵਿੱਚ ਹੋਣ ਪਰ ਫੁੱਲ ਪਾਣੀ ਤੋਂ ਉਪਰ ਰਹਿੰਦਾ ਹੈ। ਜਿਸ ਤਰ੍ਹਾਂ ਬੱਤਖ ਪਾਣੀ ਵਿੱਚ ਫਿਰਦੀ ਹੈ ਪਰ ਜਦ ਉੱਡਦੀ ਹੈ ਤਾਂ ਸੁੱਕੇ ਪਰਾਂ ਨਾਲ ਉੱਡ ਜਾਂਦੀ ਹੈ।

ਮਨੁੱਖ ਦੁਨੀਆਂ ਦੇ ਦੁਨਿਆਵੀ ਕੰਮਾਂ ਦੇ ਫਰਜ਼ ਪੂਰੇ ਕਰਨ ਵਿੱਚ ਰਹਿ ਕੇ ਵੀ ਫਸੇ ਨਾ-ਲੀਨ ਨਾ ਹੋਵੇ ਹੋਵੇ



ਜੱਗ ਵਿੱਚ-ਸਿਰਫ ਪ੍ਰਮਾਤਮਾ ਨਾਲ ਲੀਨ ਹੋਵੇ।

-ਹਾਥੁ ਪਾਉ ਕਰਿ ਕਾਮੁ ਸਭ ਚੀਤੁ ਨਿਰੰਜਣ ਨਾਲਿ।।

84 ਲੱਖ ਜੂਨ ਤੇ ਜੀਵਨ ਮਰਨ ਦੇ ਗੇੜੇ ਵਿੱਚੋਂ ਲੰਘ ਕੇ ਬੜੀ ਮੁਸ਼ਕਲ ਨਾਲ ਸਾਨੂੰ ਮਨੁੱਖੀ ਜਨਮ ਦਾ ਉੱਤਮ ਤੋਹਫਾ ਰੱਬ ਕੋਲੋਂ ਪ੍ਰਾਪਤ ਹੋਇਆ। ਇਸ ਕੀਮਤੀ ਤੋਹਫੇ ਨੂੰ ਐਵੇਂ ਕੌਡੀ ਬਦਲੇ ਨਹੀਂ ਗੁਆਉਣਾ ਚਾਹੀਦਾ।

-ਰੈਣਿ ਗਵਾਈ ਸੋਇ ਕੇ ਦਿਵਸੁ ਗਵਾਇਆ ਖਾਇ।।
ਹੀਰੇ ਜੈਸਾ ਜਨਮ ਹੈ ਕਉਡੀ ਬਦਲੇ ਜਾਇ।।

ਜੀਵਨ ਵਿੱਚ ਸਾਨੂੰ ਨੇਕ ਕੰਮ ਕਰਨੇ ਚਾਹੀਦੇ ਹਨ ਤੇ ਪ੍ਰਮਾਤਮਾ ਦੀ ਦਾਤ ਇਸ ਮਨੁੱਖੀ ਜੀਵਨ ਨੂੰ ਨੇਕ ਕਰਮ ਕਰਕੇ ਤੇ ਨਾਮ ਜਪ ਕੇ ਸਫਲ ਕਰਨਾ ਚਾਹੀਦਾ ਹੈ। ਜੋ ਵੀ ਅਸੀਂ ਗੁਨਾਹ, ਧੋਖੇਬਾਜ਼ੀਆਂ, ਝੂਠ, ਫਰੇਬ ਤੇ ਗਰੀਬ ਮਾਰ ਕਰਦੇ ਹਾਂ। ਉਸ ਨੂੰ ਨੇਕ ਕੰਮ-ਦੁਖੀਆਂ ਦਾ ਦਰਦ ਵੰਡਾਉਣਾ, ਨਾਮ ਜਪਣਾ, ਸੇਵਾ ਭਾਵ ਤੇ ਮਿਹਨਤ ਦੀ ਕਮਾਈ ਕਰਕੇ ਤੇ ਲੋੜਵੰਦਾਂ ਦੀ ਮਦਦ ਕਰਕੇ ਬਖਸ਼ਾ ਸਕਦੇ ਹਾਂ।

ਗੁਰੂ ਨਾਨਕ ਜੀ ਨੇ ਮਨੁੱਖ ਦੇ ਕਰਮਾਂ ਨੂੰ ਬਹੁਤ ਅਹਿਮੀਅਤ ਦਿੱਤੀ ਹੈ ਤੇ ਸਮਝਾਇਆ ਹੈ ਕਿ ਜਦੋਂ ਉਹ ਅੱਛੇ ਤੇ ਨੇਕ ਕਰਮ ਕਰਦਾ ਹੈ ਤਾਂ ਉਸ ਨੂੰ ਪ੍ਰਮਾਤਮਾ ਦੀ ਸ਼ਕਤੀ ਤੇ ਰੋਸ਼ਨੀ-ਹਰ ਬੰਦੇ ਤੇ ਹਰ ਤਰਫ ਫੈਲੀ ਹੋਈ ਚਮਕਦੀ ਦਿਸਦੀ ਹੈ।

ਜਦੋਂ ਗੁਰੂ ਨਾਨਕ ਦੇਵ ਆਪਣੇ ਲੰਬੇ ਸਫਰ 'ਉਦਾਸੀਆਂ' ਤੇ 'ਦੇਸ਼-ਪ੍ਰਦੇਸ਼ ਜਾਂਦੇ ਸੀ ਉਹ ਹਰ ਮਜ਼੍ਹਬ ਤੇ ਹਰ ਤਬਕੇ ਦੇ ਲੋਕਾਂ ਨੂੰ ਮਿਲਦੇ ਸੀ ਤੇ ਆਪਣੇ ਕੀਮਤੀ ਰੱਬੀ ਗਿਆਨ ਦੀ ਦਾਤ ਸਭ ਨੂੰ ਦਿੰਦੇ ਸੀ ਤੇ ਖੁਦ ਆਪਣੇ ਜੀਵਨ ਦੀਆਂ ਮਿਸਾਲਾਂ ਦੇ ਕੇ ਲੋਕਾਂ ਨੂੰ ਬੇਈਮਾਨੀ ਤੇ ਗਰੀਬਮਾਰ ਤੇ ਜ਼ੁਲਮ ਤੋਂ ਹਟਾ ਕੇ ਸੱਚੇ, ਸੁੱਚੇ ਤੇ ਨੇਕ ਜੀਵਨ ਦੇ ਰਸਤੇ 'ਤੇ ਚਲਣ ਦੀ ਪ੍ਰੇਰਨਾ ਤੇ ਸੁਮੱਤ ਬਖਸ਼ਦੇ ਸੀ, ਜਿਸ ਤਰ੍ਹਾਂ ਕਿ ਮਲਕ ਭਾਗੋ ਤੇ ਭਾਈ ਲਾਲੋ ਦੀ ਸਾਖੀ ਦੀ ਮਿਸਾਲ ਸਭ ਨੂੰ ਪਤਾ ਹੀ ਹੈ।

ਗੁਰੂ ਜੀ ਜਾਤ-ਪਾਤ ਤੇ ਵਹਿਮਾਂ-ਭਰਮਾਂ ਨੂੰ ਨਹੀਂ ਮੰਨਦੇ ਸੀ ਤੇ ਉਨ੍ਹਾਂ ਨੇ ਦੱਸਿਆ ਕਿ ਲਿੰਗ ਦੇ ਪੱਖਪਾਤ ਵਿੱਚ ਵਿਤਕਰਾ ਰੱਖਣਾ ਠੀਕ ਨਹੀਂ। ਔਰਤ ਦੀ ਇੱਜ਼ਤ ਕਰਨੀ ਚਾਹੀਦੀ ਹੈ ਤੇ ਮਾਣ ਦੇਣਾ ਚਾਹੀਦਾ ਹੈ।

-ਸੋ ਕਿਉਂ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ।।

ਜਿਸ ਨੇ ਰਾਜੇ ਤੇ ਪੀਰ ਪੈਗੰਬਰ ਜਨਮੇ ਹਨ ਉਸ ਨੂੰ ਮੰਦਾ ਆਖੀਏ-

ਭੰਡਿ ਜੰਮੀਐ ਭਡਿ ਨਿੰਮੀਐ
ਭੰਡਿ ਮੰਗਣੁ ਵੀਆਹੁ।।

ਗੁਰੂ ਜੀ ਸਭ ਨੂੰ ਬਰਾਬਰ ਸਮਝਦੇ ਤੇ ਬਰਾਬਰ ਅਹੁਦਾ ਦਿੰਦੇ ਸੀ। ਮਜ਼੍ਹਬ ਤੇ ਤਬਕੇ ਦਾ ਫਰਕ ਨਹੀਂ ਰੱਖਦੇ ਸੀ-ਜਿਸ ਤਰ੍ਹਾਂ ਕਿ ਬਾਲਾ ਤੇ ਮਰਦਾਨਾ -ਇਕ ਹਿੰਦੂ ਤੇ ਦੂਜਾ ਮੁਸਲਮਾਨ ਉਨ੍ਹਾਂ ਦੇ ਸੱਜੇ-ਖੱਬੇ ਹਮੇਸ਼ਾ ਦੇ ਸਾਥੀ ਰਹਿੰਦੇ ਸੀ।

ਇਸ ਤਰ੍ਹਾਂ ਸੰਖੇਪ ਵਿਚ ਗੁਰੂ ਨਾਨਕ ਦੇਵ ਅਨੁਸਾਰ ਜੀਵਨ ਦੀ ਫਿਲਾਸਫੀ ਨਾਮ ਜਪਣਾ, ਸੱਚੀ ਤੇ ਮਿਹਨਤ ਦੀ ਕਮਾਈ ਕਰਨੀ, ਵੰਡ ਛਕਣਾ, ਦੁਖੀਏ ਦਾ ਦਰਦ ਵੰਡਣਾ, ਸੇਵਾ ਭਾਵ ਤੇ ਵਹਿਮਾਂ-ਭਰਮਾਂ ਤੇ ਜਾਤ-ਪਾਤ ਨੂੰ ਛੱਡ ਕੇ ਹਰ ਬੰਦੇ ਨੂੰ ਬਰਾਬਰ ਸਮਝਣਾ ਤੇ ਕਿਸੇ ਦਾ ਦਿਲ ਨਹੀਂ ਦੁਖਾਉਣਾ। ਔਰਤ ਨੂੰ ਮਾਣ ਤੇ ਇੱਜ਼ਤ ਦੇਣਾ।

ਸਾਡਾ ਫਰਜ਼ ਹੈ ਕਿ ਅਸੀਂ ਕੋਸ਼ਿਸ਼ ਕਰੀਏ ਤੇ ਉਨ੍ਹਾਂ ਦਾ ਉਚਾਰਿਆ ਕਥਨ ਆਪਣੇ ਮਨ ਵਿੱਚ ਵਸਾ ਲਈਏ ਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲੀਏ।

# ਗੁਰੂ ਗੋਬਿੰਦ ਸਿੰਘ ਵੱਲੋਂ ਜਾਰੀ ਹੁਕਮਨਾਮੇ ਵਾਲਾ ਪਿੰਡ ਨੌਸ਼ਹਿਰਾ ਪੰਨੂਆਂ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਪਿੰਡ ਨੌਸ਼ਹਿਰਾ ਪੰਨੂਆਂ ਮਾਝੇ ਦਾ ਇਕ ਵੱਡਾ ਪਿੰਡ ਹੈ। ਅਮਰਿੰਦਰ ਸਿੰਘ ਸਰਕਾਰ ਨੇ ਸਬ-ਤਹਿਸੀਲ ਬਣਾ ਦਿੱਤਾ ਸੀ ਪਰ ਹਾਲੀਂ ਤਕ ਸਬ-ਤਹਿਸੀਲ ਵਾਲਾ ਬੁਨਿਆਦੀ ਢਾਂਚਾ ਨਹੀਂ ਉਸਾਰਿਆ ਗਿਆ।

ਇਤਿਹਾਸਕ ਪਿੰਡ ਨੌਸ਼ਹਿਰਾ ਪੰਨੂਆਂ, ਜ਼ਿਲ੍ਹਾ ਹੈੱਡਕੁਆਟਰ ਤਰਨ ਤਾਰਨ ਤੋਂ 13 ਕਿਲੋਮੀਟਰ ਦੀ ਵਿੱਥ ਉੱਤੇ, ਅੰਮ੍ਰਿਤਸਰ, ਤਰਨ ਤਾਰਨ, ਹਰੀਕੇ, ਮੋਗਾ ਮੁੱਖ ਮਾਰਗ ਉੱਤੇ ਸਥਿਤ ਹੈ। ਪਿੰਡ ਦੀ ਵੱਸੋਂ 12,000 ਤੋਂ ਵੱਧ ਹੈ। 11 ਵਾਰਡ ਹਨ। ਪਿੰਡ ਦੇ ਚਾਰਾਂ ਦਿਸ਼ਾਵਾਂ ਵਿੱਚ ਦਰਵਾਜ਼ੇ ਸਨ। ਹੁਣ ਸਿਰਫ਼ ਇਕ ਹੀ ਬਾਕੀ ਬਚਿਆ ਹੈ। ਪਿੰਡ ਵਿੱਚ ਇਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ। ਲੜਕੀਆਂ ਲਈ ਇਕ ਸਰਕਾਰੀ ਹਾਈ ਸਕੂਲ ਹੈ। ਚਾਰ ਪ੍ਰਾਇਮਰੀ ਸਕੂਲ ਹਨ। ਛੋਟਾ ਸਿਵਲ ਹਸਪਤਾਲ ਹੈ। ਡੰਗਰਾਂ ਦਾ ਹਸਪਤਾਲ ਵੀ ਪਿੰਡ ਵਿਚ ਹੈ। ਵੱਡੀ ਦਾਣਾ ਮੰਡੀ ਹੈ। ਪਿੰਡ ਵਿਚ ਪੰਜ ਗੁਰਦੁਆਰੇ ਹਨ। ਦੋ ਪੁਰਾਤਨ ਮੰਦਰ ਵੀ ਹਨ। ਪੰਜ-ਛੇ ਪੀਰਾਂ ਦੀਆਂ ਦਰਗਾਹਾਂ




ਹਨ। ਮਾਤਾ ਰਾਣੀ ਦਾ ਪੁਰਾਣਾ ਮੰਦਰ ਹੈ, ਜਿੱਥੇ ਸਾਲ ਵਿਚ ਦੋ ਵਾਰ ਭਾਰੀ ਮੇਲਾ ਲਗਦਾ ਹੈ। ਔਰਤਾਂ ਵਰਤ ਰੱਖਣ ਤੋਂ ਬਾਅਦ ਇਸ ਮੰਦਰ ਵਿਚ ਮੱਥਾ ਟੇਕਦੀਆਂ ਹਨ। ਪਿੰਡ ਦੀ ਦੱਖਣੀ ਬਾਹੀ ਵੱਲ ਇਕ ਹੋਰ ਪੁਰਾਤਨ ਮੰਦਰ ਹੈ। ਦੇਵੀ-ਦੇਵਤਿਆਂ ਨਾਲ ਹਨੂੰਮਾਨ ਦੀਆਂ ਮੂਰਤੀਆਂ ਸਥਾਪਤ ਹਨ। ਮਹਾਰਾਜਾ ਰਣਜੀਤ ਸਿੰਘ ਨੇ ਇਸ ਮੰਦਰ ਦੇ ਨਾਂ ਕੁਝ ਜ਼ਮੀਨ ਵੀ ਲਗਾਈ ਸੀ। ਪਿੰਡ ਵਿਚ ਨਵਾਂ ਬਣਿਆ ਗੁਰਦੁਆਰਾ ਗੁਰ ਬਖ਼ਸ਼ਿਸ਼ ਪ੍ਰਕਾਸ਼ ਹੈ। ਇਹ ਕਵੀਰਾਜ ਭਾਈ ਧੰਨਾ ਸਿੰਘ ਨਾਲ ਸਬੰਧਤ ਹੈ। ਭਾਈ ਧੰਨਾ ਸਿੰਘ ਗੁਰੂ ਗੋਬਿੰਦ ਸਿੰਘ ਦੇ ਨੇੜੇ ਦੇ ਸੇਵਾਦਾਰ ਸਨ। ਘੋੜਿਆਂ ਦੀ ਦੇਖ-ਭਾਲ ਕਰਦੇ ਸਨ। ਗੁਰੂ ਸਾਹਿਬ ਦੇ 52 ਕਵੀਆਂ ਨਾਲ ਅਸਿੱਧੇ ਤੌਰ 'ਤੇ ਸਬੰਧਤ ਸਨ। ਵਿਦਵਾਨ ਸਨ। ਕਵਿਤਾ ਦੇ ਸਹੀ ਅਰਥ ਕਰ ਸਕਦੇ ਸਨ। ਭਾਈ ਧੰਨਾ ਸਿੰਘ ਯੋਧੇ ਸਨ। ਜੰਗ ਵਿੱਚ ਭਾਗ ਲੈਂਦੇ ਸਨ। ਮਹਾਂਕਵੀ ਸੰਤੋਖ ਸਿੰਘ ਨੇ ਵੀ ਭਾਈ ਧੰਨਾ ਸਿੰਘ ਬਾਰੇ ਭਾਵਪੂਰਤ ਲਿਖਿਆ ਹੈ। ਗੁਰੂ ਗੋਬਿੰਦ ਸਿੰਘ ਨੇ ਭਾਈ ਧੰਨਾ ਸਿੰਘ ਨੂੰ ਆਪਣਾ ਨਿੱਜੀ ਕੰਘਾ ਅਤੇ ਦਸਤਾਰ ਦਿੱਤੀ ਸੀ, ਚਾਰ ਹੁਕਮਨਾਮੇ ਵੀ ਜਾਰੀ ਕੀਤੇ ਸਨ। ਪਿੰਡ ਦੇ ਨਾਮ ਇਕ ਹੁਕਮਨਾਮਾ ਮਾਤਾ ਸਾਹਿਬ ਕੌਰ ਵੱਲੋਂ ਜਾਰੀ ਕੀਤਾ ਵੀ ਮਿਲਦਾ ਹੈ। ਇਹ ਹੁਕਮਨਾਮੇ 1699 ਈਸਵੀ ਤੋਂ ਲੈ ਕੇ 1702 ਈਸਵੀ ਤਕ ਦੇ ਹਨ। ਇਹ ਪੰਜੇ ਹੁਕਮਨਾਮੇ ਗੁਰਦੁਆਰਾ ਗੁਰਬਖਸ਼ਿਸ਼ ਪ੍ਰਕਾਸ਼ ਵਿਚ ਵੇਖੇ ਜਾ ਸਕਦੇ ਹਨ। ਪਿੰਡ ਨੌਸ਼ਹਿਰਾ ਪੰਨੂਆਂ ਸ਼ਹੀਦ ਭਗਤ ਸਿੰਘ ਨਾਲ ਵੀ ਥੋੜਾ ਕੁ ਜੁੜ ਜਾਂਦਾ ਹੈ, ਕਿਉਂਕਿ ਭਗਤ ਸਿੰਘ ਨੂੰ ਪੁੱਛਗਿੱਛ ਕਰਨ ਵਾਲਾ ਸੀਆਈਡੀ. ਅਫ਼ਸਰ ਗੋਪਾਲ ਸਿੰਘ ਪੰਨੂ, ਨੌਸ਼ਹਿਰਾ ਪੰਨੂਆਂ ਦਾ ਰਹਿਣ ਵਾਲਾ ਸੀ। ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਉਨ੍ਹਾਂ ਦੇ ਪਰਿਵਾਰ ਵਿਚ ਹੀ ਨੌਸ਼ਹਿਰਾ ਵਿਆਹਿਆ ਹੋਇਆ ਹੈ। ਅੰਮ੍ਰਿਤਸਰ ਜਾ ਕੇ ਵਸ ਗਿਆ ਮਰਹੂਮ ਪੰਜਾਬੀ ਲੇਖਕ ਨਰੇਸ਼ ਕੋਹਲੀ ਏਸੇ ਪਿੰਡ ਦਾ ਜੰਮਪਲ ਸੀ। ਇਸ ਲੇਖ ਦਾ ਲੇਖਕ

**ਬਾਕੀ ਸਫ਼ਾ 28 'ਤੇ**

# ਸਮਾਜ ਦੇ ਵਿਕਾਸ 'ਚ ਯੋਗਦਾਨ ਪਾਓ

**ਮਨਪ੍ਰੀਤ ਕੌਰ ਮਿਨਹਾਸ**

ਜ਼ਿੰਦਗੀ ਕੁਦਰਤ ਦੀ ਨਿਆਮਤ ਹੈ, ਜਿਸ ਵਿੱਚ ਸੁਖ-ਦੁੱਖ ਦੇ ਅਨੇਕ ਰੰਗ ਇਸ ਨੂੰ ਸੰਘਰਸ਼ਮਈ ਅਤੇ ਰੌਚਕ ਬਣਾ ਦਿੰਦੇ ਹਨ। ਇੱਕ ਮੁਸਾਫਿਰ ਦੀ ਤਰ੍ਹਾਂ ਸਾਡਾ ਇਹ ਸਫਰ ਬਚਪਨ ਤੋਂ ਸ਼ੁਰੂ ਹੁੰਦਾ ਹੈ। ਜਵਾਨੀ ਦੀ ਮਸਤੀ ਵਿੱਚੋਂ ਝੂਮਦਾ ਹੋਇਆ ਬੁਢਾਪੇ 'ਤੇ ਆ ਕੇ ਖਤਮ ਹੋ ਜਾਂਦਾ ਹੈ। ਇਸ ਪੰਧ ਵਿੱਚ ਵਿਚਰਦਿਆਂ ਹੋਇਆਂ ਕਿੰਨੀਆਂ ਹੀ ਖੱਟੀਆਂ-ਮਿੱਠੀਆਂ ਯਾਦਾਂ ਇਸਦਾ ਹਿੱਸਾ ਬਣ ਜਾਂਦੀਆਂ ਹਨ। ਕਈ ਰਿਸ਼ਤੇ ਸਾਨੂੰ ਵਿਰਾਸਤ ਵਿੱਚੋਂ ਮਿਲਦੇ ਹਨ ਅਤੇ ਕਈ ਅਸੀਂ ਖੁਦ ਸਿਰਜਦੇ ਹਾਂ। ਕਈ ਵਾਰ ਇਹਨਾਂ ਰਿਸ਼ਤਿਆਂ ਵਿੱਚ ਥੋੜ੍ਹੀ ਜਿਹੀ ਖਟਾਸ ਹੀ ਸਾਡੀ ਚਿੰਤਾ ਦਾ ਕਾਰਨ ਬਣ ਜਾਂਦੀ ਹੈ।



ਜੇਕਰ ਗੱਲ ਕਰੀਏ ਅਜੋਕੇ ਸਮਾਜਿਕ ਰਿਸ਼ਤਿਆਂ ਦੀ ਤਾਂ ਅੱਜ ਇਹਨਾਂ ਦਾ ਬੜਾ ਘਾਣ ਹੋ ਰਿਹਾ ਹੈ। ਅੱਜ ਦਾ ਇਨਸਾਨ ਸਿਰਫ ਜਮੀਨਾਂ, ਪੈਸਿਆਂ, ਨਾਜਾਇਜ਼ ਰਿਸ਼ਤਿਆਂ, ਨਸ਼ਿਆਂ ਅਤੇ ਲਾਲਚ ਵੱਸ ਆਪਣਿਆਂ ਨੂੰ ਜਾਨੋਂ ਮਾਰਨ ਲਈ ਬਿਨਾਂ ਕਿਸੇ ਸੰਕੋਚ ਦੇ ਤਿਆਰ ਹੋ ਜਾਂਦਾ ਹੈ। ਮਨੁੱਖੀ ਜ਼ਿੰਦਗੀ ਬੜੀ ਹੀ ਸਸਤੀ ਹੋ ਗਈ ਹੈ। ਭਰੂਣ ਹੱਤਿਆ, ਅਣਖ ਖਾਤਰ ਕਤਲ ਅਤੇ ਦਹੇਜ ਲਈ ਧੀਆਂ ਨੂੰ ਬੇਰਹਿਮੀ ਨਾਲ ਮਾਰਨਾ ਸਾਡੇ ਸਮਾਜ ਵਿੱਚ ਆਮ ਜਿਹੀ ਗੱਲ ਹੋ ਗਈ ਹੈ। ਹਰ ਕੋਈ ਪੈਸੇ ਪਿੱਛੇ ਭੱਜਿਆ ਫਿਰਦਾ ਹੈ। ਇਸ ਅੰਨ੍ਹੀ ਦੌੜ ਵਿੱਚ ਅਸੀਂ ਜ਼ਿੰਦਗੀ ਜੀਉਣੀ ਹੀ ਭੁੱਲ ਗਏ ਹਾਂ। ਹਾਸਾ ਸਾਡੇ ਮੂੰਹਾਂ ਵਿੱਚੋਂ ਗਾਇਬ ਹੋ ਗਿਆ ਹੈ। ਫੋਕਾ ਦਿਖਾਵਾ, ਫੋਕੀ ਟੌਹਰ ਸਾਡੀ ਜ਼ਿੰਦਗੀ ਦਾ ਮੁੱਖ ਮੰਤਵ ਹੋ ਗਿਆ ਹੈ। ਇਸ ਲਈ ਦਿਨ ਰਾਤ ਅਸੀਂ ਗਲਤ ਤਰੀਕਿਆਂ ਨਾਲ ਮਾਇਆ ਇਕੱਠੀ ਕਰਨ ਵਿੱਚ ਰੁੱਝੇ ਰਹਿੰਦੇ ਹਾਂ। ਈਰਖਾ, ਸਾੜਾ, ਨਿੰਦਿਆ, ਲੋਭ ਆਦਿ ਨੇ ਚਾਰੇ ਪਾਸਿਆਂ ਤੋਂ ਸਾਨੂੰ ਜਕੜਿਆ ਪਿਆ ਹੈ। ਆਪਣੀ ਵਡਿਆਈ ਅਤੇ ਕਿਸੇ ਦੂਜੇ ਦੀ ਨਿੰਦਿਆ ਸਾਨੂੰ ਬੜੀ ਚੰਗੀ ਲਗਦੀ ਹੈ। ਇੱਕ ਦੂਜੇ ਦੀਆਂ ਰੀਸਾਂ ਕਰਦੇ ਅਸੀਂ ਫਜ਼ੂਲ ਖਰਚਿਆਂ ਤੋਂ ਵੀ ਗੁਰੇਜ਼ ਨਹੀਂ ਕਰਦੇ। ਫਿਰ ਕਰਜ਼ਿਆਂ ਦੀ ਦਲਦਲ ਵਿਚ ਫਸੇ ਬੇਵੱਸ ਮਹਿਸੂਸ ਕਰਦੇ ਹਾਂ। ਸਾਡਾ ਕੋਈ ਵੀ ਸਮਾਗਮ ਸ਼ਰਾਬ, ਮੀਟ ਤੋਂ ਬਿਨਾ ਅਧੂਰਾ ਸਮਝਿਆ ਜਾਂਦਾ ਹੈ। ਵਿਆਹਾਂ, ਪਾਰਟੀਆਂ ਆਦਿ ਸਮਾਗਮਾਂ ਉੱਤੇ ਸਾਡੇ ਅਮੀਰ ਵਿਰਸੇ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾਂਦੀਆਂ ਹਨ। ਆਰਕੈਸਟਰਾ ਦੇ ਨਾਂ ਤੇ ਅਸੀਂ ਆਪਣੀਆਂ ਧੀਆਂ ਭੈਣਾਂ ਨਾਲ ਬੈਠੇ ਉਹਨਾਂ ਵਰਗੀਆਂ ਕੁੜੀਆਂ ਦੇ ਠੁਮਕਿਆਂ ਦਾ ਬੜਾ ਅਨੰਦ ਮਾਣਦੇ ਹਾਂ। ਕਈ ਤਾਂ ਨਸ਼ੇ ਦੀ ਲੋਰ ਵਿਚ ਉਹਨਾਂ ਨਾਲ ਸਟੇਜ ਸਟੇਜ ਉੱਤੇ ਜਾ ਕੇ ਨੱਚਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਫੋਕੇ ਹੰਕਾਰਾਂ ਦੇ ਮਾਰੇ ਅਸੀਂ ਪਿਸਟਲ, ਬੰਦੂਕਾਂ ਇਸ ਤਰ੍ਹਾਂ ਸ਼ਗਨਾਂ ਦੇ ਸਮਾਗਮਾਂ 'ਤੇ ਲੈ ਕੇ ਜਾਂਦੇ ਹਾਂ ਜਿਵੇਂ ਬਾਕੀ ਸਫ਼ਾ 28 'ਤੇ

# ਸਿੱਖ ਸਾਹਿਤ ਗੁਰਬਿਲਾਸਾਂ ਤੋਂ ਮਹਾਂਕਾਵਿ ਤਕ

**ਡਾ. ਧਰਮ ਸਿੰਘ**

ਤਬਦੀਲੀ ਵਿਕਾਸ ਦਾ ਦੂਜਾ ਨਾਂ ਹੈ। ਸੰਸਾਰ ਦੀ ਤਕਰੀਬਨ ਹਰ ਸ਼ੈਅ ਪਰਿਵਰਤਨਸ਼ੀਲ ਹੈ। ਜਿਹੜੀ ਸ਼ੈਅ ਖੜੋਤ ਦਾ ਸ਼ਿਕਾਰ ਹੋ ਜਾਂਦੀ ਹੈ, ਉਹ ਬੇਹੀ, ਨੀਰਸ ਅਤੇ ਜੜ੍ਹ ਹੋ ਕੇ ਆਪਣੀ ਹੋਂਦ ਜਾਂ ਸਾਰਥਕਤਾ ਗੁਆ ਬੈਠਦੀ ਹੈ। ਸਮਾਂ ਬੜਾ ਬਲਵਾਨ ਹੈ ਜਿਸ ਦਾ ਅਸਰ ਮਨੁੱਖੀ ਜੀਵਨ ਅਤੇ ਕਲਾ ਉਪਰ ਵਿਆਪਕ ਰੂਪ ਵਿੱਚ ਪੈਂਦਾ ਹੈ। ਸਾਹਿਤ ਰੂਪਾਂ ਦਾ ਗਠਨ ਅਤੇ ਵਿਗਠਨ ਸਮੇਂ ਦੀ ਤੋਰ ਨਾਲ ਬੱਝਿਆ ਹੋਇਆ ਵਰਤਾਰਾ ਹੈ। ਮੱਧਕਾਲ ਦੇ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਤਕਾਜ਼ੇ ਅੱਜ ਨਾਲੋਂ ਭਿੰਨ ਸਨ ਅਤੇ ਭਵਿੱਖ ਦੇ ਵਰਤਮਾਨ ਨਾਲੋਂ ਵੱਖਰੇ ਹੋਣਗੇ। ਇਨ੍ਹਾਂ ਬਦਲਦੇ ਰਹੇ ਤਕਾਜ਼ਿਆਂ ਕਰਕੇ ਹੀ ਸਾਹਿਤ ਰੂਪ ਗਠਿਤ ਅਤੇ ਵਿਗਠਿਤ ਹੁੰਦੇ ਰਹਿੰਦੇ ਹਨ ਪਰ ਫਿਰ ਵੀ ਕਈ ਵਾਰੀ ਕੁਝ ਅਜਿਹੀਆਂ ਸਾਂਝੀਆਂ ਕੜੀਆਂ ਇਉਂ ਮਿਲ ਜਾਂਦੀਆਂ ਹਨ ਜਿਨ੍ਹਾਂ ਤੋਂ ਇਤਿਹਾਸ ਰੇਖਾ ਉਲੀਕੀ ਜਾ ਸਕਦੀ ਹੈ। ਮੱਧਕਾਲ 'ਚ ਪੈਦਾ ਹੋਏ ਕਾਵਿ-ਰੂਪ 'ਗੁਰਬਿਲਾਸ' ਦੀ ਚਰਚਾ ਇਸੇ ਧਾਰਨਾ ਤਹਿਤ ਕੀਤੀ ਜਾ ਸਕਦੀ ਹੈ।

ਗੁਰਬਿਲਾਸ ਮੱਧਕਾਲ ਦਾ ਇਕ ਜਾਣਿਆ-ਪਛਾਣਿਆ ਕਾਵਿ ਰੂਪ ਹੈ। ਗੁਰਬਿਲਾਸ ਦੇ ਸ਼ਬਦਾਂ ਦਾ ਗੁਰ+ਬਿਲਾਸ ਦਾ ਸੁਮੇਲ ਹੈ। ਗੁਰੂ ਤੋਂ ਏਥੇ ਭਾਵ ਵਧੇਰੇ ਕਰਕੇ ਸਿੱਖ ਗੁਰੂ ਸਾਹਿਬਾਨ ਤੋਂ ਹੈ ਅਤੇ ਬਿਲਾਸ ਸੰਸਕ੍ਰਿਤ ਸ਼ਬਦਾ ਵਿਲਾਸ ਦਾ ਤਦਭਵ ਹੈ ਜਿਸ ਦਾ ਅਰਥ ਖੇਡ, ਲੀਲਾ, ਕ੍ਰੀੜਾ ਅਤੇ ਬਚਨ ਹਨ। ਇਸ ਤਰ੍ਹਾਂ ਗੁਰਬਿਲਾਸ ਦਾ ਸ਼ਾਬਦਿਕ ਅਰਥ ਕਿਸੇ ਗੁਰੂ ਸਾਹਿਬ ਵੱਲੋਂ ਕੀਤੇ ਗਏ ਬਚਨ ਬਿਲਾਸ ਜਾਂ ਉਨ੍ਹਾਂ ਦੇ ਜੀਵਨ ਬਿਰਤਾਂਤ ਤੋਂ ਹੈ। ਪੰਜਾਬੀ ਸਾਹਿਤ ਪਰੰਪਰਾ ਵਿੱਚ ਪੰਜ ਛੇ ਗੁਰਬਿਲਾਸ ਮਿਲਦੇ ਹਨ। ਇਹ ਹਨ, ਗੁਰਬਿਲਾਸ ਪਾਤਸ਼ਾਹੀ ੬ (ਕਵੀ ਸੋਹਣ, ਗੁਰਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ ਅਤੇ ਸੁਖਾ ਸਿੰਘ), ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ (ਭਾਈ ਸੋਭਾ ਰਾਮ), ਸਤਿਗੁਰੂ ਬਿਲਾਸ ਸੰਤੋਖ ਸਿੰਘ ਬਾਹੋਵਾਲ) ਅਤੇ ਸ੍ਰੀ ਬੀਰ ਮ੍ਰਿਗੇਸ਼ (ਪੰਡਿਤ ਸ਼ੇਰ ਸਿੰਘ) ਆਦਿ। ਕਵੀ ਸੋਹਣ, ਕੋਇਰ ਸਿੰਘ, ਸੁੱਖਾ ਸਿੰਘ ਅਤੇ ਸੋਭਾ ਰਾਮ ਦੇ ਗੁਰਬਿਲਾਸ ਕਵਿਤਾ ਵਿੱਚ ਹਨ ਜਦੋਂਕਿ ਸੰਤੋਖ ਸਿੰਘ ਬਾਹੋਵਾਲ ਅਤੇ ਪੰਡਿਤ ਸ਼ੇਰ ਸਿੰਘ ਦੇ ਕਵਿਤਾ ਅਤੇ ਵਾਰਤਕ ਦੇ ਮਿਸ਼ਰਣ ਵਿੱਚ ਹਨ। ਇਹ ਦੋਵੇਂ ਦੂਜਿਆਂ ਨਾਲੋਂ ਲਗਪਗ ਦੁੱਗਣੇ ਜਾਂ ਇਸ ਤੋਂ ਵੀ ਵੱਡੇ ਹਨ। ਸਤਿਗੁਰੂ ਬਿਲਾਸ ਅਤੇ ਸ੍ਰੀ ਧੀਰ ਮ੍ਰਿਗੇਸ਼ ਦੋ ਦੋ ਜਿਲਦਾਂ ਵਿੱਚ ਪ੍ਰਕਾਸ਼ਿਤ ਹਨ ਅਤੇ ਇਨ੍ਹਾਂ ਬਾਰੇ ਚਰਚਾ ਵੀ ਨਾਂਹ ਦੇ ਬਰਾਬਰ ਹੈ। ਸ੍ਰੀ ਧੀਰ ਮ੍ਰਿਗੇਸ਼ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਬਾਰੇ ਇਕ ਦੁਰਲੱਭ ਪੁਸਤਕ ਹੈ ਜਿਸ ਦਾ ਇਤਿਹਾਸ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਹੈ। ਸ੍ਰੀ ਬੀਰ ਮ੍ਰਿਗੇਸ਼ ਦਾ ਤਾਂ ਆਲੋਚਨਾਤਮਕ ਸੰਪਾਦਨ ਵੀ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਇਕ ਖੋਜ ਵਿਸ਼ੇ ਵਜੋਂ ਲੈ ਕੇ ਕੋਈ ਖੋਜ ਵਿਦਿਆਰਥੀ ਇਸ ਗ੍ਰੰਥ ਉਪਰ ਪੀਐਚਡੀ. ਵੀ ਕਰ ਸਕਦਾ ਹੈ।

ਪੰਜਾਬ ਦਾ ਇਤਿਹਾਸ ਗੁਰੂਆਂ, ਪੀਰਾਂ, ਅਵਤਾਰਾਂ, ਸੰਤਾਂ-ਭਗਤਾਂ ਅਤੇ ਬਲਕਾਰੀ ਨਾਇਕਾਂ ਨਾਲ ਭਰਿਆ ਪਿਆ ਹੈ ਅਤੇ ਅਜਿਹੇ ਨਾਇਕਾਂ ਦੇ ਜਸ ਗਾਇਨ ਲਈ ਮੱਧਕਾਲ ਵਿਚ ਮਹਾਂਕਾਵਿ ਨਾਲੋਂ ਉੱਤਮ ਕੋਈ ਹੋਰ ਕਾਵਿ ਰੂਪ ਨਹੀਂ ਸੀ। ਇਹ ਵੀ ਕਿ ਮਹਾਂਕਾਵਿ ਸਾਡੇ ਲਈ ਕੋਈ ਓਪਰੀ ਚੀਜ਼ ਨਹੀਂ ਸੀ ਸਗੋਂ ਸੰਸਕ੍ਰਿਤ ਵਿਚ ਇਸ ਦੀ ਭਰਵੀਂ ਅਤੇ ਲੰਮੀ ਪਰੰਪਰਾ ਵੀ ਸੀ। ਫਿਰ ਕੀ ਕਾਰਨ ਸੀ ਕਿ ਪੰਜਾਬੀ ਵਿਚ ਮਹਾਂਕਾਵਿ ਬਹੁਤ ਪਛੜ ਕੇ ਲਿਖਿਆ ਜਾਣ ਲੱਗਾ। ਗੁਰਬਿਲਾਸਾਂ ਨੂੰ ਗਹਿਰਾਈ ਨਾਲ ਵਾਚਣ 'ਤੇ ਪਤਾ ਲੱਗਦਾ ਹੈ ਕਿ ਇਹ ਬਹੁਤ ਹੱਦ ਤਕ ਅੱਜ ਦੇ ਮਹਾਂਕਾਵਿ ਨਾਲ ਮੇਲ ਖਾਂਦੇ ਹਨ। ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਮਹਾਂਕਾਵਿ ਦੇ ਜਿਹੜੇ ਮੁੱਖ ਲੱਛਣ ਜਿਵੇਂ ਮਹਾਨ ਉਦੇਸ਼, ਵਿਸ਼ੇ ਦੀ ਸਰਬ ਵਿਆਪਕਤਾ, ਸੰਗਠਿਤ ਕਥਾਨਕ, ਮਹੱਤਵਪੂਰਨ ਨਾਇਕ, ਸਰਗ-ਵੰਡ, ਛੰਦ ਯੋਜਨਾ, ਅਲੰਕਾਰ ਅਤੇ ਰਸ ਅਭਿ ਵਿਅਕਤੀ ਨਿਰਧਾਰਿਤ ਕੀਤੇ ਹਨ, ਉਹ ਸਾਰੇ ਹੀ ਕਿਸੇ ਨਾ ਕਿਸੇ ਰੂਪ ਵਿੱਚ ਇਨ੍ਹਾਂ ਗੁਰਬਿਲਾਸਾਂ ਵਿੱਚ ਮਿਲਦੇ ਹਨ। ਪ੍ਰਤੀਤ ਹੁੰਦਾ ਹੈ ਕਿ ਪੰਜਾਬੀ ਗੁਰਬਿਲਾਸਾਂ ਨੂੰ ਹੀ ਮਹਾਂਕਾਵਿ ਵਜੋਂ ਸਵੀਕਾਰ ਕਰਕੇ ਇਨ੍ਹਾਂ ਨੂੰ ਹੀ ਪਿਆਰਦੇ ਤੇ ਦੁਲਾਰਦੇ ਰਹੇ ਹਨ।

ਸਾਡੇ ਲੇਖਕਾਂ ਨੇ ਵੀ ਗੁਰਬਿਲਾਸਾਂ ਵਿੱਚੋਂ ਹੀ ਮਹਾਂਕਾਵਿ ਦੇ ਗੁਣ ਲੱਛਣ ਪਛਾਣ ਕੇ ਇਨ੍ਹਾਂ ਨੂੰ ਮਹਾਂਕਾਵਿ ਦੇ ਬਦਲ ਵਜੋਂ ਪ੍ਰਵਾਨ ਕਰ ਲਿਆ ਅਤੇ ਗੁਰੂ ਸਾਹਿਬਾਨ ਦਾ ਜਸ ਗਾਇਨ ਕਰਨ ਲਈ ਉਨ੍ਹਾਂ ਨੂੰ ਇਸ ਨਾਲੋਂ ਵਧੇਰੇ ਢੁੱਕਵਾਂ ਅਤੇ ਕਾਵਿ ਸਮਰੱਥਾ ਵਾਲਾ ਹੋਰ ਕੋਈ ਕਾਵਿ ਰੂਪ ਨਾ ਲੱਭਿਆ। ਨਾਂ (NomenClature) ਵਾਲਾ ਮਹਾਂਕਾਵਿ ਤਾਂ ਭਾਵੇਂ ਭਾਈ ਵੀਰ ਸਿੰਘ ਦਾ ਰਾਣਾ ਸੂਰਤ ਸਿੰਘ (1905 ਈ.) ਹੀ ਪਹਿਲਾ ਮਹਾਂਕਾਵਿ ਸਵੀਕਾਰ ਕੀਤਾ ਗਿਆ ਹੈ ਪਰ ਗੁਰਬਿਲਾਸ ਬੇਨਾਮੇ ਮਹਾਂਕਾਵਿ ਹਨ। ਸੰਖੇਪ ਵਿੱਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਮੱਧਕਾਲ ਵਿੱਚ ਪੰਜਾਬੀਆਂ ਦੀ ਮਹਾਂਕਾਵਿ ਵਾਲੀ ਸੂਹਜ-ਭੁੱਖ ਗੁਰਬਿਲਾਸ ਹੀ ਤ੍ਰਿਪਤ ਕਰਦੇ ਰਹੇ ਹਨ।

ਇਕ ਖੋਜ ਮੁਤਾਬਕ ਪੰਜਾਬੀ ਵਿੱਚ ਇਸ ਵੇਲੇ ਤੱਕ 85 ਕੁ ਮਹਾਂਕਾਵਿ ਪ੍ਰਕਾਸ਼ਿਤ ਰੂਪ ਵਿੱਚ ਮਿਲਦੇ ਹਨ ਅਤੇ ਇਤਫਾਕ-ਵੱਸ ਇਨ੍ਹਾਂ ਵਿੱਚੋਂ ਬਹੁਤੇ ਗੁਰੂ ਸਾਹਿਬਾਨ ਬਾਰੇ ਹੀ ਹਨ। ਗੁਰੂ ਨਾਨਕ ਦੇਵ ਜੀ ਬਾਰੇ 12, ਗੁਰੂ ਅਰਜਨ ਦੇਵ ਜੀ ਬਾਰੇ 01, ਗੁਰੂ ਹਰਗੋਬਿੰਦ ਜੀ ਬਾਰੇ 02, ਗੁਰੂ ਤੇਗ ਬਹਾਦਰ ਜੀ ਬਾਰੇ 02 ਅਤੇ ਗੁਰੂ ਗੋਬਿੰਦ ਸਿੰਘ ਜੀ ਬਾਰੇ 16 ਮਹਾਂਕਾਵਿ ਹਨ। ਇਹ ਸਾਬਤ ਕਰਨ ਦੀ ਲੋੜ ਨਹੀਂ ਕਿ ਪੰਜਾਬ ਦੇ ਇਤਿਹਾਸ, ਸਾਹਿਤ ਅਤੇ ਸਮਾਜ ਉਪਰ ਵਿਆਪਕ ਪ੍ਰਭਾਵ ਪਾਉਣ ਸਦਕਾ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਬਿਰਤਾਂਤ ਅਤੇ ਨਾਇਕਤਵ ਲੇਖਕਾਂ ਦੀ ਵਧੇਰੇ ਖਿੱਚ ਅਤੇ ਦਿਲਚਸਪੀ ਦਾ ਕਾਰਨ ਬਣੇ ਹਨ। ਗੁਰਬਿਲਾਸਾਂ ਨੂੰ ਮਹਾਂਕਾਵਿ ਦਾ ਪੂਰਵਜ ਜਾਂ ਵੱਡ-ਵਡੇਰਾ ਕਹਿਣਾ ਕਿਸੇ ਵੀ ਤਰ੍ਹਾਂ ਦੀ ਗਲਤ-ਬਿਆਨੀ ਜਾਂ ਅਤਾਰਕਿਕ ਧਾਰਨਾ ਨਹੀਂ ਹੈ।

# ਏਤੀ ਮਾਰ ਪਈ ਕੁਰਲਾਣੇ...

**ਮਨਜੀਤ ਸਿੰਘ**

ਜਦ ਜਦ ਵੀ ਸੂਰਜ ਨੇ, ਸੂਰਜ ਦੀ ਗਰਮੀ ਨੇ (ਤਾਕਤਵਰ ਨੇ) ਧਰਤੀ 'ਤੇ ਕਹਿਰ ਵਰਸਾਇਆ, ਬੇਸਹਾਰਾ, ਬੇਜ਼ੁਬਾਨ-ਨਿਰਦੋਸ਼-ਨਿਰਵੈਰ-ਪਸ਼ੂਆਂ ਜਾਂ ਪੰਛੀਆਂ ਨੂੰ ਸੂਰਜ (ਤਾਕਤਵਰ) ਨੇ ਆਪਣੀ ਤਾਕਤ ਨਾਲ ਬੇਹਾਲ ਕੀਤਾ, ਧਰਤੀ ਦੇ ਜੀਵਨ ਕੁਰਲਾਉਣ ਲੱਗੇ ਤੇ ਪੇੜ-ਪੌਦੇ ਮੁਰਝਾ ਗਏ। ਜੇਠ-ਹਾੜ੍ਹ ਦੇ ਮਹੀਨ, ਕਠੋਰ ਮਹੀਨੇ 'ਚ ਸੂਰਜ ਦੀ ਤਿੱਖੀ ਧੁੱਪ ਨੇ ਧਰਤੀ ਦੇ ਸੀਨੇ ਨੂੰ ਭੱਠੀ ਵਾਂਗ ਤਪਾ ਦਿੱਤਾ ਤਾਂ ਬੇਸਹਾਰਾ-ਬੇਜ਼ੁਬਾਨ-ਕਮਜ਼ੋਰਾਂ ਦੀ ਪੁਕਾਰ ਸੁਣ ਕੇ ਪ੍ਰਮੇਸ਼ਰ ਜੀ ਨੇ ਕ੍ਰਿਪਾ ਕੀਤੀ। ਵਰਖਾ ਕੀਤੀ-ਠੰਢ ਵਰਤਾਈ। ਧਰਤੀ ਦੇ ਦੁਖੀ ਹੋਏ ਜੀਵਾਂ ਨੂੰ ਜੀਵਨਦਾਨ ਬਖਸ਼ਿਆ, ਸੁੱਖ ਬਖਸ਼ਿਆ-ਖੇੜਾ ਬਖਸ਼ਿਆ :

ਮੀਹੁ ਪਇਆ ਪਰਮੇਸਰਿ ਪਾਇਆ

ਜੀਅ-ਜੰਤ ਸਭ ਸੁਖ ਵਸਾਇਆ।

ਕੁਮਲਾਏ ਹੋਇਆਂ ਨੂੰ, ਮੁਰਝਾਏ ਹੋਇਆਂ ਨੂੰ, ਸਹਿਕਦੇ ਹੋਇਆਂ ਨੂੰ ਐਸੀ ਅਨਮੋਲ ਬਰਸਾਤ ਕੀਤੀ, ਵਰਖਾ ਕੀਤੀ, ਐਸੀ ਅੰਮ੍ਰਿਤ ਦੀ ਸੌਗਾਤ ਬਖਸ਼ੀ ਕਿ ਮੁੜ ਫਿਰ ਧੌਣ ਚੁੱਕ ਕੇ ਜਿਉਣ ਦੀ ਜਾਚ ਆ ਗਈ, ਜਦੋਂ ਕ੍ਰਿਪਾਲੂ ਪ੍ਰਮੇਸ਼ਰ ਨੇ ਹੁਕਮ ਕੀਤਾ।

ਮੇਘੈ ਨੋ ਫੁਰਮਾਨੁ ਹੋਆ- ਵਰਸਹੁ ਕਿਰਪਾ ਧਾਰਿ।।

ਸੁੱਕੇ ਘਾਹ ਦੇ ਮੈਦਾਨ ਫਿਰ ਹਰੇ ਹੋ ਗਏ, ਸੁੱਕੀਆਂ-ਸੜੀਆਂ ਝਾੜੀਆਂ ਨੂੰ ਫਿਰ ਨਵੀਆਂ ਕਰੂਬਲਾਂ ਫੁੱਟ ਪਈਆਂ। ਚਾਰੇ ਪਾਸੇ ਫਿਰ ਖੁਸ਼ਹਾਲੀ ਫਿਰ ਹਰਿਆਲੀ ਫਿਰ ਖੁਸ਼ਹਾਲੀ। ਸਮੇਂ ਨੇ ਚੱਕਰ ਕੱਟਿਆ ਇਕ ਵੇਰਾਂ ਫੇਰ ਸ਼ਕਤੀਸ਼ਾਲੀ ਨੇ, ਤਾਕਤਵਰ ਨੇ-ਸੱਤਾਧਾਰੀ ਨੇ ਆਪਣਾ ਕਰੂਰ ਵਿਖਾਇਆ-ਇਕ ਵੇਰਾਂ ਫਿਰ ਆਪਣਾ ਤਲਖ ਚਿਹਰਾ ਦਿਖਾਇਆ। ਇਕ ਵੇਰਾਂ ਫਿਰ ਧਰਤੀ ਤਪਣ ਲੱਗੀ, ਬੱਸ ਜੁੱਗਾਂ ਤੋਂ ਇਹੀ ਵਰਤਾਰਾ ਵਰਤਦਾ ਹੀ ਆਇਆ ਹੈ। ਤਾਕਤਵਰ-ਕਮਜ਼ੋਰ ਨੂੰ ਸਦਾ ਦਬਾਉਂਦਾ ਆਇਆ ਹੈ।

ਤਾਕਤਵਰ ਕ੍ਰੋਧ ਦੀ ਅਗਨੀ 'ਚ ਮਜ਼ਲੂਮਾਂ ਨੂੰ, ਬੇਸਹਾਰਿਆਂ ਨੂੰ, ਮਾਸੂਮਾਂ ਨੂੰ ਸਾੜਦਾ ਹੀ ਰਿਹਾ ਹੈ। ਸਮੇਂ-ਸਮੇਂ-ਜਦੋਂ-ਜਦੋਂ ਤਕੜੇ ਨੇ ਮਾੜੇ ਪਰ ਜ਼ੁਲਮ ਢਾਹਿਆ-ਪ੍ਰਮੇਸ਼ਰ-ਪ੍ਰਹਿਲਾਦ ਨੂੰ ਬਚਾਉਣ ਹਮੇਸ਼ਾ ਹੀ ਆਇਆ ਹਮੇਸ਼ਾ ਹੀ ਆਉਂਦਾ ਰਹੇਗਾ।

ਹਰਣਾਖਸ਼ ਦੁਸ਼ਟੁ ਹਰਿ ਮਾਰਿਆ ਪ੍ਰਹਿਲਾਦੁ ਤਰਾਇਆ।।

ਜਦੋਂ ਜਦੋਂ ਤਾਕਤਵਰ ਨੇ-ਸੱਤਾਧਾਰੀ ਨੇ, ਵੱਡੇ ਹੰਕਾਰੀ ਨੇ, ਕਰੂਰ ਕਰੋਧੀ ਨੇ, ਮਾਇਆ ਦੇ ਲੋਭੀ ਨੇ, -ਹਉਮੈ ਦੀ ਪੰਡ ਨੇ, ਸੱਤਾ ਦੇ ਘੁਮੰਡ ਨੇ, ਨਿਰਦਈ ਨਿਰਲੱਜ ਨੇ, ਚੰਡਾਲ ਬਣ ਕੇ ਆਪਣੀ ਹੀ ਪਰਜਾ ਨੂੰ ਚੂੰਡਿਆ। ਵਾੜ ਆਪਣੇ ਹੀ ਖੇਤ ਨੂੰ ਖਾਣ ਲੱਗੀ। ਭਾਈ ਗੁਰਦਾਸ ਇਕ ਵਾਰ ਵਿੱਚ ਫੁਰਮਾਉਂਦੇ ਹਨ:

ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕਉ ਖਾਈ।

ਭੋਲੀ-ਭਾਲੀ ਪਰਜਾ ਡਰੂੰ-ਡਰੂੰ ਕਰਦੀ, ਹਿਰਨਾਂ ਦੀ ਡਾਰ ਵਰਗੀ ਪਰਜਾ, ਬੜੀ ਅਣਭੋਲ ਪਰਜਾ, ਬਿੱਲੀ ਨੂੰ ਵੇਖ ਅੱਖਾਂ ਮੀਟ ਲੈਣ ਵਰਗੀ ਮਾਸੂਮ, ਕਬੂਤਰਾਂ ਦੇ ਝੁੰਡ ਵਰਗੀ ਪਰਜਾ, ਚਿੜੀਆਂ ਵਾਂਗਣ ਚਹਿਕਦੀ ਪਰਜਾ, ਚੂੰ-ਚੂੰ ਕਰਦੀ ਟਪੂੰ ਟਪੂੰ ਕਰਦੀ ਪਰਜਾ, ਪਰ ਟੁੱਟ ਪੈਣੇ ਬਾਜਾਂ ਵਰਗੇ ਰਾਜੇ, ਸੱਤਾਧਾਰੀ ਹੰਕਾਰੀ ਰਾਜੇ। ਕਲੋਲਾਂ ਕਰਦੇ-ਚੁੰਘੀਆਂ ਭਰਦੇ ਡਰੂੰ-ਡਰੂੰ ਕਰਦੇ, ਹਿਰਨਾਂ ਦੀਆਂ ਡਾਰਾਂ ਉੱਪਰ, ਰਾਜੇ, ਸ਼ੇਰ ਬਣ ਕੇ ਰਾਜ ਸ਼ੀਹ ਬਣ ਕੇ ਝਪਟ ਮਾਰਦੇ ਹੀ ਰਹੇ।

ਰਾਜੇ ਸੀਹ ਮੁਕਦਮ ਕੁਤੇ।।

ਰਾਜੇ ਸ਼ੀਹ ਬਣ ਬੈਠੇ- ਰਾਜੇ ਸ਼ਿਕਾਰੀ ਬਣ ਗਏ, ਜਦੋਂ ਵਾੜ ਖੇਤ ਨੂੰ ਖਾਣ ਲੱਗ ਪਈ, ਜਦੋਂ ਸਹਾਰਾ ਕੋਈ ਵੀ ਨਾ ਰਿਹਾ। ਜਦੋਂ ਸੱਤਾ ਨੇ ਨਸ਼ੇ ਵਿੱਚ ਚੂਰ, ਤਾਕਤ ਨੇ ਨਸ਼ੇ ਦਾ ਗਰੂਰ, ਦੌਲਤ ਦੇ ਨਸ਼ੇ ਦੇ ਸਰੂਰ ਵਿੱਚ, ਜਦੋਂ ਰਾਜੇ ਵਹਿਸ਼ੀ ਸ਼ੇਰ ਬਣ ਗਏ-ਬਘਿਆੜ ਬਣ ਗਏ, ਸ਼ਿਕਾਰੀ ਕੁੱਤੇ ਬਣ ਗਏ, ਰਖਸ਼ਕ ਹੀ ਭਖਸ਼ਕ ਬਣ ਗਏ ਜਦੋਂ, ਪਾਲਣਾਂ ਕਰਨ ਵਾਲੇ-ਰੱਖਿਆ ਕਰਨ ਵਾਲੇ ਹੀ ਡਾਕੂ ਬਣ ਗਏ ਜਦੋਂ।

ਪਾਪ ਕੀ ਜੰਞ ਲੈ ਕਾਬਲਹੁ ਧਾਇਆ





ਜੋਰੀ ਮੰਗੈ ਦਾਨੁ ਵੇ ਲਾਲੋ।

ਕੁਮਲਾਏ ਹੋਇਆਂ ਨੂੰ, ਮੁਰਝਾਏ ਹੋਇਆਂ ਨੂੰ, ਤਰਸਦੇ ਹੋਇਆਂ ਨੂੰ, ਤੜਫਦੇ ਹੋਇਆਂ, ਬੇਸਹਾਰਿਆਂ ਨੂੰ, ਕਿਸਮਤ ਦੇ ਮਾਰਿਆਂ ਨੂੰ, ਨਿਰਵੈਰਾਂ ਨੂੰ, ਨਿਰਜ਼ੋਰਾਂ ਨੂੰ, ਤਰਾਹੀ-ਤਰਾਹੀ ਕਰਦਿਆਂ ਨੂੰ, ਹੌਕੇ ਭਰਦਿਆਂ ਨੂੰ, ਪਿੱਪਲ ਦੇ ਪੱਤੇ ਵਾਂਗਣ, ਪਲ-ਪਲ ਡੋਲਦਿਆਂ ਨੂੰ, ਨਿੰਮੋਝੂਣਿਆਂ ਨੂੰ, ਕਿਸਮਤ ਨੂੰ ਝੂਰਦਿਆਂ ਨੂੰ, ਮਨੋਂ ਮਸੋਸਿਆਂ ਨੂੰ, ਹਉਕਿਆਂ ਨੂੰ, ਰੋਸਿਆਂ ਨੂੰ, ਨਿੱਤ ਦੇ ਦੁਖਆਰਿਆਂ ਨੂੰ, ਜਦੋਂ ਹੋਰ ਕੋਈ ਸਹਾਰਾ ਨਾ ਰਿਹਾ, (ਤਾਂ ਇਕ ਚੀਸ ਉੱਠੀ)

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ।

ਠੰਢੇ ਪਾਣੀ ਦੀ ਬੌਛਾਰਾਂ ਲੈ ਕੇ- ਸ਼ਬਦ ਦੀਆਂ ਵੀਚਾਰਾਂ ਲੈ ਕੇ, ਕ੍ਰੋਧ ਦੀ, ਈਰਖਾ ਦੀ, ਹਉਮੈ ਦੀ, ਈਰਖਾ ਦੀ ਅਗਨੀ ਵਿੱਚ ਸੜਦਿਆਂ ਨੂੰ, ਤੰਦੂਰ ਵਾਂਗ ਤਪਦੇ ਜੱਗ ਨੂੰ, ਭੱਠੀ ਵਾਂਗ ਤਪਦੀ ਧਰਤੀ ਨੂੰ, ਠੰਢਿਆਂ ਕਰਨ ਲਈ, ਤੰਦੂਰ ਵਾਂਗ ਤਪਦੇ ਹਿਰਦਿਆਂ ਨੂੰ, ਠੰਢਾ ਠਾਰ ਕਰਨ ਲਈ, ਧਰਤੀ ਦੀ ਪੁਕਾਰ ਸੁਣ ਕੇ, ਦੁਖੀਆਂ ਦੀ ਗੁਹਾਰ ਸੁਣ ਕੇ, ਸੱਤਾ ਦੇ ਸਤਾਇਆਂ ਦੀ ਹਾਹਾਕਾਰ ਸੁਣ ਕੇ, ਇਕ ਵਾਰ ਫਿਰ ਆਪ "ਆ ਗਿਆ ਰੱਬ"।

ਰਬਾਬ ਦੀਆਂ ਤਾਰਾਂ ਲੈ ਕੇ, ਪਾਣੀ ਦੀਆਂ ਬੌਛਾਰਾਂ ਲੈ ਕੇ ਸ਼ਬਦ ਦੀਆਂ ਵਿਚਾਰਾਂ ਲੈ ਕੇ "ਆ ਗਿਆ ਰੱਬ" ਡੁਬਦਿਆਂ ਨੂੰ ਤਾਰਨ ਲਈ- ਦੰਭੀਆਂ ਦੇ, ਪਾਖੰਡੀਆਂ ਦੇ ਪਾਜ ਉਘਾੜਨ ਲਈ "ਆ ਗਿਆ ਰੱਬ"। ਭੁੱਲ੍ਹੀਆਂ 'ਤੇ ਜੰਮੀ ਸਿਕ ਨੂੰ, ਧਰਤੀ ਦੇ ਸੜਦੀ ਹਿਕ ਨੂੰ, ਭਾਂਬੜ ਬੁਝਾਉਣ ਲਈ, ਦੁਖੀਆਂ ਨੂੰ, ਦੀਨਾਂ ਨੂੰ, ਛਾਤੀ ਨਾਲ ਲਾਉਣ ਲਈ, "ਆ ਗਿਆ ਰੱਬ"।

ਕੌਡੇ ਵਰਗੇ ਰਾਖਸ਼ ਨੂੰ, ਸਿੱਧੇ ਰਸਤੇ ਪਾਉਣ, ਭੁੱਲਿਆਂ ਨੂੰ, ਭਟਕਿਆਂ ਨੂੰ ਸਮਝਾਉਣ ਵਲੀ ਕੰਧਾਰੀ ਨੂੰ ਚਰਨੀਂ ਲਾਉਣ, "ਆ ਗਿਆ ਰੱਬ"।

ਤੱਤੀਆਂ ਹਵਾਵਾਂ ਦੀ ਝੁੱਲੀ ਹਨੇਰੀ 'ਚ, ਪੱਛੋਂ ਤੋਂ ਠੰਢੀ 'ਵਾ ਵਗਾਉਣ "ਆ ਗਿਆ ਰੱਬ"।

ਤਲਖਾਂ ਤੋਂ ਤਲਖੀਆਂ, ਸੁਣਨ ਦੇ ਹੋਏ ਆਦੀ ਸਾਰੇ, ਸ਼ਹਿਦ ਤੋਂ ਮਿੱਠੇ ਬੋਲ, ਸੁਣਾਉਣ "ਆ ਗਿਆ ਰੱਬ"।

ਚੱਕੀਆਂ 'ਚ ਬੰਦ ਬੰਦੀਆਂ ਨੂੰ, ਛੁਡਾਉਣ ਖਾਤਰ,

ਚੱਕੀਆਂ 'ਚ ਬੰਦ ਬੰਦੀ, ਹੁਣ ਰਹਿਣ ਨਹੀਂ ਦੇਣਾ,

ਚੱਕੀ ਬਾਬਰ ਦੀ ਚਲਾਉਣ, "ਆ ਗਿਆ ਰੱਬ"।

ਲਟ-ਲਟ ਬਲਦੀ ਲੁਕਾਈ ਦੀ, ਅੱਗ ਬੁਝਾਉਣ ਲਈ, ਕਰਮਾਂ ਦੀ, ਕਾਂਡਾਂ ਦੀ, ਲਹੂਣ ਫਾਹੀ ਗਲੋਂ ਲਾਹੁਣ ਲਈ, ਭੁਲਿਆਂ ਨੂੰ, ਭਟਕਿਆਂ ਨੂੰ, ਸਮਝਾਉਣ ਲਈ, ਭਰਮਾਂ ਦੀਆਂ ਬੇੜੀਆਂ ਪੈਰਾਂ 'ਚੋਂ ਲਾਹੁਣ ਲਈ। ਸਿਫਤ ਇਕੋ ਕਰਤੇ ਦੀ, ਗਾ ਗਾ ਕੇ ਸੁਣਾਉਣ ਲਈ, ਮੱਕਾ ਓਧਰ ਹੈ ਕਿ ਏਧਰ-ਚਾਰੇ ਪਾਸੇ ਘੁਮਾਉਣ ਲਈ, ਬੁਝੇ ਹੋਏ ਦੀਵਿਆਂ ਨੂੰ ਮੁੜ ਤੋਂ ਜਗਾਉਣ ਲਈ, ਹਨੇਰੇ 'ਚ ਭਟਕਦੀਆਂ ਰੂਹਾਂ ਨੂੰ ਚਾਨਣ ਦਿਖਾਉਣ ਲਈ, ਧਰਤੀ ਦੀ ਡੁਬਦੀ ਨਈਆ ਨੂੰ ਪਾਰ ਲਾਉਣ ਲਈ, "ਆ ਗਿਆ ਰੱਬ"।

"ਕਲਿ ਤਾਰਣ ਗੁਰ ਨਾਨਕ ਆਇਆ"।

# Sir Speedy Tustin
Printers to the Community

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin

Jagjit Singh Bains

CUSTOMIZED SWEET BOXES

South Asian Wedding Cards

CALL NOW

# GROOM WANTED

**Beautiful Jatt Sikh young woman, aged 25, slim, 5'9", pursuing a career in dermatology after completion of her 4th year at medical school, seeking a match with a professional US born Jatt Sikh young man. She comes from a close knit family of doctors, dentists and business owners, well established in the US since early 1960's.**

**Contact: balkar76@gmail.com**


## ਸਿੱਖ ਭਾਈਚਾਰੇ ਵੱਲੋਂ ਯੂਏਈ ਦੇ ਡੈਲੀਗੇਸ਼ਨ ਦਾ ਭਰਵਾਂ ਸਵਾਗਤ

ਕੌਮੀ ਸਿੱਖ ਮੁਹਿੰਮ ਦੇ ਸਹਿ-ਸੰਸਥਾਪਕ ਡਾ. ਰਾਜਵੰਤ ਸਿੰਘ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਦੇ ਸਕੱਤਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਸਾਨੂੰ ਯੂ.ਏ.ਈ ਦੀ ਲੀਡਰਸ਼ਿਪ 'ਤੇ ਦੇਸ਼ ਵਿੱਚ ਇੱਕ ਸਾਰੇ ਧਰਮਾਂ ਦੇ ਸਤਿਕਾਰ ਵਾਲਾ ਵਾਤਾਵਰਨ ਮੁਹੱਈਆ ਕਰਵਾਉਣ' ਕਰ ਕੇ ਬਹੁਤ ਮਾਣ ਹੈ, ਜਿਸ ਨਾਲ ਕਿ ਸਾਰੇ ਲੋਕਾਂ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਨੂੰ ਧਾਰਮਿਕ ਆਜ਼ਾਦੀ ਦਾ ਅਹਿਸਾਸ ਹੁੰਦਾ ਹੈ। ਸੰਯੁਕਤ ਅਰਬ ਅਮੀਰਾਤ ਸਾਰੇ ਸੰਸਾਰ ਲਈ ਇਕਸਾਰਤਾਪੂਰਵਕ ਸਦਭਾਵਨਾ ਦੀ ਇੱਕ ਮਿਸਾਲ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਹਾੜੇ ਦਾ ਜਸ਼ਨ ਮਨਾ ਰਹੇ ਹਾਂ, ਤਾਂ ਸਾਨੂੰ ਇਕ ਸਾਂਝਾ ਵਿਸ਼ਵ ਸਮਾਜ ਘੜਣ ਪ੍ਰਤੀ ਵੀ ਵਚਨਬੱਧਤਾ ਵਿਖਾਉਣ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ ਸਾਰੇ ਮਨੁੱਖ ਇੱਕ ਹੀ ਪ੍ਰਭੂ-ਪਰਿਵਾਰ ਨਾਲ ਸੰਬੰਧਤ ਹਨ। ਇਸ ਲਈ ਸਾਨੂੰ ਖੁਸ਼ੀ ਹੈ ਕਿ ਅਜਿਹੇ ਸਿਧਾਂਤਾਂ ਉਤੇ ਸੰਯੁਕਤ ਅਰਬ ਅਮੀਰਾਤ ਦਾ ਰਾਜ-ਕਾਲ ਆਧਾਰਿਤ ਹੈ। ਡਾ. ਅਲੀ ਨੇ ਕਿਹਾ ਕਿ ਸਾਨੂੰ ਸਿੱਖ ਕੌਮ ਦੇ ਯੋਗਦਾਨ ਅਤੇ ਖਾਸ ਕਰਕੇ ਸਾਰੇ ਲੋਕਾਂ ਲਈ ਸੇਵਾ ਦੀ ਭਾਵਨਾ ਤੇ ਬਹੁਤ ਮਾਣ ਹੈ। ਸੁਰਿੰਦਰ ਸਿੰਘ ਕੰਧਾਰੀ ਨੇ ਕਿਹਾ ਕਿ ਯੂਏਈ ਦੀ ਲੀਡਰਸ਼ਿਪ ਕੋਲ ਆਪਣੇ ਦੇਸ਼ ਨੂੰ ਨਵੀਂ ਦਿਸ਼ਾ ਵੱਲ ਲੈ ਜਾਣ ਦਾ ਦ੍ਰਿੜ ਇਰਾਦਾ ਸੀ ਅਤੇ ਹੁਣ ਯੂਏਈ ਨੂੰ ਸੰਸਾਰ 'ਚ ਇੱਕ ਪ੍ਰਮੁੱਖ ਉਦਾਹਰਨ ਵਜੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਯੂਏਈ ਦੇ ਨੇਤਾਵਾਂ ਦੇ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਗੁਰਦੁਆਰੇ ਦੀ ਉਸਾਰੀ ਲਈ ਮੁਫ਼ਤ ਜ਼ਮੀਨ ਦਿੱਤੀ ਸੀ ਅਤੇ ਇਸ ਸ਼ਾਨਦਾਰ ਇਮਾਰਤ ਨੂੰ ਬਣਾਉਣ ਲਈ ਮਦਦ ਵੀ ਕੀਤੀ ਸੀ। ਦੁਬਈ ਦੇ ਵਫਦ ਦੇ ਯਹੂਦੀ ਮੈਂਬਰ ਰੌਸ ਕੈਰੀਲ ਨੇ ਵੀ ਮੇਜ਼ਬਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਦੁਬਈ ਵਿਚ ਯਹੂਦੀ ਸਮਾਜ ਨਵਾਂ ਹੈ ਪਰ ਅਸੀਂ ਸਿੱਖਾਂ ਦੀ ਸੰਸਥਾ ਅਤੇ ਸੇਵਾ ਦੇ ਭਾਵ ਤੋਂ ਪ੍ਰਭਾਵਿਤ ਹਾਂ। ਇਹ ਅਸਲ ਵਿੱਚ ਇੰਟਰਫੇਥ ਰਿਲੇਸ਼ਨਜ਼ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

## ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਨੁਮਾਇਸ਼ ਨੂੰ ਫਰਿਜ਼ਨੋ ਤੇ ਫਰੀਮੌਂਟ 'ਚ ਭਰਵਾਂ ਹੁੰਗਾਰਾ

ਦੀਆਂ ਕਲਾ ਅਧਿਆਪਕਾਂ ਬਲਜੀਤ ਕੌਰ ਅਤੇ ਨੀਤੀ ਸਿੰਘ ਨੇ ਬੱਚਿਆਂ ਨੂੰ ਚਿੱਤਰਕਾਰੀ ਦੇ ਵੱਖ-ਵੱਖ ਪਹਿਲੂਆਂ ਬਾਰੇ ਸਿਖਿਆ ਦਿੱਤੀ। 13 ਜੁਲਾਈ ਐਤਵਾਰ ਤੋਂ ਸ਼ੁਰੂ ਹੋਏ ਇਸ ਆਰਟ ਕੈਂਪ 'ਚ ਫਰੈਜ਼ਨੋਂ ਤੇ ਕਲੋਵਿਸ ਤੋਂ ਇਲਾਵਾ ਮਡੈਸਟੋ, ਮਡੇਰਾ, ਟੂਲਾਰੇ ਇੱਥੋਂ ਤੱਕ ਕਿ ਸਟਾਕਟਨ ਤੋਂ ਆਏ 20 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਸਾਰੇ ਦਿਨ ਬੱਚਿਆਂ ਦੇ ਮਾਪੇ ਵੀ ਪੰਜਾਬੀ ਕਲਚਰਲ ਸੈਂਟਰ ਦੀ ਰੌਣਕ ਬਣਦੇ ਰਹੇ।

ਬੁੱਧਵਾਰ 17 ਜੁਲਾਈ ਨੂੰ ਕੈਂਪ ਦੇ ਸਮਾਪਤੀ ਸਮਾਰੋਹ ਮੌਕੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਵਜੋਂ ਖੂਬਸੂਰਤ ਕੱਪ ਵੀ ਦਿੱਤੇ ਗਏ ਜਿਨ੍ਹਾਂ ਉੱਤੇ ਹਰ ਬੱਚੇ ਦੀ ਤਸਵੀਰ ਉੱਕਰੀ ਹੋਈ ਸੀ। ਸਰਟੀਫਿਕੇਟ ਤੇ ਕੱਪ ਵੰਡਣ ਦੀ ਜ਼ੁੰਮੇਵਾਰੀ ਜਰਨੈਲ ਸਿੰਘ ਆਰਟਿਸਟ, ਬਲਵਿੰਦਰ ਕੌਰ ਖਾਲਸਾ ਅਤੇ ਦਲਜੀਤ ਸਿੰਘ ਸਰਾਂ ਵਲੋਂ ਸਾਂਝੇ ਤੌਰ ਉੱਤੇ ਨਿਭਾਈ ਗਈ। ਆਰਟ ਕੈਂਪ ਲਈ ਵਾਲੰਟੀਅਰਾਂ ਵਜੋਂ ਦਿਨ ਰਾਤ ਅਣਥੱਕ ਕੰਮ ਕਰਨ ਬਦਲੇ ਜਸਕਰਨ ਕੌਰ, ਅਮਨਜੋਤ ਕੌਰ ਅਤੇ ਦਿਲਪ੍ਰੀਤ ਸਿੰਘ ਖਾਲਸਾ ਨੂੰ ਪ੍ਰਸੰਸਾ ਪੱਤਰ ਦਿੱਤੇ ਗਏ।

ਬੱਚਿਆਂ ਨੇ ਇਸ ਮੌਕੇ ਗੀਤ ਤੇ ਭੰਗੜੇ ਦੀ ਸ਼ੌਕੀਆ ਪੇਸ਼ਕਾਰੀ ਰਾਹੀਂ ਸਭਨਾਂ ਦਾ ਮਨੋਰੰਜਨ ਕੀਤਾ। ਕੈਂਪ ਦੀ ਸਭ ਤੋਂ ਵੱਡੀ ਸਫ਼ਲਤਾ ਇਹ ਰਹੀ ਕਿ ਸਾਰੇ ਮਾਪੇ ਅਤੇ ਬੱਚੇ ਕੈਂਪ ਨੂੰ ਵੱਧ ਦਿਨ ਤੱਕ ਲਾਏ ਜਾਣ ਦੀ ਇੱਛਾ ਪ੍ਰਗਟ ਕਰ ਰਹੇ ਸਨ।

ਮਾਪਿਆਂ ਅਤੇ ਬੱਚਿਆਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਅਗਲੇ ਸਾਲ ਤੋਂ ਆਰਟ ਕੈਂਪ ਨੂੰ ਲਗਾਤਾਰ ਅਤੇ ਵੱਧ ਦਿਨਾਂ ਲਈ ਲਾਉਣ ਦਾ ਪ੍ਰੋਗਰਾਮ ਉਲੀਕਣ ਦੇ ਵਾਅਦੇ ਨਾਲ ਸਭ ਖੁਸ਼ੀ-ਖੁਸ਼ੀ ਵਿਦਾ ਹੋਏ।

ਇਸ ਕਲਾ ਨੁਮਾਇਸ਼ ਅਤੇ ਆਰਟ ਕੈਂਪ ਨੂੰ ਸਫ਼ਲ ਬਣਾਉਣ ਬਦਲੇ ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਅਤੇ ਪੰਜਾਬੀ ਰੇਡੀਓ ਯੂਐੱਸਏ. ਦੀ ਸਮੂਹ ਟੀਮ ਨੇ ਜਰਨੈਲ ਸਿੰਘ ਆਰਟਿਸਟ, ਕਲਾ ਅਧਿਆਪਕ ਬਲਜੀਤ ਕੌਰ ਅਤੇ ਨੀਤੀ ਸਿੰਘ ਸਮੇਤ ਸਭਨਾਂ ਸਹਿਯੋਗੀਆਂ, ਮਾਪਿਆਂ ਤੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ, ਭਵਿੱਖ ਵਿੱਚ ਅਜਿਹੇ ਪ੍ਰੋਗਰਾਮ ਕਰਵਾਉਂਦੇ ਰਹਿਣ ਦਾ ਅਹਿਦ ਦ੍ਰਿੜਾਇਆ ਹੈ। ਇਸ ਸਾਰੇ ਕਾਰਜ ਲਈ ਟੀਮ ਮੈਂਬਰਾਂ ਜਸਕਰਨ ਸਿੰਘ ਅਤੇ ਜੋਤ ਰਣਜੀਤ ਕੌਰ ਨੇ ਵੀ ਸ਼ੁਰੂ ਤੋਂ ਅਖ਼ੀਰ ਤੱਕ ਸਰਗਰਮ ਭੂਮਿਕਾ ਨਿਭਾਈ।

ਟੀਵੀ ਤੋਂ ਵੀ ਪ੍ਰਸਾਰਨ-

ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਫਰੈਜ਼ਨੋਂ ਵਿਖੇ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਚਿਤੇਰੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਨੁਮਾਇਸ਼ ਅਤੇ ਆਰਟ ਕੈਂਪ ਦੀ ਖ਼ਬਰ ਅਤੇ ਵੀਡੀਓ ਰਿਪੋਰਟ ਅਮਰੀਕੀ ਟੀਵੀ ਚੈਨਲ ਤੋਂ ਵੀ ਵਿਖਾਈ ਗਈ ਹੈ।

## ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸਿੱਖ ਚਿੱਤਰਕਲਾ ਦੀ ਨੁਮਾਇਸ਼ ਦਾ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ

ਬੋਰਡ ਡੀਜ਼ਾਇਨ ਕਰਨ ਅਤੇ ਲਵਪ੍ਰੀਤ ਸਿੰਘ ਬਰਾੜ ਨੇ ਚਿੱਤਰਾਂ ਦੇ ਸਟੈਂਡ ਵਿਉਂਤਬੰਦ ਢੰਗ ਨਾਲ ਸਜਾਉਣ ਦੀ ਸੇਵਾ ਕੀਤੀ। ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਸਾਰੇ ਸਹਿਯੋਗੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਚਿੱਤਰਕਾਰ ਜਰਨੈਲ ਸਿੰਘ ਨੇ ਸਭਨਾਂ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਅਗਲੇ ਸਾਲ ਗੁਰੂ ਘਰ ਵਿਖੇ ਬੱਚਿਆਂ ਲਈ ਆਰਟ ਕੈਂਪ ਲਾਉਣ ਲਈ ਪੁੱਜਣ ਦਾ ਵਾਅਦਾ ਕਰਦੇ ਹੋਏ ਸਰੀ (ਕਨੇਡਾ) ਵੱਲ ਵਾਪਸੀ ਲਈ ਵਿਦਾ ਲਈ।

## ਯੂਨਾਈਟਿਡ ਖਾਲਸਾ ਦਲ ਯੂਕੇ ਵੱਲੋਂ ਚੰਡੀਗੜ੍ਹ 'ਚ ਸਿੱਖਾਂ ਸੰਗਤਾਂ 'ਤੇ ਹੋਏ ਵਹਿਸ਼ੀ ਜ਼ੁਲਮ ਦੀ ਸਖਤ ਨਿਖੇਧੀ

ਭਿੰਡਰਾਂਵਾਲਿਆਂ ਅਤੇ ਉਹਨਾਂ ਦੇ ਸਾਥੀਆਂ ਭਾਈ ਅਮਰੀਕ ਸਿੰਘ ਜੀ, ਜਨਰਲ ਸ਼ੁਬੇਗ ਸਿੰਘ ਜੀ, ਬਾਬਾ ਠਾਹਰਾ ਸਿੰਘ ਜੀ, ਜਥੇਦਾਰ ਰਾਮ ਸਿੰਘ ਜੀ ਸਮੇਤ ਭਾਰਤੀ ਫੌਜ ਨਾਲ ਆਖਰੀ ਦਮ ਤੱਕ ਜੂਝ ਕੇ ਸ਼ਹੀਦ ਹੋਣ ਵਾਲੇ ਸਿੰਘਾਂ ਦੀਆਂ ਸ਼ਹਾਦਤਾਂ ਨਾਲ ਹੋਇਆ ਹੈ। ਆਗੂਆਂ ਨੇ ਸਿੱਖ ਪੰਥ ਨੂੰ ਵੀ ਯਾਦ ਕਰਵਾਇਆ ਕਿ ਇਹ ਲੜਾਈ ਮੰਜ਼ਿਲ ਦੀ ਪ੍ਰਾਪਤੀ ਤੱਕ ਜਾਰੀ ਰਹਿਣੀ ਹੈ। ਹਰ ਸਿੱਖ ਦਾ ਫਰਜ਼ਾਂ ਸਿਰ ਫਰਜ਼ ਹੈ ਕਿ ਉਹ ਖੁਦ ਨੂੰ ਖਾਲਿਸਤਾਨੀ ਸਮਝਦਾ ਹੋਇਆ ਚੱਲ ਰਹੇ ਸੰਘਰਸ਼ ਵਿੱਚ ਸਾਰਥਕ ਅਤੇ ਉਸਾਰੂ ਰੋਲ ਅਦਾ ਕਰੇ। ਗੁਰੂ ਸਾਹਿਬ ਦਾ ਕੋਈ ਵੀ ਸੱਚਾ ਸਿੱਖ ਖਾਲਿਸਤਾਨ ਦਾ ਵਿਰੋਧੀ ਨਹੀਂ ਹੋ ਸਕਦਾ। ਅਜ਼ਾਦੀ ਹਰ ਮਨੁੱਖ ਦਾ ਮੁੱਢਲਾ ਅਧਿਕਾਰ ਹੈ ਅਤੇ ਉਸ ਨੂੰ ਪ੍ਰਾਪਤ ਕਰਨ ਦਾ ਹੱਕ ਹੈ। ਅੱਜ ਸਮੂਹ ਸਿੱਖ ਜਥੇਬੰਦੀਆਂ ਨੂੰ ਆਪਣਾ ਧਿਆਨ ਖਾਲਿਸਤਾਨ 'ਤੇ ਹੀ ਕੇਂਦਰਤ ਕਰਨ ਦੀ ਜ਼ਰੂਰਤ ਹੈ।

## ਕੇਸੀਐਫ ਦੀ ਅਗਵਾਈ 'ਚ ਆਤਮਰਸ ਕਥਾ ਤੇ ਕੀਰਤਨ ਦਰਬਾਰ ਸਫਲਤਾਪੂਰਵਕ ਸੰਪੰਨ

ਨੇ ਸੰਗਤਾਂ ਨੂੰ ਆਪਣੇ ਗਿਆਨ ਅਤੇ ਗੁਰਬਾਣੀ ਦੀ ਵਿਆਖਿਆ ਨਾਲ ਨਿਹਾਲ ਕੀਤਾ। ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਜੀ ਨੇ ਸੰਗਤ ਦੇ ਪਸੰਦੀਦਾ ਸ਼ਬਦ ਗਾਏ ਅਤੇ ਆਪਣੇ ਅਨੁਭਵ ਸਾਂਝੇ ਕੀਤੇ। ਸੰਤ ਅਨੂਪ ਸਿੰਘ ਜੀ ਨੇ ਸੰਗਤ ਨੂੰ ਬਾਣੀ ਸ਼ਬਦਾਂ ਨਾਲ ਸਰਸ਼ਾਰ ਕੀਤਾ। ਸਮੁੱਚੇ ਪ੍ਰੋਗਰਾਮ ਦੀ ਲਾਈਵ ਕਵਰੇਜ਼ ਜਸ ਪੰਜਾਬੀ ਚੈਨਲ ਵੱਲੋਂ ਕੀਤੀ ਗਈ। ਸੰਗਤਾਂ ਦੇ ਵਾਹਨਾਂ ਦੀ ਪਾਰਕਿੰਗ ਦਾ ਸਕੂਲਾਂ ਦੀ ਪਾਰਕਿੰਗ ਵਾਲੀ ਥਾਂ ਵਿਚ ਸੁਰੱਖਿਅਤ ਪ੍ਰਬੰਧ ਕੀਤਾ ਗਿਆ ਸੀ। ਸਮੁੱਚੇ ਰੂਪ ਵਿਚ ਇਹ ਮਹਾਨ ਕੀਰਤਨ ਸਮਾਗਮ ਸਫਲਤਾ ਨਾਲ ਸੰਪੰਨ ਹੋਇਆ ਤੇ ਸਿੱਖ ਸੰਗਤਾਂ ਲਈ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਭਾਗ ਬਣਿਆ।

## 17 ਸਾਲਾਂ ਦੇ ਗੁਰਪ੍ਰਤਾਪ ਸਿੰਘ ਨੂੰ ਮਾਰਨ ਵਾਲੇ ਪੁਲਸੀਏ ਕਨੇਡਾ ਦੀ ਸੈਰ ਕਰਨ ਦੀ ਤਾਕ 'ਚ

ਕਨੇਡਾ ਦੇ ਉਕਤ ਕਾਨੂੰਨ ਵਿਚ ਦਰਜ 'ਮਨੁੱਖਤਾ ਖਿਲਾਫ ਜੁਰਮ' ਦੀ ਪਰਿਭਾਸ਼ਾ ਮੁਤਾਬਕ ਇਸ ਗੱਲ ਦਾ ਜ਼ੁਰਮ ਦੀ ਫਿਤਰਤ ਅਤੇ ਅਜਿਹੇ ਮਾਮਲੇ ਵਿਚ ਕਨੇਡਾ ਵਿਚ ਮੁਕੱਦਮਾ ਚਲਾ ਸਕਣ ਦੀ ਕਾਨੂੰਨੀ ਸਮਰੱਥਾ ਉੱਤੇ ਕੋਈ ਫਰਕ ਨਹੀਂ ਪੈਂਦਾ। ਇੱਥੇ ਇਹ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਭਾਵੇਂ ਇਹ ਦੋਸ਼ੀ ਪੁਲਿਸ ਵਾਲੇ ਕਤਲ ਕਰਨ ਦੇ ਮਨਸ਼ੇ ਨਾਲ ਅਗਵਾਹ ਕਰਨ ਅਤੇ ਕਤਲ ਜਿਹੇ ਜੁਰਮਾਂ ਤਹਿਤ ਮੁਕਦਮਿਆਂ ਦਾ ਸਾਹਮਣਾ ਕਰ ਰਹੇ ਹਨ ਪਰ ਭਾਰਤੀ ਉਪਮਹਾਂਦੀਪ ਦੇ ਅਦਾਲਤੀ ਪ੍ਰਬੰਧ ਤਹਿਤ ਇਨ੍ਹਾਂ ਖਿਲਾਫ ਮਨੁੱਖਤਾ ਖਿਲਾਫ ਜੁਰਮਾਂ ਦਾ ਮੁਕੱਦਮਾ ਨਹੀਂ ਚੱਲ ਸਕਦਾ ਕਿਉਂਕਿ ਇੱਥੋਂ ਦੇ ਕਾਨੂੰਨ ਵਿਚ ਇਹ ਵੱਡੀ ਖਾਮੀ ਹੈ ਕਿ ਇਸ ਤਹਿਤ 'ਮਨੁੱਖਤਾ ਖਿਲਾਫ ਜੁਰਮ' ਨੂੰ ਕਾਨੂੰਨੀ ਜੁਰਮ ਹੀ ਨਹੀਂ ਮੰਨਿਆ ਗਿਆ। ਦੱਸਣਾ ਬਣਦਾ ਹੈ ਕਿ ਹਾਲ ਵਿਚ ਹੀ ਦਿੱਲੀ ਦੀ ਉੱਚ-ਅਦਾਲਤ ਨੇ ਵੀ ਸੱਜਣ ਕੁਮਾਰ ਦੇ ਮਾਮਲੇ ਵਿਚ ਆਪਣੇ ਲਿਖਤੀ ਫੈਸਲੇ ਵਿਚ ਭਾਰਤੀ ਉਪਮਹਾਂਦੀਪ ਵਿਚ ਲਾਗੂ ਕਾਨੂੰਨ ਦੀ ਇਹ ਖਾਮੀ ਉਭਾਰੀ ਸੀ। ਹਾਲ ਦੀ ਘੜੀ ਤਾਂ ਮਨੁੱਖਤਾ ਖਿਲਾਫ ਜੁਰਮ ਦੇ ਦੋਸ਼ੀਆਂ ਵਲੋਂ ਇੰਝ ਖੁੱਲ੍ਹੇਆਮ ਕਨੇਡਾ ਜਾਣਾ ਇਸ ਮਾਮਲੇ ਵਿਚ ਕਨੇਡਾ ਸਰਕਾਰ, ਓਥੋਂ ਦੀਆਂ ਖੂਫੀਆ ਅਤੇ ਕਾਨੂੰਨੀ ਏਜੰਸੀਆਂ ਅਤੇ ਕਨੇਡਾ ਵਿਚਲੇ ਸਿੱਖ ਭਾਈਚਾਰੇ ਦੀ ਨਾਕਾਮੀ ਵੱਲ ਇਸ਼ਾਰਾ ਕਰਦਾ ਹੈ ਪਰ ਜੇਕਰ ਅਜਿਹੇ ਮਾਮਲਿਆਂ ਦੇ ਦੋਸ਼ੀਆਂ ਖਿਲਾਫ ਓਥੇ ਕੋਈ ਕਾਨੂੰਨੀ ਚਾਰਾਜੋਈ ਹੋ ਸਕੇ ਤਾਂ ਇਹ ਇਨ੍ਹਾਂ ਦੋਸ਼ੀਆਂ ਨੂੰ ਵੱਡੇ ਜੁਰਮ ਭਾਵ ਮਨੁੱਖਤਾ ਖਿਲਾਫ ਜੁਰਮ ਲਈ ਵੀ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾ ਸਕਦਾ ਹੈ।

## ਸਮਾਜ ਦੇ ਵਿਕਾਸ 'ਚ ਯੋਗਦਾਨ ਪਾਓ

ਕਿਸੇ ਜੰਗ ਉੱਤੇ ਚੱਲੇ ਹੋਈਏ ਤੇ ਲੋਕ ਦਿਖਾਵੇ ਲਈ ਚਲਾਈਆਂ ਗੋਲੀਆਂ ਨਾਲ ਕਿੰਨੀਆਂ ਅਨਮੋਲ ਜਿੰਦੜੀਆਂ ਨੂੰ ਆਪਣੀ ਸੌੜੀ ਸੋਚ ਦੀ ਭੇਟ ਚੜ੍ਹਾ ਦਿੰਦੇ ਹਾਂ।

ਸਾਡੀ ਸੋਚ ਇਸ ਕਦਰ ਛੋਟੀ ਅਤੇ ਸਵਾਰਥੀ ਹੋ ਗਈ ਹੈ ਕਿ ਸਾਡੇ ਜਨਮ ਦਾਤੇ ਬਿਰਧ ਆਸ਼ਰਮਾਂ ਵਿੱਚ ਰੁਲ ਰਹੇ ਹਨ। ਆਲੀਸ਼ਾਨ ਘਰਾਂ ਵਿੱਚ ਉਹਨਾਂ ਲਈ ਕੋਈ ਥਾਂ ਨਹੀਂ। ਪੈਸੇ ਕਮਾਉਣ ਦੀ ਦੌੜ ਵਿੱਚ ਅਸੀਂ ਇਸ ਕਦਰ ਰੁੱਝੇ ਹੋਏ ਹਾਂ ਕਿ ਬੱਚਿਆਂ ਲਈ ਸਾਡੇ ਕੋਲ ਕੋਈ ਸਮਾਂ ਨਹੀਂ। ਸਾਡੇ ਬੱਚਿਆਂ ਦੀ ਸੋਚ ਵੀ ਪਦਾਰਥਵਾਦੀ ਹੋ ਗਈ ਹੈ। ਸਾਡੀ ਨਵੀਂ ਪੀੜ੍ਹੀ ਨੇ ਟੀਵੀ, ਇੰਟਰਨੈੱਟ, ਮੋਬਾਇਲ ਫੋਨਾਂ, ਫੇਸਬੁੱਕਾਂ ਅਤੇ ਟਵਿੱਟਰਾਂ ਆਦਿ ਦੇ ਖਿਆਲੀ ਸੰਸਾਰ ਵਿੱਚ ਅਲੱਗ ਹੀ ਦੁਨੀਆ ਵਸਾ ਲਈ ਹੈ ਜੋ ਕਿ ਟੈਕਨੋਲੋਜੀ ਤੋਂ ਕੋਰੇ ਮਾਪਿਆਂ ਲਈ ਇੱਕ ਬੁਝਾਰਤ ਬਣ ਗਈ ਹੈ। ਨਿੱਤ ਉਹ ਮਾਪਿਆਂ ਅੱਗੇ ਮਹਿੰਗੀਆਂ ਤੋਂ ਮਹਿੰਗੀਆਂ ਚੀਜ਼ਾਂ ਦੀਆਂ ਮੰਗਾਂ ਰੱਖਦੇ ਹਨ ਅਤੇ ਨਾ ਮਿਲਣ ਦੀ ਹਾਲਾਤ ਵਿੱਚ ਆਤਮ ਹੱਤਿਆ ਜਾਂ ਹੋਰ ਅਪਰਾਧਿਕ ਕਾਰਨਾਮਿਆਂ ਨੂੰ ਬਿਨਾਂ ਸੋਚੇ ਵਿਚਾਰੇ ਅੰਜਾਮ ਦਿੰਦੇ ਹਨ। ਅੱਜ ਸਾਡੇ ਬੱਚਿਆਂ ਨੂੰ ਪੈਸੇ ਦੀ ਕੋਈ ਕਦਰ ਨਹੀਂ। ਮਾਪਿਆਂ ਦੁਆਰਾ ਘਾਲੀ ਘਾਲਣਾ ਦਾ ਉਹਨਾਂ ਦੀਆਂ ਨਜ਼ਰਾਂ ਵਿੱਚ ਕੋਈ ਮੁੱਲ ਨਹੀਂ। ਇਸ ਲਈ ਅਸੀਂ ਖੁਦ ਵੀ ਕੁਝ ਹੱਦ ਤਕ ਜ਼ਿੰਮੇਵਾਰ ਹਾਂ।

ਅੱਜ ਅਸੀਂ ਉਸ ਸਮੇਂ ਵਿਚ ਜੀ ਰਹੇ ਹਾਂ ਜਦ ਲੱਗ ਰਿਹਾ ਹੈ ਕਿ ਪੰਜਾਬ ਵਿੱਚੋਂ ਪੰਜਾਬੀ ਲਗਭਗ ਖਤਮ ਹੀ ਹੋ ਜਾਣਗੇ। ਪੰਜਾਬ ਵਿੱਚ ਕਿਸੇ ਨੂੰ ਵੀ ਆਪਣਾ ਭਵਿੱਖ ਸੁਰੱਖਿਅਤ ਨਜ਼ਰ ਨਹੀਂ ਆ ਰਿਹਾ। ਸਰਕਾਰਾਂ ਕੁੰਭਕਰਨੀ ਨੀਂਦ ਸੌਂ ਰਹੀਆਂ ਹਨ। ਸਾਡੀ ਸਾਰੀ ਜਵਾਨੀ ਕੈਨੇਡਾ ਅਤੇ ਅਮਰੀਕਾ ਦੇ ਜਹਾਜ਼ ਚੜ੍ਹਨ ਲਈ ਉਤਾਵਲੀ ਹੋ ਰਹੀ ਹੈ। ਮਾਪੇ ਖੁਦ 30-40 ਲੱਖ ਰੁਪਇਆ ਲਾ ਕੇ ਸਟੱਡੀ ਵੀਜ਼ੇ ਦੀ ਆੜ ਹੇਠ ਆਪਣੇ ਫਰਜ਼ੰਦਾਂ ਨੂੰ ਬਾਹਰਲੇ ਮੁਲਕਾਂ ਦੇ ਬਾਸ਼ਿੰਦੇ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਕਈਆਂ ਨੂੰ ਏਜੰਟ ਸ਼ਰੇਆਮ ਲੁੱਟ ਰਹੇ ਹਨ ਅਤੇ ਕਈਆਂ ਨੂੰ ਰਿਸ਼ਤਿਆਂ ਦੇ ਨਾਂ 'ਤੇ ਕੀਤੀ ਸੌਦੇਬਾਜ਼ੀ ਦਗਾ ਦੇ ਰਹੀ ਹੈ। ਕਿਸੇ ਦਾ ਜਵਾਈ ਧੋਖਾ ਦੇ ਕੇ ਧੀ ਦੀ ਜ਼ਿੰਦਗੀ ਬਰਬਾਦ ਕਰ ਗਿਆ, ਕਿਸੇ ਦੀ ਨੂੰਹ ਆਇਲਟ ਦਾ ਟੈਸਟ ਕਲੀਅਰ ਕਰਕੇ ਸਹੁਰਿਆਂ ਦਾ ਲੱਖਾਂ ਰੁਪਇਆ ਲੁਆ ਕੇ ਕੈਨੇਡਾ ਪਹੁੰਚ ਗਈ ਅਤੇ ਫਿਰ ਸਾਰੇ ਟੱਬਰ ਨੂੰ ਗੂਠਾ ਦਿਖਾ ਗਈ। ਇਸੇ ਸਦਮੇ ਹੇਠ ਕਿਸੇ ਦਾ ਮੁੰਡਾ ਖੁਦਕੁਸ਼ੀ ਕਰ ਗਿਆ ਕਿਸੇ ਦਾ ਦਿਮਾਗੀ ਸੰਤੁਲਨ ਖੋ ਗਿਆ। ਕੋਈ ਸਾਰਾ ਟੱਬਰ ਬਾਹਰ ਸੈੱਟ ਹੋਣ ਲਈ ਧੀ ਨੂੰ ਬਾਪ ਦੀ ਉਮਰ ਦੇ ਨਾਲਦੇ ਨਾਲ ਵਿਆਹੁਣ ਨੂੰ ਵੀ ਤਿਆਰ ਹੋਈ ਬੈਠੇ ਹਨ।

ਇਸੇ ਸੰਦਰਭ ਵਿੱਚ ਜੇਕਰ ਅਸੀਂ ਆਪਣੇ ਬਜ਼ੁਰਗਾਂ ਜਾਂ ਪੁਰਾਣੇ ਜ਼ਮਾਨੇ ਦੇ ਲੋਕਾਂ ਦੀ ਗੱਲ ਕਰੀਏ ਤਾਂ ਸੋਚ ਅਤੇ ਸ਼ਖ਼ਸੀਅਤ ਪੱਖੋਂ ਅਸੀਂ ਉਹਨਾਂ ਤੋਂ ਕਾਫੀ ਪਛੜ ਚੁੱਕੇ ਹਾਂ। ਤਰੱਕੀ ਭਾਵੇਂ ਅਸੀਂ ਉਹਨਾਂ ਨਾਲੋਂ ਕਾਫੀ ਜ਼ਿਆਦਾ ਕਰ ਲਈ ਹੈ ਪਰ ਜ਼ਿੰਦਗੀ ਦੀ ਦੌੜ ਵਿਚ ਅਸੀਂ ਫਾਡੀ ਰਹਿ ਗਏ ਹਾਂ। ਉਹਨਾਂ ਦੇ ਘਰ ਭਾਵੇਂ ਕੱਚੇ ਅਤੇ ਛੋਟੇ ਸਨ ਪਰ ਦਿਲ ਕਾਫੀ ਵੱਡੇ ਸਨ ਪਰ ਅੱਜ ਸਾਡੇ ਘਰ ਤਾਂ ਵੱਡੇ ਹੋ ਗਏ ਪਰ ਦਿਲ ਉਨੇ ਹੀ ਛੋਟੇ ਹੋ ਗਏ ਹਨ। ਚਾਹੇ ਉਹਨਾਂ ਕੋਲ ਸਾਡੇ ਜਿੰਨੀਆਂ ਸੁਖ-ਸੁਵਿਧਾਵਾਂ ਨਹੀਂ ਸਨ ਪਰ ਫਿਰ ਵੀ ਉਹ ਸਖਤ ਮਿਹਨਤਾਂ ਕਰਦੇ, ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਸੰਤੁਸ਼ਟ ਅਤੇ ਖੁਸ਼ਹਾਲ ਜ਼ਿੰਦਗੀ ਜੀਉਂਦੇ ਸਨ। ਸਾਂਝੇ ਘਰਾਂ ਵਿੱਚ ਰਹਿੰਦਿਆਂ ਇੱਕ ਦੂਜੇ ਦਾ ਸੁਖ ਦੁੱਖ ਵੰਡਾਉਂਦੇ ਉਹ ਲੋਕ ਸੰਜਮੀ, ਸਾਫ ਦਿਲ ਅਤੇ ਹਸਮੁੱਖ ਹੁੰਦੇ ਸਨ ਪਰ ਅੱਜ ਉਹਨਾਂ ਦੇ ਵਾਰਿਸ ਅਖਵਾਉਣ ਵਾਲੇ ਅਸੀਂ ਚਾਰ ਜੀਅ ਹੀ ਘਰ ਵਿੱਚ ਕਲੇਸ਼ ਪਾ ਕੇ ਰੱਖਦੇ ਹਾਂ ਅਤੇ ਗੁੱਸੇ ਵਿੱਚ ਆ ਕੇ ਮਰਨ-ਮਾਰਨ ਨੂੰ ਝੱਟ ਤਿਆਰ ਹੋ ਜਾਂਦੇ ਹਾਂ। ਅਸੀਂ ਹਰੇਕ ਰਿਸ਼ਤੇ ਨੂੰ ਨਫੇ ਨੁਕਸਾਨ ਦੇ ਮਾਪਦੰਡ ਵਿੱਚ ਤੋਲਦੇ ਹਾਂ। ਅੱਜ ਵਿਆਹ ਅਤੇ ਤਲਾਕ ਇੱਕ ਖੇਡ ਜਿਹੀ ਬਣ ਗਈ ਹੈ। ਰਿਸ਼ਤਿਆ ਵਿੱਚੋਂ ਆਪਸੀ ਪਿਆਰ, ਨਿੱਘ ਅਤੇ ਵਿਸ਼ਵਾਸ ਖਤਮ ਹੋ ਰਿਹਾ ਹੈ। ਚਾਰੇ ਪਾਸੇ ਮੈਂ-ਮੈਂ ਦਾ ਹੀ ਰੌਲਾ ਹੈ। ਹਰ ਕੋਈ ਹੱਕਾਂ ਦੀ ਗੱਲ ਤਾਂ ਕਰਦਾ ਹੈ ਪਰ ਫਰਜ਼ਾਂ ਤੋਂ ਅਸੀਂ ਮੁਨਕਰ ਹੋ ਗਏ ਹਾਂ।

ਜ਼ਿੰਦਗੀ ਇੱਕ ਬੁਝਾਰਤ ਜਿਹੀ ਬਣ ਕੇ ਰਹਿ ਗਈ ਹੈ। ਚਾਰੇ ਪਾਸੇ ਹਫੜਾ ਦਫੜੀ ਮਚੀ ਪਈ ਹੈ। ਹਰ ਪਾਸੇ ਸਿਰਫ ਪੈਸੇ ਦੀ ਚੌਧਰ ਹੈ। ਭ੍ਰਿਸ਼ਟਾਚਾਰ ਨੇ ਸਾਡੇ ਸਮਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ। ਨਸ਼ਿਆਂ ਨੇ ਵਸਦੇ ਘਰਾਂ ਨੂੰ ਸ਼ਮਸ਼ਾਨ ਬਣਾ ਦਿੱਤਾ ਹੈ। ਸਾਡੇ ਦੇਸ਼ ਦੇ ਨੁਮਾਇੰਦੇ ਸ਼ਰੇਆਮ ਆਮ ਜਨਤਾ ਨੂੰ ਬੁੱਧੂ ਬਣਾਕੇ ਸਿਰਫ ਵੋਟਾਂ ਦੀ ਰਾਜਨੀਤੀ ਕਰਦੇ ਹਨ। ਹਰ ਕੋਈ ਸਿਰਫ ਆਪਣੇ ਬਾਰੇ ਹੀ ਸੋਚਦਾ ਹੈ, ਦੇਸ਼, ਸਮਾਜ ਜਾਵੇ ਖੂਹ ਖਾਤੇ। ਗਰੀਬ ਹੋਰ ਗਰੀਬ ਹੋ ਰਿਹਾ ਹੈ ਅਤੇ ਅਮੀਰਾਂ ਨੂੰ ਆਪਣੀ ਬੇਸ਼ੁਮਾਰ ਦੌਲਤ ਬਾਰੇ ਪਤਾ ਹੀ ਨਹੀਂ ਕਿ ਕਿੰਨੀ ਕੁ ਖਾਤਿਆਂ ਵਿੱਚ ਜਮ੍ਹਾਂ ਹੋ ਗਈ ਹੈ। ਇਸ ਆਰਥਿਕ ਪਾੜੇ ਨੇ ਸਮਾਜ ਦਾ ਤਾਣਾਬਾਣਾ ਬੁਰੀ ਤਰ੍ਹਾਂ ਉਲਝਾ ਦਿੱਤਾ ਹੈ।

ਇਹ ਜ਼ਿੰਦਗੀ ਸਾਡੀ ਆਪਣੀ ਹੈ, ਇਹ ਸਮਾਜ ਸਾਡਾ ਹੈ, ਜਿੰਨਾ ਹੋ ਸਕੇ ਆਪਣੇ ਆਪ ਨੂੰ ਜਾਣੀਏ। ਆਪਣੇ ਆਪ ਨੂੰ ਸੁਧਾਰਨ ਦਾ ਯਤਨ ਕਰੀਏ। ਜੇਕਰ ਕੋਈ ਸਮਾਜ ਲਈ ਉਸਾਰੂ ਕੰਮ ਕਰ ਰਿਹਾ ਹੈ ਤਾਂ ਉਸ ਦੀਆਂ ਲੱਤਾਂ ਖਿੱਚਣ ਦੀ ਬਜਾਏ ਉਸ ਦਾ ਹੌਸਲਾ ਵਧਾਈਏ। ਆਪਣੇ ਫਰਜ਼ਾਂ ਪ੍ਰਤੀ ਇਮਾਨਦਾਰ ਬਣੀਏ ਅਤੇ ਸਮਾਜ ਦੇ ਉਸਾਰੂ ਵਿਕਾਸ ਵਿੱਚ ਆਪਣਾ ਬਣਦਾ ਯੋਗਦਾਨ ਜਰੂਰ ਪਾਈਏ। ਇਸ ਨਾਲ ਸਾਨੂੰ ਆਤਮਿਕ ਸੰਤੁਸ਼ਟੀ ਜ਼ਰੂਰ ਮਿਲੇਗੀ, ਬਸ਼ਰਤੇ ਸਾਡਾ ਜ਼ਮੀਰ ਜਰੂਰ ਜ਼ਿੰਦਾ ਹੋਵੇ।

ਮੰਜ਼ਿਲ ਮਿਲ ਜੀ ਜਾਏਗੀ, ਭਟਕ ਕਰ ਹੀ ਸਹੀ,
ਗੁੰਮਰਾਹ ਤੋਂ ਵੋਹ ਹੈਂ, ਜੋ ਘਰ ਸੇ ਨਿਕਲੇ ਹੀ ਨਹੀਂ।

## ਗੁਰੂ ਗੋਬਿੰਦ ਸਿੰਘ ਵੱਲੋਂ ਜਾਰੀ ਹੁਕਮਨਾਮੇ ਵਾਲਾ ਪਿੰਡ ਨੌਸ਼ਹਿਰਾ ਪੰਨੂਆਂ

ਹਮਦਰਦਵੀਰ ਨੌਸ਼ਹਿਰਵੀ ਇਸੇ ਪਿੰਡ ਦਾ ਜੰਮਪਲ ਹੈ। ਨੌਸ਼ਹਿਰਾ ਪੰਨੂਆਂ ਦੇ ਬਹੁਤ ਨੇੜੇ ਸਰਹਾਲੀ ਕਲਾਂ ਦਾ ਜੰਮਪਲ ਸੀ ਕਾਮਾਗਾਟਾਮਾਰੂ ਜਹਾਜ਼ ਵਾਲਾ ਦੇਸ਼ ਭਗਤ ਗੁਰਦਿੱਤ ਸਿੰਘ। ਨੇੜਲੇ ਪਿੰਡ 'ਲਹੁਕਾ' ਦਾ ਜੰਮਪਲ ਸੀ ਗੁਰਵੇਲ ਸਿੰਘ ਪੰਨੂ-ਸੰਪਾਦਕ 'ਸੇਧ'।

ਨੌਸ਼ਹਿਰਾ ਪੰਨੂਆਂ ਦੇ ਆਸ ਪਾਸ ਦੇ ਪਿੰਡਾਂ ਵਿਚੋਂ ਗ਼ਦਰੀ ਬਾਬੇ ਵੀ ਹੋਏ ਹਨ, ਜਿਨ੍ਹਾਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਖ਼ਾਤਰ ਕੁਰਬਾਨੀਆਂ ਦਿੱਤੀਆਂ। ਬਹੁਤ ਨੇੜੇ ਦੇ ਪਿੰਡ ਠੱਠੀਆਂ ਦੇ ਗ਼ਦਰ ਪਾਰਟੀ ਦੇ ਮੀਤ ਪ੍ਰਧਾਨ ਜਵਾਲਾ ਸਿੰਘ ਠੱਠੀਆਂ, ਗੰਡੀਵਿੰਡ ਦੇ ਸੰਤਾ ਸਿੰਘ, ਦਦੇਹਰ ਦੇ ਬਾਬਾ ਵਿਸਾਖਾ ਸਿੰਘ, ਵੇਈਂ ਪੁਈਂ ਦੇ ਸ਼ੇਰ ਸਿੰਘ, ਰਸੂਲਪੁਰ ਦੇ ਹਰਨਾਮ ਸਿੰਘ, ਕਸੇਲ ਦੇ ਮਹਾਰਾਜ ਸਿੰਘ ਤੇ ਮੇਵਾ ਸਿੰਘ, ਵੜਿੰਗ ਦੇ ਭਾਈ ਭਗਵਾਨ ਸਿੰਘ, ਵਰਪਾਲ ਦੇ ਬਿਸ਼ਨ ਸਿੰਘ, ਪੱਧਰੀ ਦੇ ਇੰਦਰ ਸਿੰਘ, ਲਾਲਪੁਰ ਦੇ ਮੰਗਲ ਸਿੰਘ, ਸੁਰਸਿੰਘ ਦੇ ਗੰਡਾ ਸਿੰਘ, ਚੌਧਰੀਵਾਲਾ ਦੇ ਜਿੰਦਰ ਸਿੰਘ, ਮਰਹਾਣਾ ਦੇ ਕੇਹਰ ਸਿੰਘ, ਰੂੜੀਵਾਲਾ ਦੇ ਭਾਗ ਸਿੰਘ, ਮੋਤਾ ਸਿੰਘ, ਤਾਰਾ ਸਿੰਘ, ਢੋਟੀਆਂ ਦੇ ਬਿਸ਼ਨ ਸਿੰਘ ਆਦਿ ਸਨ।

ਪਿੰਡ ਪਹੂਵਿੰਡ ਏਥੋਂ ਬਹੁਤੀ ਦੂਰ ਨਹੀਂ, ਜਿਥੋਂ ਦੇ ਬਾਬਾ ਦੀਪ ਸਿੰਘ ਸ਼ਹੀਦ ਹੋਏ ਸਨ। ਪਝੱਤਰ ਵਰ੍ਹਿਆਂ ਦੇ ਬਾਬਾ ਦੀਪ ਸਿੰਘ ਨੇ ਜਹਾਨ ਖ਼ਾਂ ਦੀਆਂ ਫ਼ੌਜਾਂ ਦਾ ਟਾਕਰਾ ਕਰਦੇ ਹੋਏ, ਆਪਣੇ ਕੱਟੇ ਹੋਏ ਸੀਸ ਨੂੰ ਤਲੀ ਉੱਤੇ ਧਰ ਕੇ, ਪੰਜ ਮੀਲ ਦੂਰ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪਹੁੰਚ ਕੇ ਪ੍ਰਾਣ ਤਿਆਗੇ ਸਨ।

ਖ਼ਾਲਸਾ ਕਾਲਜ ਦਾ ਵਿਦਿਆਰਥੀ, ਨੌਸ਼ਹਿਰਾ ਪੰਨੂਆਂ ਦਾ ਵਾਸੀ ਨੌਜਵਾਨ ਪ੍ਰਿਥੀਪਾਲ ਸਿੰਘ, ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਜਥੇ ਵਿਚ ਸ਼ਾਮਲ ਸੀ, ਸ਼ਹੀਦੀ ਦਾ ਜਾਮ ਪੀ ਗਿਆ ਸੀ। ਨੌਸ਼ਹਿਰਾ ਪੰਨੂਆਂ ਦੇ ਪ੍ਰਸਿੱਧ ਕਮਿਊਨਿਸਟ ਆਗੂ, ਕਾਮਰੇਡ ਬ੍ਰਹਮ ਦੱਤ ਨੇ ਸਾਰੀ ਉਮਰ ਲੋਕਾਂ ਦੇ ਹੱਕਾਂ ਦੀ ਖ਼ਾਤਰ ਜੂਝਦਿਆਂ ਲੰਘਾਈ। ਆਪਣੇ ਘਰ ਵਿੱਚ ਇਕ ਲਾਇਬਰੇਰੀ ਸਥਾਪਤ ਕੀਤੀ ਸੀ। ਮਰਨ ਉਪਰੰਤ ਕਾਮਰੇਡ ਬ੍ਰਹਮ ਦੱਤ ਨੇ ਆਪਣੀ ਲਾਇਬਰੇਰੀ ਦੀਆਂ ਸਾਰੀਆਂ ਕਿਤਾਬਾਂ, ਦੁਰਲੱਭ ਤਸਵੀਰਾਂ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਨੂੰ ਦਾਨ ਕਰ ਦਿੱਤੀਆਂ ਸਨ।

ਇਤਿਹਾਸਕ ਪਿੰਡ ਨੌਸ਼ਹਿਰਾ ਪੰਨੂਆਂ ਨੇ ਕਈ ਵੱਡੀਆਂ ਹਸਤੀਆਂ ਪੰਜਾਬ ਨੂੰ ਦਿੱਤੀਆਂ ਹਨ। ਸੰਤ ਸਰੂਪ ਸਿੰਘ ਮੁੱਢਲਿਆਂ ਸਮਿਆਂ ਵਿੱਚ ਕਾਂਗਰਸ ਦੇ ਪ੍ਰਸਿੱਧ ਆਗੂ ਸਨ। ਮਹਿੰਦਰ ਸਿੰਘ ਪੰਨੂ ਸ. ਪਰਤਾਪ ਸਿੰਘ ਕੈਰੋਂ ਦਾ ਪੀਏ. ਰਿਹਾ ਸੀ। ਕਰਤਾਰ ਸਿੰਘ ਪੰਨੂ ਨਾਮਵਾਰ ਹੈੱਡ ਮਾਸਟਰ ਸੀ। ਬਲਵੀਰ ਸਿੰਘ ਪੰਨੂ ਸ਼੍ਰੋਮਣੀ ਕਮੇਟੀ ਦਾ ਸੀਨੀਅਰ ਪ੍ਰਧਾਨ ਸੀ। ਅਜੀਤ ਸਿੰਘ ਪੰਨੂ ਅਧਿਆਪਕ ਆਗੂ ਸੀ। ਪੰਜਾਬ ਦਾ ਪ੍ਰਸਿੱਧ ਕਿਸਾਨ ਆਗੂ ਕੰਵਲਪ੍ਰੀਤ ਸਿੰਘ ਪੰਨੂ, ਪ੍ਰਧਾਨ ਕਿਸਾਨ ਸੰਘਰਸ਼ ਕਮੇਟੀ, ਚੌਧਰੀਵਾਲਾ ਨੌਸ਼ਹਿਰਾ ਪੰਨੂਆਂ ਨਾਲ ਸਬੰਧ ਰੱਖਦਾ ਹੈ।

ਪਿੰਡ ਨੌਸ਼ਹਿਰਾ ਪੰਨੂਆਂ ਦਾ ਜੰਮਪਲ, ਅੱਜ-ਕੱਲ੍ਹ ਕੈਨੇਡਾ ਵਿਚ ਸਥਾਪਤ, ਰਵਿੰਦਰ ਸਿੰਘ ਪੰਨੂ, 1986 ਤੋਂ ਟੋਰਾਂਟੋ ਤੋਂ 24 ਘੰਟੇ ਚੈਨਲ 'ਸੁਰ ਸਾਗਰ' ਰੇਡੀਓ ਅਤੇ 'ਐਸਐਸਟੀਵੀ.' ਚਲਾ ਰਿਹਾ ਹੈ। ਦਿੱਲੀ ਵਿਖੇ ਹੋਈਆਂ 2011 ਦੀਆਂ ਰਾਸ਼ਟਰ ਮੰਡਲ ਖੇਡਾਂ ਵਿੱਚ ਨੌਸ਼ਹਿਰਾ ਪੰਨੂਆਂ ਦਾ ਨਾਮ ਚਮਕਾਉਣ ਵਾਲਾ, ਫ਼ੌਜ ਵਿੱਚ ਸੇਵਾ ਕਰ ਰਿਹਾ ਗੁਰਪ੍ਰੀਤ ਸਿੰਘ ਪੁੱਤਰ ਅਜੀਤ ਸਿੰਘ ਅਤੇ ਚਰਨਜੀਤ ਕੌਰ ਨੇ ਨਿਸ਼ਾਨੇਬਾਜ਼ੀ ਵਿੱਚ ਦੋ ਸੋਨੇ ਦੇ ਤਗਮੇ ਅਤੇ ਇਕ ਚਾਂਦੀ ਦਾ ਤਗਮਾ ਜਿੱਤੇ ਸਨ।

## ਬੇਅਦਬੀ ਕੇਸ ਦੀ ਕਲੋਜ਼ਰ ਰਿਪੋਰਟ ਖ਼ਿਲਾਫ਼ ਸਿੱਖਾਂ 'ਚ ਰੋਹ

ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ। ਫਿਰ ਡੇਰਾ ਮੁਖੀ ਨੂੰ ਪੈਰੋਲ 'ਤੇ ਰਿਹਾਅ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਪਰ ਸੰਗਤਾਂ ਦੇ ਵਿਆਪਕ ਵਿਰੋਧ ਕਾਰਨ ਡੇਰਾ ਮੁਖੀ ਨੂੰ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲੈਣੀ ਪਈ। ਹੁਣ ਇਹ ਕਲੋਜ਼ਰ ਰਿਪੋਰਟ ਵੀ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਡੇਰੇ ਵਲੋਂ ਕੀਤੀ ਹਮਾਇਤ ਦਾ ਇਨਾਮ ਅਤੇ ਵਿਧਾਨ ਸਭਾ ਚੋਣਾਂ ਵਿਚ ਹਮਾਇਤ ਲੈਣ ਦੀ ਇਕ ਕੋਸ਼ਿਸ਼ ਹੀ ਸਮਝੀ ਜਾ ਰਹੀ ਹੈ। ਪਰ ਜਿਸ ਤਰ੍ਹਾਂ ਅਕਾਲੀ ਦਲ ਇਕ ਪਾਸੇ ਇਸ ਕਲੋਜ਼ਰ ਰਿਪੋਰਟ ਦਾ ਜ਼ੋਰਦਾਰ ਵਿਰੋਧ ਕਰ ਰਿਹਾ ਹੈ ਤੇ ਦੂਜੇ ਪਾਸੇ ਭਾਜਪਾ ਨਾਲ ਕੇਂਦਰ ਸਰਕਾਰ ਵਿਚ ਸ਼ਾਮਿਲ ਹੈ। ਉਹ ਆਪਣੇ-ਆਪ ਵਿਚ ਹੀ ਕਈ ਸਵਾਲ ਖੜ੍ਹੇ ਕਰ ਦਿੰਦਾ ਹੈ। ਕਿਉਂਕਿ ਇਹ ਚਿੱਟਾ ਸੱਚ ਹੈ ਕਿ ਕੇਂਦਰ ਸਰਕਾਰ ਦੀ ਮਰਜ਼ੀ ਤੋਂ ਬਿਨਾਂ ਸੀ.ਬੀ.ਆਈ. ਇਹੋ ਜਿਹੇ ਨਾਜ਼ੁਕ ਮਾਮਲੇ ਵਿਚ ਕਲੋਜ਼ਰ ਰਿਪੋਰਟ ਦਾਖ਼ਲ ਕਰਨ ਦੀ ਹਿੰਮਤ ਨਹੀਂ ਕਰ ਸਕਦੀ।

ਕੀ ਕੋਈ ਵੀ ਦੋਸ਼ੀ ਨਹੀਂ ?

ਅਸਲ ਵਿਚ ਸੀ.ਬੀ.ਆਈ. 1 ਜੂਨ, 2015 ਨੂੰ ਗੁਰਦੁਆਰਾ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਕੀਤੇ ਗਏ ਗੁਰੂ ਗ੍ਰੰਥ ਸਾਹਿਬ, 24 ਸਤੰਬਰ, 2015 ਨੂੰ ਬੇਅਦਬੀ ਕਰਨ ਦੇ ਧਮਕੀ ਭਰੇ ਲਾਏ ਪੋਸਟਰਾਂ ਅਤੇ ਇਸੇ ਸਾਲ ਵਿਚ ਬਰਗਾੜੀ ਵਿਚ 12 ਅਕਤੂਬਰ ਨੂੰ ਕੀਤੀ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਸੀ। ਹੈਰਾਨੀ ਦੀ ਗੱਲ ਹੈ ਕਿ ਸੀ.ਬੀ.ਆਈ. ਦਾ ਕੰਮ ਤਾਂ ਇਹ ਸੀ ਕਿ ਉਹ ਇਨ੍ਹਾਂ ਤਿੰਨਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਲੱਭ ਕੇ ਉਨ੍ਹਾਂ ਨੂੰ ਸਜ਼ਾ ਦਿਵਾਉਂਦੀ। ਪਰ ਇਸ ਤਰ੍ਹਾਂ ਜਾਪਦਾ ਹੈ ਕਿ ਉਹ ਦੋਸ਼ੀਆਂ ਨੂੰ ਫੜਨ ਲਈ ਜਾਂਚ ਨਹੀਂ ਕਰ ਰਹੀ ਸੀ ਬਸ ਉਸ ਦਾ ਏਨਾ ਹੀ ਕੰਮ ਸੀ ਇਸ ਵਿਚ ਨਾਮਜ਼ਦ ਕਥਿਤ ਦੋਸ਼ੀਆਂ, ਜਿਨ੍ਹਾਂ ਵਿਚ ਨਾਭਾ ਜੇਲ੍ਹ ਵਿਚ ਕਤਲ ਕਰ ਦਿੱਤਾ ਗਿਆ ਮਹਿੰਦਰ ਪਾਲ ਬਿੱਟੂ ਵੀ ਸ਼ਾਮਿਲ ਹੈ, ਦੇ ਖਿਲਾਫ਼ ਕੇਸ ਖ਼ਤਮ ਕਰਵਾ ਸਕੇ ਤੇ ਕਲੀਨ ਚਿੱਟ ਦੇ ਸਕੇ।

ਹਾਲਤ ਇਹ ਹੈ ਕਿ ਸੀ.ਬੀ.ਆਈ. ਦੇ ਇਸ ਕੇਸ ਵਿਚ ਕੰਮ ਕਰਨ ਦੇ ਢੰਗ 'ਤੇ ਤਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਨਾਖੁਸ਼ੀ ਹੀ ਪ੍ਰਗਟਾਈ ਹੈ। ਹਾਈ ਕੋਰਟ ਦੇ ਸੁਯੋਗ ਜੱਜ ਰਾਜਨ ਗੁਪਤਾ ਨੇ ਮੋਗਾ ਦੇ ਸਾਬਕ ਐਸ.ਐਸ.ਪੀ. ਚਰਨਜੀਤ ਸ਼ਰਮਾ ਦੀ ਪਟੀਸ਼ਨ ਰੱਦ ਕਰਦੇ ਸਮੇਂ ਕਿਹਾ ਕਿ ਸੁਣਵਾਈ ਦੌਰਾਨ ਇਸ ਅਦਾਲਤ ਨੇ ਸੀ.ਬੀ.ਆਈ. ਦੀ ਕੇਸ ਡਾਇਰੀ ਮੰਗਵਾਈ ਤੇ ਜਾਂਚੀ ਹੈ। ਇਹ ਸਪੱਸ਼ਟ ਸੀ ਕਿ ਮਾਮਲੇ ਦੀ ਜਾਂਚ ਵਿਚ ਸ਼ਾਇਦ ਹੀ ਕੋਈ ਪ੍ਰਗਤੀ ਹੋਈ ਹੋਵੇ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਅਦਾਲਤ ਨੇ ਇਸ ਪੁਲਿਸ ਅਫ਼ਸਰ ਦੀ ਇਹ ਕੇਸ ਵੀ ਸੀ.ਬੀ.ਆਈ. ਨੂੰ ਸੌਂਪ ਦਿੱਤੇ ਜਾਣ, ਦੀ ਬੇਨਤੀ ਠੁਕਰਾ ਦਿੱਤੀ ਸੀ। ਗ਼ੌਰਤਲਬ ਹੈ ਕਿ ਬਾਦਲ ਸਰਕਾਰ ਵੇਲੇ ਬੇਅਦਬੀ ਮਾਮਲੇ ਦੀ ਜਾਂਚ ਲਈ ਬਣਾਈ ਗਈ ਪਹਿਲੀ ਸਿੱਟ ਜੋ ਹੁਣ ਡੀ.ਜੀ.ਪੀ. ਬਣੇ ਇਕਬਾਲ ਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿਚ ਬਣੀ ਸੀ, ਦੇ ਮੈਂਬਰ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਵਲੋਂ ਕੀਤੀ ਜਾਂਚ ਦੇ ਆਧਾਰ 'ਤੇ ਡੇਰਾ ਪ੍ਰੇਮੀ ਮਹਿੰਦਰ ਪਾਲ ਬਿੱਟੂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੂੰ ਬਾਅਦ ਵਿਚ ਜੇਲ੍ਹ ਵਿਚ ਹੀ ਕਤਲ ਕਰ ਦਿੱਤਾ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਬਿੱਟੂ ਨੇ ਖ਼ੁਦ ਮੈਜਿਸਟ੍ਰੇਟ ਸਾਹਮਣੇ ਇਕਬਾਲੀਆ ਬਿਆਨ ਦਿੱਤਾ ਸੀ।

ਇਸੇ ਮਾਮਲੇ ਵਿਚ ਹੀ ਇਕ ਡੇਰਾ ਪ੍ਰੇਮੀ ਦੁਕਾਨਦਾਰ ਨੇ ਪੁਲਿਸ ਨੂੰ ਬਰਗਾੜੀ ਵਿਚ ਧਮਕੀ ਭਰੇ ਪੋਸਟਰ ਲਈ ਕਾਗਜ਼ ਲੈ ਕੇ ਜਾਣ ਅਤੇ ਪੋਸਟਰ ਲਿਖਣ ਵਾਲੇ ਬਾਰੇ ਜਾਣਕਾਰੀ ਵੀ ਦਿੱਤੀ ਸੀ ਤੇ ਇਹ ਵੀ ਕਿਹਾ ਸੀ ਕਿ ਇਹ ਸਭ ਕੁਝ ਬਿੱਟੂ ਨੇ ਕਰਵਾਇਆ ਸੀ। ਪਰ ਏਨੀਆਂ ਗਵਾਹੀਆਂ ਦੇ ਬਾਵਜੂਦ ਸੀ.ਬੀ.ਆਈ. ਵਲੋਂ ਕਲੋਜ਼ਰ ਰਿਪੋਰਟ ਦਾਖ਼ਲ ਕਰਨੀ ਹੈਰਾਨੀਜਨਕ ਮਾਮਲਾ ਹੈ। ਉਂਜ ਇਸ ਮਾਮਲੇ ਵਿਚ ਇਕ ਡੇਰਾ ਪ੍ਰੇਮੀ ਬਲਦੇਵ ਦਾ ਕਤਲ ਹੋ ਜਾਣਾ ਤੇ ਕਾਤਲਾਂ ਦਾ ਨਾ ਫੜੇ ਜਾਣਾ ਵੀ ਮਾਮਲੇ ਦੇ 'ਉੱਪਰ' ਤੱਕ ਪਹੁੰਚ ਜਾਣ ਦੀਆਂ ਕੜੀਆਂ ਤੋੜਨ ਵਾਲੀ ਗੱਲ ਦਾ ਸ਼ੱਕ ਪੈਦਾ ਕਰਦਾ ਹੈ। ਇਸ ਤਰ੍ਹਾਂ ਕੇਸ ਹੀ ਖ਼ਤਮ ਕਰ ਦੇਣ ਦਾ ਸੀਬੀਆਈ ਵਲੋਂ ਪ੍ਰਭਾਵ ਦੇਣਾ ਹੈਰਾਨੀਜਨਕ ਹੈ ਕਿ ਸੀਬੀਆਈ ਹੁਣ ਵਿਸ਼ਵਾਸਯੋਗ ਏਜੰਸੀ ਨਹੀਂ ਰਹੀ।

ਗ਼ੌਰਤਲਬ ਹੈ ਕਿ ਜਦੋਂ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਤੋਂ ਬਾਅਦ ਕੈਪਟਨ ਸਰਕਾਰ ਨੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਵੀ ਸੀ.ਬੀ.ਆਈ. ਨੂੰ ਹੀ ਸੌਂਪ ਦਿੱਤੀ ਸੀ ਤਾਂ ਸਖ਼ਤ ਵਿਰੋਧ ਤੋਂ ਬਾਅਦ ਵਿਧਾਨ ਸਭਾ ਵਿਚ ਮਤਾ ਪਾਸ ਕਰਕੇ ਸੀ.ਬੀ.ਆਈ. ਨੂੰ ਸੌਂਪੇ ਕੇਸ ਦਾ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਗਿਆ ਸੀ ਤੇ ਮਾਮਲੇ ਦੀ ਜਾਂਚ ਲਈ 5 ਮੈਂਬਰੀ ਨਵੀਂ ਸਿੱਟ ਬਣਾ ਦਿੱਤੀ ਗਈ ਸੀ, ਜਿਸ ਵਿਚ ਕੁੰਵਰ ਵਿਜੇ ਪ੍ਰਤਾਪ ਸਿੰਘ ਵੀ ਸ਼ਾਮਿਲ ਸਨ। ਜੇਕਰ ਉਸ ਵੇਲੇ ਇਹ ਮਾਮਲਾ ਸੀ.ਬੀ.ਆਈ. ਤੋਂ ਵਾਪਸ ਨਾ ਲਿਆ ਜਾਂਦਾ ਤਾਂ ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ਼ਾਇਦ ਇਸ ਦੀ ਕਲੋਜ਼ਰ ਰਿਪੋਰਟ ਵੀ ਨਾਲ ਹੀ ਦਾਖ਼ਲ ਕਰ ਦਿੱਤੀ ਜਾਂਦੀ। ਭਾਵੇਂ ਹੁਣ ਕੁੰਵਰ ਨੇ ਕਿਹਾ ਹੈ ਕਿ ਸੀ.ਬੀ.ਆਈ. ਵਲੋਂ ਦਾਖ਼ਲ ਕੀਤੀ ਕਲੋਜ਼ਰ ਰਿਪੋਰਟ ਦੇ ਸਵੀਕਾਰ ਹੋਣ ਨਾਲ ਸਾਡੀ ਜਾਂਚ 'ਤੇ ਕੋਈ ਨਕਾਰਾਤਮਿਕ ਪ੍ਰਭਾਵ ਨਹੀਂ ਪਵੇਗਾ ਪਰ ਨੋਟ ਕਰਨ ਵਾਲੀ ਗੱਲ ਹੈ ਕਿ ਕੁੰਵਰ ਵਾਲੀ ਸਿੱਟ ਕੋਲ ਮੁਢਲੇ ਤੌਰ 'ਤੇ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਨਹੀਂ ਹੈ। ਸਗੋਂ ਉਸ ਕੋਲ ਤਾਂ ਸਿਰਫ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਪੁਲਿਸ ਫਾਈਰਿੰਗ ਦੇ ਮਾਮਲੇ ਦੀ ਹੀ ਜਾਂਚ ਹੈ। ਹਾਂ ਇਹ ਵੱਖਰੀ ਗੱਲ ਹੈ ਕਿ ਉਹ ਬੇਅਦਬੀ ਦੇ ਮਾਮਲੇ ਵੀ ਇਸ ਆਧਾਰ 'ਤੇ ਖੰਗਾਲ ਸਕਦੇ ਹਨ।

ਇਸ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਚਾਹੀਦਾ ਹੈ ਕਿ ਉਹ ਸਥਿਤੀ ਨੂੰ ਵੇਖਦੇ ਹੋਏ ਇਕ ਵਾਰ ਫਿਰ ਵਿਧਾਨ ਸਭਾ ਬੁਲਾ ਕੇ ਇਸ ਮਾਮਲੇ ਦੀ ਜਾਂਚ ਕਿਸੇ ਕੇਂਦਰੀ ਏਜੰਸੀ ਨੂੰ ਸੌਂਪਣ ਦੀ ਬਜਾਏ, ਪੰਜਾਬ ਦੇ ਵਿਸ਼ਵਾਸਯੋਗ ਪੁਲਿਸ ਉੱਚ ਅਧਿਕਾਰੀਆਂ ਦੀ ਟੀਮ ਦੀ ਸਿੱਟ ਨੂੰ ਸੌਂਪ ਦੇਣ। ਜੇ ਅਜਿਹਾ ਸੰਭਵ ਨਹੀਂ ਤਾਂ ਹਾਈ ਕੋਰਟ ਨੂੰ ਅਪੀਲ ਕੀਤੀ ਜਾਵੇ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਹਾਈ ਕੋਰਟ ਦੇ 2 ਜੱਜਾਂ ਦੇ ਬੈਂਚ ਦੀ ਦੇਖ-ਰੇਖ ਵਿਚ ਕਿਸੇ ਕੇਂਦਰੀ ਏਜੰਸੀ ਤੋਂ ਕਰਵਾਈ ਜਾਵੇ।

### ਸੀਬੀਆਈ ਨੂੰ ਕੇਸ ਦੀ ਮੁੜ ਜਾਂਚ ਕਰਨ ਲਈ ਕਹੇਗੀ ਕੈਪਟਨ ਸਰਕਾਰ-

ਪੰਜਾਬ ਦੀ ਕਾਂਗਰਸ ਸਰਕਾਰ ਸੀਬੀਆਈ ਨੂੰ ਬਰਗਾੜੀ ਦੇ ਬੇਅਦਬੀ ਕੇਸ ਨੂੰ ਬੰਦ ਕਰਨ ਦੀ ਥਾਂ ਇਸ ਦੀ ਮੁੜ ਜਾਂਚ ਕਰਨ ਲਈ ਕਹੇਗੀ ਅਤੇ ਅਦਾਲਤ ਵਿਚ ਸੁਣਵਾਈ ਦੌਰਾਨ ਕੇਸ ਨੂੰ ਬੰਦ ਕੀਤੇ ਜਾਣ ਦਾ ਵਿਰੋਧ ਕਰੇਗੀ। ਪੰਜਾਬ ਪੁਲੀਸ ਵਲੋਂ ਕੀਤੀ ਜਾਂਚ ਵਿਚ ਕੁਝ ਨਵੇਂ ਤੱਥ ਸਾਹਮਣੇ ਆਏ ਹਨ। ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਵਲੋਂ ਕੀਤੀ ਜਾਂਚ ਵਿੱਚ ਡੇਰਾ ਪ੍ਰੇਮੀ ਬਿੱਟੂ, ਜਿਸ ਦਾ ਪਿਛਲੇ ਦਿਨੀਂ ਨਾਭਾ ਜੇਲ੍ਹ ਵਿਚ ਕਤਲ ਹੋ ਗਿਆ ਸੀ, ਨੇ ਬੇਅਦਬੀ ਮਾਮਲਿਆਂ ਵਿਚ ਸ਼ਮੂਲੀਅਤ ਪ੍ਰਵਾਨ ਕੀਤੀ ਸੀ ਅਤੇ ਉਸ ਨੇ ਡੇਰੇ ਦੇ ਇਕ ਹੋਰ ਅਹਿਮ ਆਗੂ ਦਾ ਵੀ ਜ਼ਿਕਰ ਕੀਤਾ ਸੀ, ਜਿਸ ਦੇ ਇਸ਼ਾਰੇ 'ਤੇ ਬੇਅਦਬੀ ਕੀਤੀ ਗਈ। ਪੁਲੀਸ ਨੇ ਅਜੇ ਤਕ ਉਸ ਸ਼ਖ਼ਸ, ਜਿਸ ਦੇ ਨਾਂ ਦਾ ਬਿੱਟੂ ਨੇ ਜ਼ਿਕਰ ਕੀਤਾ ਸੀ, ਤੋਂ ਤਫਤੀਸ਼ ਨਹੀਂ ਕੀਤੀ ਹੈ। ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਨੇ ਡੇਰਾ ਮੁਖੀ ਤੋਂ ਵੀ ਪੁੱਛ-ਪੜਤਾਲ ਕਰਨ ਸਬੰਧੀ ਪ੍ਰਵਾਨਗੀ ਮੰਗੀ ਹੈ। ਕੈਪਟਨ ਸਰਕਾਰ ਵਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਏਡੀਜੀਪੀ ਪ੍ਰਮੋਦ ਕੁਮਾਰ ਦੀ ਅਗਵਾਈ ਹੇਠ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਵਿਚ ਵੀ ਕੁਝ ਨਵੇਂ ਤੱਥ ਸਾਹਮਣੇ ਆਏ ਹਨ। ਇਸ ਵਿਸ਼ੇਸ਼ ਜਾਂਚ ਟੀਮ ਦੇ ਆਈ.ਜੀ. ਕੁੰਵਰ ਨੇ ਸਿੱਟ ਦੀ ਅੰਤਰਿਮ ਰਿਪੋਰਟ ਫ਼ਰੀਦਕੋਟ ਦੀ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਬਰਗਾੜੀ ਕੇਸ ਨੂੰ ਬੰਦ ਕਰਨ ਦਾ ਵਿਰੋਧ ਕਰੇਗੀ ਤੇ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੂੰ ਸਾਰੇ ਕਾਨੂੰਨੀ ਪਹਿਲੂ ਘੋਖਣ ਲਈ ਕਿਹਾ ਗਿਆ ਹੈ।

### ਕੈਪਟਨ ਵਲੋਂ ਸੁਖਬੀਰ ਦੀ ਅਲੋਚਨਾ-

ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਬਰਗਾੜੀ ਮੁੱਦੇ 'ਤੇ ਮਗਰਮੱਛ ਦੇ ਹੰਝੂ ਵਹਾਉਣ ਦੇ ਦੋਸ਼ ਲਾਉਂਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਬਰਗਾੜੀ ਘਟਨਾ ਨਾਲ ਜੁੜੇ ਮਾਮਲਿਆਂ ਦੀ ਤਹਿ ਤੱਕ ਜਾਣ ਲਈ ਪੂਰੀ ਪੈਰਵੀ ਕਰੇਗੀ। ਬਰਗਾੜੀ ਮਾਮਲਿਆਂ ਵਿੱਚ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਨੂੰ ਅਕਾਲੀ ਦਲ ਵੱਲੋਂ ਚੁਣੌਤੀ ਦੇਣ ਦੇ ਫ਼ੈਸਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਇਸ ਮੁੱਦੇ 'ਤੇ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ, ਜੋ ਉਦੋਂ ਸੂਬੇ ਦਾ ਉਪ-ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸੀ, ਨੇ ਖ਼ੁਦ ਜਾਂਚ ਕਰਾਉਣ ਦੀ ਬਜਾਏ ਬਰਗਾੜੀ ਕਾਂਡ ਨਾਲ ਸਬੰਧਿਤ ਪਹਿਲੇ ਤਿੰਨ ਮਾਮਲਿਆਂ ਨੂੰ ਸੀ.ਬੀ.ਆਈ. ਕੋਲ ਭੇਜ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਜਦੋਂ ਸੀਬੀਆਈ ਨੇ ਜਾਂਚ ਮੁਕੰਮਲ ਕਰ ਕੇ ਕੇਸ ਬੰਦ ਕਰਨ ਦੀ ਰਿਪੋਰਟ ਦਾਇਰ ਕਰ ਦਿੱਤੀ ਤਾਂ ਉਹ ਬੌਖਲਾ ਗਿਆ, ਜਿਸ ਨਾਲ ਇਸ ਮਾਮਲੇ ਵਿੱਚ ਕਿਸੇ ਪੱਧਰ 'ਤੇ ਸਾਜ਼ਿਸ਼ ਹੋਣ ਦਾ ਸੰਕੇਤ ਮਿਲਦਾ ਹੈ।

### ਸੀਬੀਆਈ ਅਦਾਲਤ ਵੱਲੋਂ ਕਲੋਜ਼ਰ ਰਿਪੋਰਟ ਸਬੰਧੀ ਅਪੀਲ ਮਨਜ਼ੂਰ-

ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਸਬੰਧੀ ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਸ਼ਿਕਾਇਤਕਰਤਾਵਾਂ ਦੀ ਅਪੀਲ ਮਨਜ਼ੂਰ ਕਰ ਲਈ ਹੈ। ਸ਼ਿਕਾਇਤਕਰਤਾ ਰਣਜੀਤ ਸਿੰਘ ਵਾਸੀ ਪਿੰਡ ਬੁਰਜ ਜਵਾਹਰ ਅਤੇ ਇਸੇ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਗੋਰਾ ਸਿੰਘ ਆਪਣੇ ਵਕੀਲ ਗਗਨਪ੍ਰਦੀਪ ਸਿੰਘ ਨਾਲ ਨਿੱਜੀ ਤੌਰ 'ਤੇ ਸੀਬੀਆਈ ਦੀ ਅਦਾਲਤ ਵਿੱਚ ਪੇਸ਼ ਹੋਏ ਅਤੇ ਪਿਛਲੇ ਦਿਨੀਂ ਸੀਬੀਆਈ ਵੱਲੋਂ ਬੇਅਦਬੀ ਮਾਮਲੇ ਵਿੱਚ ਦਾਇਰ ਕੀਤੀ ਕਲੋਜ਼ਰ ਰਿਪੋਰਟ ਦੀ ਕਾਪੀ ਮੁਹੱਈਆ ਕਰਵਾਉਣ ਦੀ ਮੰਗ ਕੀਤੀ। ਉਨ੍ਹਾਂ ਜੱਜ ਨੂੰ ਬੇਅਦਬੀ ਮਾਮਲਿਆਂ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ। ਵਕੀਲਾਂ ਗਗਨਪ੍ਰਦੀਪ ਸਿੰਘ ਤੇ ਨਵਦੀਪ ਸਿੰਘ ਬਿੱਟਾ ਨੇ ਦੱਸਿਆ ਕਿ ਜੱਜ ਨੇ ਉਨ੍ਹਾਂ ਨੂੰ ਕਲੋਜ਼ਰ ਰਿਪੋਰਟ ਦੇਣ ਦੀ ਅਪੀਲ ਮਨਜ਼ੂਰ ਕਰਦਿਆਂ ਹਦਾਇਤ ਕੀਤੀ ਹੈ ਕਿ ਕਾਨੂੰਨੀ ਤੌਰ 'ਤੇ ਇਹ ਅਹਿਮ ਦਸਤਾਵੇਜ਼ ਹਾਸਲ ਕਰਨ ਲਈ ਅਰਜ਼ੀ ਦਾਇਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸੀਬੀਆਈ ਵੱਲੋਂ ਅਦਾਲਤ ਵਿਚ ਦਾਇਰ ਕੀਤੀ ਗਈ ਕਲੋਜ਼ਰ ਰਿਪੋਰਟ ਵਿਚਲੇ ਵੱਖ-ਵੱਖ ਪਹਿਲੂਆਂ ਨੂੰ ਵਾਚਣ ਤੋਂ ਬਾਅਦ ਉਸ ਰਿਪੋਰਟ ਨੂੰ ਚੁਣੌਤੀ ਦੇਣ ਬਾਰੇ ਫ਼ੈਸਲਾ ਲਿਆ ਜਾਵੇਗਾ। ਵਕੀਲਾਂ ਨੇ ਦੱਸਿਆ ਕਿ ਪੰਜਾਬ ਪੁਲੀਸ ਦੀ ਸਿੱਟ ਵੱਲੋਂ ਮੁਲਜ਼ਮਾਂ ਖ਼ਿਲਾਫ਼ ਚਲਾਨ ਪੇਸ਼ ਕੀਤਾ ਜਾ ਚੁੱਕਿਆ ਹੈ ਤੇ ਇਹ ਕੇਸ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ ਪਰ ਹੁਣ ਕਲੋਜ਼ਰ ਰਿਪੋਰਟ ਪੇਸ਼ ਹੋਣ ਨਾਲ ਉਨ੍ਹਾਂ ਕੇਸਾਂ ਦੀ ਸੁਣਵਾਈ ਪ੍ਰਭਾਵਿਤ ਹੋ ਸਕਦੀ ਹੈ।

### ਕਲੋਜ਼ਰ ਰਿਪੋਰਟ ਦਾ ਪੁਲੀਸ ਜਾਂਚ 'ਤੇ ਕੋਈ ਅਸਰ ਨਹੀਂ ਪਵੇਗਾ : ਕੁੰਵਰ ਵਿਜੈ

ਉਨ੍ਹਾਂ ਕਿਹਾ ਕਿ ਸੀਬੀਆਈ ਦੀ ਇਸ ਕਾਰਵਾਈ ਨਾਲ ਪੰਜਾਬ ਪੁਲੀਸ ਦੀ ਚਾਰਜਸ਼ੀਟ ਉੱਤੇ ਕੋਈ ਮਾੜਾ ਪ੍ਰਭਾਵ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਸਿਟ ਕਾਨੂੰਨ ਮੁਤਾਬਕ ਆਪਣਾ ਕੰਮ ਕਰ ਰਹੀ ਹੈ। ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਨਾਭਾ ਜੇਲ੍ਹ ਵਿੱਚ ਬੰਦ ਡੇਰਾ ਪ੍ਰੇਮੀ ਮਹਿੰਦਰਪਾਲ ਸਿੰਘ ਬਿੱਟੂ ਦੀ ਮੌਤ ਨਾਲ ਸਿਟ ਦੀ ਕਾਰਵਾਈ ਪ੍ਰਭਾਵਿਤ ਨਹੀਂ ਹੋਵੇਗੀ।

### ਕਸ਼ਮੀਰ ਮਸਲਾ ਸੁਲਝਣ ਵਾਲਾ ਹੈ : ਰਾਜਨਾਥ ਦਾ ਦਾਅਵਾ

ਇਸੇ ਦੌਰਾਨ ਭਾਰਤੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਰਾਸ਼ਟਰਪਤੀ ਟਰੰਪ ਦੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਨੂੰ ਅਜਿਹੀ ਕੋਈ ਬੇਨਤੀ ਨਹੀਂ ਕੀਤੀ।

### ਅਮਰੀਕਾ ਵਿਚ ਇਮਰਾਨ ਦਾ ਵਿਰੋਧ-

ਅਮਰੀਕਾ ਦੇ ਤਿੰਨ ਦਿਨਾ ਦੌਰ 'ਤੇ ਪਹੁੰਚੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਆਪਣੇ ਹੀ ਦੇਸ਼ ਦੇ ਵੱਖ-ਵੱਖ ਭਾਈਚਾਰਿਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਮਰਾਨ ਨੂੰ ਇੱਕ ਪ੍ਰੋਗਰਾਮ ਵਿਚ ਭਾਸ਼ਣ ਦੌਰਾਨ ਨੌਜਵਾਨ ਬਲੋਚਾਂ ਦੇ ਇੱਕ ਸਮੂਹ ਨੇ ਪਾਕਿਸਤਾਨ ਖਿਲਾਫ਼ ਅਤੇ ਆਜ਼ਾਦ ਬਲੋਚਿਸਤਾਨ ਲਈ ਨਾਅਰੇਬਾਜ਼ੀ ਕੀਤੀ। ਇਹੀ ਨਹੀਂ, ਮੁਹਾਜਰ, ਬਲੋਚ, ਪਸ਼ਤੂਨ, ਸਿੰਧੀ, ਗਿਲਗਿਤ, ਬਾਲਟਿਸਤਾਨ ਅਤੇ ਸਰਾਇਕੀ ਭਾਈਚਾਰੇ ਦੇ ਲੋਕਾਂ ਨੇ ਵ੍ਹਾਈਟ ਹਾਊਸ ਦੇ ਸਾਹਮਣੇ ਪ੍ਰਦਰਸ਼ਨ ਕੀਤਾ। ਇਮਰਾਨ ਪਾਕਿਸਤਾਨ ਮੂਲ ਦੇ ਅਮਰੀਕੀਆਂ ਦੀ ਵਿਸ਼ਾਲ ਰੈਲੀ ਨੂੰ ਸੰਬੋਧਨ ਕਰ ਰਹੇ ਸਨ, ਜਦ ਬਲੋਚ ਨੌਜਵਾਨ ਅਚਾਨਕ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਕੇ ਨਾਅਰੇਬਾਜ਼ੀ ਕਰਨ ਲੱਗੇ।

ਪਾਕਿਸਤਾਨੀ ਸੁਰੱਖਿਆ ਬਲਾਂ ਦੁਆਰਾ ਬਲੋਚਾਂ 'ਤੇ ਕੀਤੇ ਜਾ ਰਹੇ ਕਥਿਤ ਅੱਤਿਆਚਾਰ, ਉਨ੍ਹਾਂ ਦੀ ਅਚਾਨਕ ਗੁੰਮਸ਼ੁਦਗੀ ਅਤੇ ਮਨੁੱਖੀ ਅਧਿਕਾਰ ਉਲੰਘਣਾ ਦੇ ਖਿਲਾਫ਼ ਅਮਰੀਕਾ ਵਿਚ ਰਹਿ ਰਹੇ ਬਲੋਚ ਲਗਾਤਾਰ ਆਵਾਜ਼ ਉਠਾਉਂਦੇ ਰਹੇ ਹਨ। ਪਿਛਲੇ ਦੋ ਦਿਨਾਂ ਤੋਂ ਉਹ ਮੋਬਾਇਲ ਬਿਲਬੋਰਡ ਮੁਹਿੰਮ ਚਲਾ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਪਾਕਿਸਤਾਨ ਵਿਚ ਬਲੋਚਾਂ ਨੂੰ ਗੁਪਤ ਤਰੀਕੇ ਨਾਲ ਅਗਵਾ ਕੀਤੇ ਜਾਣ ਦੀਆਂ ਘਟਨਾਵਾਂ 'ਤੇ ਲਗਾਮ ਲਾਉਣ ਵਿਚ ਮਦਦ ਕਰਨ ਦੀ ਅਪੀਲ ਕਰ ਰਹੇ ਹਨ।

### ਭਾਰਤ ਨੂੰ ਖਾਲਿਸਤਾਨ ਦਾ ਡਰ ਸਤਾਉਣ ਲੱਗਾ

ਕਰਤਾਰਪੁਰ ਸਾਹਿਬ ਲਾਂਘੇ ਲਈ ਬੀਤੇ ਦਿਨੀਂ ਵਾਹਗਾ ਵਿਖੇ ਹੋਈ ਦੁਵੱਲੀ ਬੈਠਕ ਵਿਚ ਭਾਰਤ ਨੇ ਪਾਕਿਸਤਾਨ ਨੂੰ ਇਹ ਡੋਜ਼ੀਅਰ ਸੌਂਪਿਆ, ਜਿਸ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਦੀ ਭਾਰਤੀ ਤਿਰੰਗੇ ਨੂੰ ਸਾੜਨ ਦੀ ਕਵਰ ਤਸਵੀਰ ਹੈ। ਡੋਜ਼ੀਅਰ ਵਿਚ ਸਿੱਖਸ ਫ਼ਾਰ ਜਸਟਿਸ, ਜੋ ਪਾਕਿਸਤਾਨ ਵਿਚ ਖੁੱਲ੍ਹੇਆਮ ਕੰਮ ਕਰਦਾ ਹੈ, ਸਮੇਤ ਕਈ ਖ਼ਾਲਿਸਤਾਨੀ-ਪੱਖੀ ਸੰਗਠਨਾਂ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਚਾਵਲਾ ਦੀ ਮੁੰਬਈ ਹਮਲਿਆਂ ਦੇ ਮੁੱਖ ਸਾਜਿਸ਼ਕਰਤਾ ਅਤੇ ਲਸ਼ਕਰ-ਏ-ਤਾਇਬਾ ਦੇ ਬਾਨੀ ਹਾਫ਼ਿਜ਼ ਸਈਦ ਨਾਲ ਮੁਲਾਕਾਤ ਦੀ ਵੀ ਤਸਵੀਰ ਹੈ। ਚਾਵਲਾ ਨੇ ਭਾਰਤੀ ਸੰਗਤਾਂ ਨੂੰ ਪੰਜਾਬ ਦੀ ਸ਼ਮੂਲੀਅਤ ਵਾਲੇ ਸੁਪਰੀਮ ਕੋਰਟ ਦੇ ਅੰਤਰ-ਰਾਜੀ ਪਾਣੀਆਂ ਦੇ ਸਮਝੌਤੇ ਬਾਰੇ ਫ਼ੈਸਲੇ ਖ਼ਿਲਾਫ਼ ਵਿਦਰੋਹ ਕਰਨ ਨੂੰ ਵੀ ਕਿਹਾ ਸੀ ਅਤੇ ਮੰਚ ਤੋਂ ਭਾਰਤ-ਵਿਰੋਧੀ ਨਾਅਰੇ ਵੀ ਲਗਾਏ ਸੀ। ਡੋਜ਼ੀਅਰ ਮੁਤਾਬਿਕ ਨੋਟਬੰਦੀ, ਅਣਅਧਿਕਾਰਤ 'ਸਰਬੱਤ ਖ਼ਾਲਸਾ' ਦੀ ਇਜਾਜ਼ਤ ਦੇਣ ਤੋਂ ਇਨਕਾਰ, ਪੰਜਾਬ ਦੀ ਸ਼ਮੂਲੀਅਤ ਵਾਲੇ ਅੰਤਰ-ਰਾਜੀ ਵਿਵਾਦ ਅਤੇ ਖ਼ਾਲਿਸਤਾਨ ਦੀ ਸਥਾਪਨਾ ਦੇ ਮੁੱਦਿਆਂ 'ਤੇ ਸਿੱਖ ਸ਼ਰਧਾਲੂਆਂ ਨੂੰ ਭਾਰਤੀ ਸਰਕਾਰ ਖ਼ਿਲਾਫ਼ ਭੜਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਨਵੰਬਰ 2016 ਦੀ ਯਾਤਰਾ ਦੌਰਾਨ ਜਗਰੂਪ ਸਿੰਘ ਨੇ ਨੌਜਵਾਨਾਂ ਨੂੰ ਭਾਰਤ ਵਿਚ ਖਾੜਕੂ ਹਮਲੇ ਕਰਨ ਲਈ ਭੜਕਾਇਆ। ਅਪ੍ਰੈਲ 2017 ਵਿਚ ਵਿਸਾਖੀ ਜਥੇ ਦੇ ਦੌਰੇ ਦੌਰਾਨ ਯੂ.ਕੇ. ਆਧਾਰਿਤ ਇਕ ਖ਼ਾਲਿਸਤਾਨ-ਪੱਖੀ ਮਨਮੋਹਨ ਸਿੰਘ ਬਜਾਜ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਸ਼ਰਧਾਲੂਆਂ ਨੂੰ ਸੰਬੋਧਨ ਕਰਨ ਦੀ ਇਜਾਜ਼ਤ ਦਿੱਤੀ ਗਈ, ਜਿੱਥੇ ਉਸ ਨੇ ਖ਼ਾਲਿਸਤਾਨ-ਪੱਖੀ ਨਾਅਰੇ ਲਗਾਏ। ਮੁੱਖ ਸਮਾਗਮ ਦੌਰਾਨ ਵੱਖਵਾਦੀ ਮੁਹਿੰਮ ਦੇ ਕਈ ਪੋਸਟਰਾਂ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕਰਨ ਦੀ ਇਜਾਜ਼ਤ ਦਿੱਤੀ ਗਈ ਤੇ ਖ਼ਾਲਿਸਤਾਨ ਦੇ ਨਾਅਰਿਆਂ ਵਾਲੇ ਸੰਤ ਭਿੰਡਰਾਂਵਾਲਿਆਂ ਦੇ ਪੋਸਟਰ ਵੀ ਪ੍ਰਦਰਸ਼ਿਤ ਕੀਤੇ ਗਏ। ਭਾਰਤ ਤੋਂ ਬਾਹਰ ਸਰਗਰਮ ਖ਼ਾਲਿਸਤਾਨੀ ਹਮਾਇਤੀਆਂ ਨੇ 4 ਨਵੰਬਰ 2017 ਵਿਚ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ 'ਖ਼ਾਲਿਸਤਾਨ ਸਟੇਜ' ਲਗਾਈ ਅਤੇ ਅਮਰੀਕਾ ਆਧਾਰਿਤ ਇਕ ਖ਼ਾਲਿਸਤਾਨ ਪੱਖੀ ਪ੍ਰਿਤਪਾਲ ਸਿੰਘ ਨੇ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ਵਿਚ ਮੌਜੂਦ ਸਿੱਖ ਸ਼ਰਧਾਲੂਆਂ ਨੂੰ ਖ਼ਾਲਿਸਤਾਨ ਦੇ ਨਾਮ 'ਤੇ ਭੜਕਾਇਆ। ਅਪ੍ਰੈਲ 2018 ਵਿਚ ਜਦ ਵਿਸਾਖੀ 'ਤੇ ਜਥਾ ਗਿਆ ਸੀ ਤਾਂ ਯੂਕੇ. ਆਧਾਰਿਤ ਖ਼ਾਲਿਸਤਾਨ ਹਮਾਇਤੀ ਅਵਤਾਰ ਸਿੰਘ ਸੰਘੇੜਾ ਤੇ ਅਮਰੀਕਾ ਆਧਾਰਿਤ ਖ਼ਾਲਿਸਤਾਨੀ ਸਮਰਥਕ ਪ੍ਰਿਤਪਾਲ ਸਿੰਘ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਮੁੱਖ ਸਮਾਗਮ ਵਿਚ ਮੰਚ ਤੋਂ ਖ਼ਾਲਿਸਤਾਨ ਲਈ ਮੁਹਿੰਮ ਦੀ ਇਜਾਜ਼ਤ ਦਿੱਤੀ ਗਈ। ਜੂਨ 2018 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਨਨਕਾਣਾ ਸਾਹਿਬ ਵਿਖੇ ਹੋਏ ਸਮਾਗਮ ਦੌਰਾਨ ਚਾਵਲਾ ਨੇ ਖ਼ਾਲਿਸਤਾਨ ਦੇ ਨਾਮ 'ਤੇ ਭੜਕਾਇਆ।

### ਰੋਸ ਮਾਰਚ ਕਰਦੀਆਂ ਸੰਗਤਾਂ 'ਤੇ ਪੁਲਿਸ ਲਾਠੀਚਾਰਜ

ਮੈਂਬਰਾਂ ਭਾਈ ਸੁਖਦੀਪ ਸਿੰਘ ਖੋਸਾ, ਭਾਈ ਜਸਵਿੰਦਰ ਸਿੰਘ, ਭਾਈ ਹਰਪ੍ਰੀਤ ਸਿੰਘ ਮੱਖੂ, ਮਾ. ਬਲਦੇਵ ਸਿੰਘ, ਰੁਪਿੰਦਰ ਸਿੰਘ ਪੰਜਗਰਾਈਂ, ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ ਸਿੱਖਾਂ ਨੇ ਸੀਬੀਆਈ ਦਫ਼ਤਰ ਵੱਲ ਜਾਣ ਦਾ ਯਤਨ ਕੀਤਾ ਪਰ ਯੂਟੀ ਪੁਲੀਸ ਨੇ ਪ੍ਰਦਰਸ਼ਨਕਾਰੀ ਸਿੱਖਾਂ ਨੂੰ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਬੈਰੀਕੇਡ ਲਗਾ ਕੇ ਰੋਕ ਲਿਆ।

ਸਿੱਖ ਨੁਮਾਇੰਦਿਆਂ ਨੇ ਸ਼ਾਂਤਮਈ ਢੰਗ ਨਾਲ ਰੋਸ ਮੁਜ਼ਾਹਰਾ ਕਰਦਿਆਂ ਸੀਬੀਆਈ ਦਫ਼ਤਰ ਤੱਕ ਜਾਣ ਦੇਣ ਦੀ ਮੰਗ ਕੀਤੀ ਪਰ ਯੂਟੀ ਪੁਲੀਸ ਨੇ ਉਨ੍ਹਾਂ ਦਾ ਰਾਹ ਡੱਕ ਲਿਆ ਅਤੇ ਪ੍ਰਦਰਸ਼ਨਕਾਰੀਆਂ ਨੂੰ ਚੰਡੀਗੜ੍ਹ ਦੀ ਹੱਦ ਵਿੱਚ ਦਾਖ਼ਲ ਨਾ ਹੋਣ ਦਿੱਤਾ। ਜਦੋਂ ਸਿੱਖਾਂ ਨੇ ਅੱਗੇ ਵਧਣ ਦਾ ਯਤਨ ਕੀਤਾ ਤਾਂ ਪੁਲੀਸ ਨੇ ਸੰਗਤਾਂ ਨੂੰ ਖਦੇੜਨ ਲਈ ਹਲਕਾ ਲਾਠੀਚਾਰਜ ਕੀਤਾ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਪੁਲੀਸ ਨੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ। ਪਾਣੀ ਦੀਆਂ ਬੁਛਾੜਾਂ ਕਾਰਨ ਕਈ ਸਿੱਖਾਂ ਦੀਆਂ ਪੱਗਾਂ ਲੱਥ ਗਈਆਂ ਤੇ ਕਈ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ। ਇਕ ਸਿੰਘ ਦੇ ਕੰਨ੍ਹ ਦਾ ਪਰਦਾ ਪਾਟ ਗਿਆ। ਇਸ ਤੋਂ ਬਾਅਦ ਸਿੱਖ ਸੰਗਤਾਂ ਉੱਥੇ ਹੀ ਸੜਕ 'ਤੇ ਚੱਕਾ ਜਾਮ ਕਰਕੇ ਧਰਨੇ 'ਤੇ ਬੈਠ ਗਈਆਂ।

ਇਸ ਦੌਰਾਨ ਐੱਸਪੀ ਰੈਂਕ ਦਾ ਅਧਿਕਾਰੀ ਪੰਜ ਮੈਂਬਰੀ ਕਮੇਟੀ ਦੇ ਆਗੂਆਂ ਨੂੰ ਖ਼ੁਦ ਸੀਬੀਆਈ ਦਫ਼ਤਰ ਤੱਕ ਲੈ ਕੇ ਗਿਆ। ਸੀਬੀਆਈ ਅਧਿਕਾਰੀ ਨੇ ਗੇਟ ਉੱਤੇ ਹੀ ਸਿੱਖ ਆਗੂਆਂ ਕੋਲੋਂ ਮੰਗ ਪੱਤਰ ਹਾਸਲ ਕੀਤਾ ਅਤੇ ਸੀਬੀਆਈ ਡਾਇਰੈਕਟਰ ਸਮੇਤ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰਾਲੇ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਬਾਰੇ ਜਾਣੂ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਭਾਈ ਸੁਖਦੀਪ ਸਿੰਘ ਖੋਸਾ ਤੇ ਭਾਈ ਜਸਵਿੰਦਰ ਸਿੰਘ ਨੇ ਮੰਗ ਕੀਤੀ ਕਿ ਬੇਅਦਬੀ ਲਈ ਜ਼ਿੰਮੇਵਾਰ ਡੇਰਾ ਪ੍ਰੇਮੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਕੇਸ ਖ਼ਤਮ ਕਰਨ ਲਈ ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵਿੱਚ ਦਾਇਰ ਕਲੋਜ਼ਰ ਰਿਪੋਰਟ ਤੁਰੰਤ ਵਾਪਸ ਲਈ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪ੍ਰਦਰਸ਼ਨਕਾਰੀ ਸਿੱਖਾਂ ਉੱਤੇ ਲਾਠੀਚਾਰਜ ਕਰਕੇ ਫ਼ਰੀਦਕੋਟ ਵਿੱਚ ਹੋਏ ਜਬਰ-ਜ਼ੁਲਮ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ।

### ਅਦਾਲਤ ਵੱਲੋਂ ਦਰਬਾਰਾ ਸਿੰਘ ਗੁਰੂ, ਮੁਹੰਮਦ ਇਜ਼ਹਾਰ ਆਲਮ ਅਤੇ ਅਸ਼ਵਨੀ ਕੁਮਾਰ ਸ਼ਰਮਾ ਨੂੰ ਨੋਟਿਸ ਜਾਰੀ

ਸੀਆਰਪੀਐਫ ਸਨ। ਜ਼ਿਕਰਯੋਗ ਹੈ ਕਿ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਸੀ ਕਿ ਉਹ ਸੰਨ 1986 ਦੇ ਘਿਨਾਉਣੇ ਨਕੋਦਰ ਗੋਲੀਬਾਰੀ ਕੇਸ ਵਿਚ ਚਾਰ ਸਿੱਖ ਨੌਜਵਾਨਾਂ ਦੇ ਕਤਲ ਸਬੰਧੀ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਦਾ ਭਾਗ-2 ਪਟੀਸ਼ਨਰ ਨੂੰ ਇੱਕ ਹਫਤੇ ਦੇ ਵਿੱਚ ਮੁਹੱਈਆ ਕਰਵਾਏ।

ਪਟੀਸ਼ਨਰ ਵਲੋਂ ਕਿਹਾ ਗਿਆ ਸੀ ਕਿ ਰਿਪੋਰਟ ਦਾ ਹਿੱਸਾ ਪੰਜਾਬ ਸਰਕਾਰ ਵਲੋਂ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ। ਇਸ 'ਤੇ ਹਾਈਕੋਰਟ ਨੇ ਕਿਹਾ ਕਿ ਸਰਕਾਰ ਇਸ ਮਾਮਲੇ 'ਚ ਗੰਭੀਰਤਾ ਨਹੀਂ ਵਿਖਾ ਰਹੀ ਅਤੇ ਨਾਲ ਹੀ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਕਿ ਉਹ ਰਿਪੋਰਟ ਦਾ ਸਬੰਧਤ ਭਾਗ ਪਟੀਸ਼ਨਰ ਨੂੰ ਇੱਕ ਹਫਤੇ ਦੇ ਵਿੱਚ ਮੁਹੱਈਆ ਕਰਵਾਏ। ਹਾਈਕੋਰਟ ਨੇ ਕਿਹਾ ਕਿ ਇਸ ਮਾਮਲੇ 'ਚ ਸਰਕਾਰ ਵਲੋਂ ਕੀਤੇ ਉਪਰਾਲਿਆਂ ਬਾਰੇ ਜਾਣਨਾ ਜ਼ਰੂਰੀ ਹੈ। ਪਟੀਸ਼ਨਰ ਦੇ ਵਕੀਲ ਹਰੀ ਚੰਦ ਨੇ ਬੈਂਚ ਨੂੰ ਕਿਹਾ ਸੀ ਕਿ ਉਨ੍ਹਾਂ ਨੇ ਸਰਕਾਰ ਵਲੋਂ ਰਿਪੋਰਟ ਮੰਗੀ ਹੋਈ ਹੈ ਤੇ ਰਿਪੋਰਟ ਮਿਲਣ 'ਤੇ ਹਾਈਕੋਰਟ ਵਿਚ ਪੇਸ਼ ਕੀਤੀ ਜਾ ਸਕੇਗੀ ।

ਦੱਸ ਦੇਈਏ ਕਿ 33 ਸਾਲ ਪਹਿਲਾਂ ਚਾਰ ਸਿੱਖ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਣ ਸਿੰਘ ਗੋਰਸੀਆਂ ਅਤੇ ਹਰਮਿੰਦਰ ਸਿੰਘ ਚਲੂਪਰ ਨੂੰ 4 ਫਰਵਰੀ, 1986 ਨੂੰ ਨਕੋਦਰ ਵਿਖੇ ਬਿਨਾ ਕਿਸੇ ਭੜਕਾਹਟ ਦੇ ਚਲਾਈ ਗਈ ਪੁਲਿਸ ਗੋਲੀਬਾਰੀ ਵਿੱਚ ਸ਼ਹੀਦ ਕਰ ਦਿੱਤਾ ਗਿਆ ਸੀ ਜਦ ਸੰਗਤ ਸਿੱਖ ਵਿਰੋਧੀ ਅਨਸਰਾਂ ਵਲੋਂ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੇਟ ਕੀਤੇ ਸਰੂਪਾਂ ਦੀ ਸੰਭਾਲ ਲਈ ਗੁਰਦਵਾਰਾ ਸਾਹਿਬ ਵੱਲ ਜਾ ਰਹੀ ਸੀ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

Property Sub-typeIndustrial
**Price $1,400,000**
1963 E DR MARTIN LUTHER KING JR BLVD,
STOCKTON, CA 95205
Size5.77 AC

2081 E Dr Martin Luther King Jr Blvd
8,000 SF Specialty Building
**Offered at $1,700,000**
5.5% Cap Rate in Stockton, CA

2101 East Martin Luther king
Jr Blvd,,Stockton
Truck Repair Shop
**Price 1,800,000**



Ranjit Singh
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit Singh

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM